Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 45, November 5, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਪੰਜਾਬ ਦਾ ਪ੍ਰਸ਼ਾਸਕੀ ਤਾਣਾ ਬਾਣਾ ਹਿੱਲਿਆ

**ਚੰਡੀਗੜ੍ਹ:** ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦੀ ਪੁਲਿਸ ਅਧਿਕਾਰੀਆਂ ਨਾਲ ਮਿਲੀਭੁਗਤ ਦੀਆਂ ਸਾਹਮਣੇ ਆਈਆਂ ਕੁਝ ਵੀਡੀਓਜ਼ ਅਤੇ ਤਸਵੀਰਾਂ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਉਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਨ੍ਹਾਂ ਵੀਡੀਓ ਦੇ ਸਾਹਮਣੇ ਆਉਣ ਪਿੱਛੋਂ ਇਹ ਵੀ ਕਾਫੀ ਹੱਦ ਤੱਕ ਸਾਫ ਹੋ ਗਿਆ ਹੈ ਕਿ ਜੇਲ੍ਹਾਂ ਅੰਦਰ ਨਸ਼ਾ ਤੇ ਮੋਬਾਇਲ ਫੋਨ ਕਿਵੇਂ ਪੁੱਜਦੇ ਹਨ ਅਤੇ ਅੱਗੇ ਕੈਦੀਆਂ ਨੂੰ ਕਿਸ ਤਰ੍ਹਾਂ ਸਪਲਾਈ ਹੁੰਦੀ ਹੈ।

ਇਸ ਤੋਂ ਇਲਾਵਾ ਇਕ ਵੀਡੀਓ ਸਿੱਧੂ ਮੂਸੇਵਾਲੇ ਦੇ ਕਤਲ ਕੇਸ ਵਿਚ ਨਾਮਜ਼ਦ ਗੈਂਗਸਟਰ ਦੀਪਕ ਟੀਨੂ ਨੂੰ ਪੁਲਿਸ ਹਿਰਾਸਤ ਵਿਚੋਂ ਫਰਾਰ ਕਰਵਾਉਣ ਵਾਲੇ ਮਾਨਸਾ ਸੀ.ਆਈ.ਏ. ਦੇ ਸਾਬਕਾ ਇੰਚਾਰਜ ਪ੍ਰਿਤਪਾਲ ਸਿੰਘ ਦੀ ਵੀ ਹੈ। ਇਸ ਵੀਡੀਓ ਵਿਚ ਹਾਲ ਹੀ ਵਿਚ ਗ੍ਰਿਫਤਾਰ ਕੀਤੇ ਗੈਂਗਸਟਰ ਮੋਹਿਤ ਭਾਰਦਵਾਜ ਥਾਣੇਦਾਰ ਦੀ ਚੰਡੀਗੜ੍ਹ ਦੇ ਇਕ ਨਾਈਟ ਕਲੱਬ ਵਿਚ ਸੇਵਾ-ਪਾਣੀ ਕਰ ਰਿਹਾ ਹੈ। ਥਾਣੇਦਾਰ ਨਸ਼ੇ ਵਿਚ ਝੂਮ ਰਿਹਾ ਹੈ ਤੇ ਗੈਂਗਸਟਰ ਉਸ ਦੀ ਵੀਡੀਓ ਬਣਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਫਰਾਰ ਹੋਣ ਤੋਂ ਪਹਿਲਾਂ ਜੇਲ੍ਹ ਵਿਚੋਂ ਫੋਨ ਕਰਕੇ ਟੀਨੂ ਨੇ ਥਾਣੇਦਾਰ ਨੂੰ ਖੁਸ਼ ਕਰਨ ਲਈ ਮੋਹਿਤ ਦੀ ਡਿਊਟੀ ਲਾਈ ਸੀ। ਪੁਲਿਸ ਦੀ ਮਿਲੀਭੁਗਤ ਦੀ ਇਸੇ ਤਰ੍ਹਾਂ ਦੀ ਵੀਡੀਓ ਪਿਛਲੇ ਦਿਨੀਂ ਅਟਾਰੀ ਦੇ ਪਿੰਡ ਮਾਨਾਵਾਲਾ ਦਾ ਸਰਪੰਚ ਅੰਮ੍ਰਿਤਸਰ ਜੇਲ੍ਹ ਵਿਚੋਂ ਬਣਾ ਕੇ ਲਿਆਇਆ ਸੀ। ਇਹ ਸਰਪੰਚ ਕਿਸੇ ਝਗੜੇ ਕਾਰਨ ਚਾਰ ਦਿਨ ਜੇਲ੍ਹ ਰਿਹਾ ਸੀ ਤੇ ਅੰਦਰ ਗੁਪਤ ਕੈਮਰੇ ਨਾਲ ਵੀਡੀਓ ਬਣਾ ਲਈ ਜਿਸ ਵਿਚ ਜੇਲ੍ਹ ਦੇ ਵਾਰਡਨ ਵਿਚ ਕੈਦੀ ਸ਼ਰੇਆਮ ਨਸ਼ਾ ਤੇ ਮੌਜ ਮਸਤੀ ਕਰ ਰਹੇ ਸਨ। ਸਰਪੰਚ ਦਾ ਦਾਅਵਾ ਸੀ ਕਿ ਪੁਲਿਸ ਮੁਲਾਜ਼ਮ ਬਕਾਇਦਾ ਸ਼ਾਮ ਨੂੰ ਕੈਦੀਆਂ ਨੂੰ ਪੁੱਛਦੇ ਹਨ ਕਿ 'ਅੱਜ ਕਿਹੜਾ ਨਸ਼ੇ ਪੇਸ਼ ਕੀਤਾ ਜਾਵੇ।' ਇਸ ਬਦਲੇ ਰਕਮ ਤੈਅ ਕੀਤੀ ਹੋਈ ਹੈ।



ਪਿਛਲੇ ਕੁਝ ਦਿਨਾਂ ਦੀ ਪੁਲਿਸ ਕਾਰਵਾਈ ਵੀ ਸਾਫ ਦੱਸਦੀ ਹੈ ਕਿ ਜੇਲ੍ਹਾਂ ਵਿਚ ਕੈਦੀਆਂ ਤੱਕ ਨਸ਼ਾ ਪਹੁੰਚਣ ਦਾ ਮੁੱਖ ਸਰੋਤ ਪੁਲਿਸ ਮੁਲਾਜ਼ਮ ਅਤੇ ਅਫਸਰ ਹੀ ਹਨ। ਪਟਿਆਲਾ ਜੇਲ੍ਹ ਪ੍ਰਸ਼ਾਸਨ ਵੱਲੋਂ ਨਸ਼ੀਲੇ ਪਦਾਰਥਾਂ ਸਣੇ ਇਕ ਥਾਣੇਦਾਰ ਤੇ ਜੇਲ੍ਹ ਦੇ ਦੋ ਹੋਰ ਸੁਰੱਖਿਆ ਮੁਲਾਜ਼ਮਾਂ ਨੂੰ ਕਾਬੂ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚ ਪੀ.ਏ.ਪੀ. ਦਾ ਇਕ ਏ.ਐਸ.ਆਈ. ਪਰਮਜੀਤ ਸਿੰਘ ਤੇ ਜੇਲ੍ਹ ਦੇ ਦੋ ਹੈੱਡ ਵਾਰਡਰ ਰਾਜੀਵ ਕੁਮਾਰ ਤੇ ਨਰੇਸ਼ ਕੁਮਾਰ ਸ਼ਾਮਲ ਹਨ। ਇਸ ਘਟਨਾ ਤੋਂ ਹਫਤਾ ਪਹਿਲਾਂ ਅੰਮ੍ਰਿਤਸਰ ਦੇ ਮੈਡੀਕਲ ਸੁਪਰਡੈਂਟ ਨੂੰ ਹੈਰੋਇਨ ਸਣੇ ਕਾਬੂ ਕੀਤਾ ਗਿਆ ਸੀ। ਇਸੇ ਤਰ੍ਹਾਂ ਫਰੀਦਕੋਟ ਵਿਚ ਇਕ ਏ.ਐਸ.ਪੀ, ਬਠਿੰਡਾ 'ਚ ਇਕ ਮੈਡੀਕਲ ਸੁਪਰਡੈਂਟ ਤੇ ਦੋ ਡਿਪਟੀ ਸੁਪਰਡੈਂਟਾਂ ਸਣੇ ਫਿਰੋਜ਼ਪੁਰ 'ਚ ਇਕ ਡਾਕਟਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਜੇਲ੍ਹ ਮੰਤਰੀ ਹਰਜੋਤ ਬੈਂਸ ਦਾ ਕਹਿਣਾ ਹੈ ਕਿ ਜੇਲ੍ਹ ਵਿਚ ਮੋਬਾਈਲ ਫੋਨ ਤੇ ਨਸ਼ੇ ਪਹੁੰਚਾਉਣ ਦੇ ਕੰਮ ਵਿਚ ਜੇਲ੍ਹ ਵਿਭਾਗ ਦੇ ਕੁਝ ਮੁਲਾਜ਼ਮਾਂ ਦੇ ਸ਼ਾਮਲ ਹੋਣ ਦੇ ਖ਼ਦਸ਼ੇ ਤਹਿਤ ਹੁਣ ਜੇਲ੍ਹਾਂ ਵਿਚ ਤਾਇਨਾਤ ਅਧਿਕਾਰੀਆਂ ਤੇ ਮੁਲਾਜ਼ਮਾਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ।

ਜੇਲ੍ਹ ਦੇ ਅੰਦਰ ਤੇ ਬਾਹਰ ਮਾੜੇ ਅਨਸਰਾਂ ਨਾਲ ਪੁਲਿਸ ਅਫਸਰਾਂ ਦੀ ਸਾਂਝ ਸਾਫ ਇਸ਼ਾਰਾ ਕਰਦੀ ਹੈ ਇਹ ਤਾਣਾ ਕਿਸ ਹੱਦ ਤੱਕ ਉਲਝਿਆ ਹੋਇਆ ਹੈ। ਬਦਲਾਅ ਦੇ ਨਾਂ ਉਤੇ ਪੰਜਾਬ ਦੀ ਸੱਤਾ ਸਾਂਭਣ ਵਾਲੀ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਆਏ ਸੱਤ ਮਹੀਨੇ ਪੂਰੇ ਹੋ ਗਏ ਹਨ। ਹਾਲਾਤ ਇਹ ਹਨ ਕਿ ਓਵਰਡੋਜ਼ ਕਾਰਨ ਨਿੱਤ


*(ਬਾਕੀ ਸਫਾ 6 'ਤੇ)*


## ਸਿੱਖ ਕਤਲੇਆਮ ਬਾਰੇ 'ਸੱਚਾਈ ਕਮਿਸ਼ਨ' ਕਾਇਮ ਕਰਨ ਦੀ ਮੰਗ ਉੱਠੀ

**ਨਵੀਂ ਦਿੱਲੀ:** ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਿੱਖ ਕਤਲੇਆਮ ਪਿੱਛੇ ਰਚੀ ਗਈ ਸਾਜ਼ਿਸ਼ ਦਾ ਪਤਾ ਲਾਉਣ ਲਈ 'ਸਚਾਈ ਕਮਿਸ਼ਨ' ਬਣਾ ਕੇ ਜਾਂਚ ਕੀਤੀ ਜਾਵੇ ਕਿਉਂਕਿ ਇਸ ਕਤਲੇਆਮ ਨਾਲ ਜੁੜੇ ਤੱਥ ਅਜਿਹੇ ਸੰਕੇਤ ਕਰਦੇ ਹਨ ਕਿ ਇਸ ਸਬੰਧੀ ਪਹਿਲਾਂ ਹੀ ਸਾਜ਼ਿਸ਼ ਰਚੀ ਜਾ ਚੁੱਕੀ ਸੀ।

ਵਕੀਲ ਐਚ.ਐਸ. ਫੂਲਕਾ ਨੇ ਇਸ ਸਬੰਧੀ ਜੀ.ਬੀ.ਐਸ. ਸਿੱਧੂ ਦੀ ਲਿਖੀ ਕਿਤਾਬ 'ਦਿ ਖਾਲਿਸਤਾਨ ਕੌਂਸਪਿਰੇਸੀ' ਦਾ ਹਵਾਲਾ ਵੀ ਦਿੱਤਾ। ਸ੍ਰੀ ਫੂਲਕਾ ਨੇ ਕਿਤਾਬ ਦਾ ਹਵਾਲਾ ਦੇ ਕੇ ਦੱਸਿਆ ਕਿ ਰਾਅ ਦੇ ਡਾਇਰੈਕਟਰ (ਆਰ) ਗੈਰੀ ਸਕਸੈਨਾ ਨੇ ਉਸ ਨੂੰ ਕਿਹਾ ਸੀ ਕਿ ਜੇਕਰ ਇੰਦਰਾ ਗਾਂਧੀ 'ਤੇ ਹਮਲਾ ਹੋਇਆ ਤਾਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਵੇਗਾ।

ਐਡਵੋਕੇਟ ਫੂਲਕਾ ਨੇ ਪ੍ਰੈੱਸ ਕਲੱਬ ਆਫ ਇੰਡੀਆ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਹੂ-ਬ-ਹੂ ਉਸੇ ਤਰ੍ਹਾਂ ਹੋਇਆ ਜਿਸ ਤਰ੍ਹਾਂ ਦੱਸਿਆ ਗਿਆ ਸੀ ਤੇ ਗੈਰੀ ਸਕਸੈਨਾ ਨੂੰ ਇਸ ਬਾਰੇ ਜਾਣਕਾਰੀ ਸੀ। ਉਨ੍ਹਾਂ ਆਪਣੇ ਪੱਤਰ 'ਚ ਲਿਖਿਆ ਕਿ ਹਮਲਾਵਰਾਂ ਨੇ ਪੁਲਿਸ ਦੀ ਮੌਜੂਦਗੀ 'ਚ ਪਹਿਲਾਂ ਗੁਰਦੁਆਰਿਆਂ ਤੇ ਫਿਰ ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਤੇ ਸੂਚੀਆਂ ਰਾਹੀਂ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕੀਤੀ। ਇਸ ਵਿਚ ਕਿਹਾ ਗਿਆ ਹੈ ਕਿ ਸਰਕਾਰੀ ਸ਼ਹਿ ਉਤੇ ਸਿੱਖਾਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ।

ਚੇਤੇ ਰਹੇ ਕਿ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਸੱਚਾਈ



ਕਮਿਸ਼ਨ ਬਣਾਇਆ ਸੀ ਜਿਸ ਵਿਚ ਮੁਲਕ ਵਿਚ ਸਿਆਹਫਾਮ ਲੋਕਾਂ ਨਾਲ ਹੋਈਆਂ ਵਧੀਕੀਆਂ ਸਾਹਮਣੇ ਲਿਆਂਦੀਆਂ ਗਈ ਸਨ। ਅਜਿਹਾ ਵਾਅਦਾ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਵੀ 1997 ਵਾਲੀਆਂ ਚੋਣਾਂ ਦੌਰਾਨ ਕੀਤਾ ਸੀ ਤਾਂ ਕਿ ਪੰਜਾਬ ਵਿਚ 1980ਵਿਆਂ ਦੌਰਾਨ ਝੁੱਲੀ ਨ੍ਹੇਰੀ ਬਾਰੇ ਸਹੀ ਖੁਲਾਸੇ ਹੋ ਸਕਣ ਪਰ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਇਹ ਕਮਿਸ਼ਨ ਕਾਇਮ ਹੀ ਨਾ ਕੀਤਾ।


Ad Space Available
Call at: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
Hiring Owner Operators and Drivers
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

## MAHAN KIRTAN DARBAR

Nov. 8, 2022 Time 5:30pm onwards at

# Gurdwara Sant Sagar

242-25 Braddock Ave., Bellerose NY 11426. Ph. 718-343-1030

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

# ਮਹਾਨ ਕੀਰਤਨ ਦਰਬਾਰ



ਗੁਰਪੁਰਬ ਦੇ ਸੰਬੰਧ'ਚ 31 ਅਕਤੂਬਰ ਤੋਂ 6 ਨਵੰਬਰ ਤੱਕ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸਜਣਗੇ। ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ 7 ਨਵੰਬਰ ਦਿਨ ਸੋਮਵਾਰ ਸ਼ਾਮ 5:30 ਤੋਂ ਰਾਤ 12:30 ਵਜੇ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:15 ਤੋ 12:00 ਤੱਕ ਹੋਵੇਗੀ । ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। 8 ਨਵੰਬਰ ਦਿਨ ਮੰਗਲਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ ਉਪਰੰਤ ਸਵੇਰੇ 10:30 ਤੋਂ ਦੁਪਹਿਰ 1:00 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ ਸ਼ਾਮ 05:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਜੀ ਬੱਲ੍ਹੜਵਾਲ, ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ, ਕਥਾ ਵਾਚਕ ਗਿਅਨੀ ਭੁਪਿੰਦਰ ਸਿੰਘ ਜੀ ਬੋਪਾਰਾਏ (ਦਮਦਮੀ ਟਕਸਾਲ ਵਾਲੇ) ਤੇ ਢਾਡੀ ਜਥਾ ਭਾਈ ਮੋਹਨ ਸਿੰਘ ਜੀ ਬਡਾਣਾ ਹਿੱਸਾ ਲੈਣਗੇ।

**ਨੋਟ (1) : ਖਾਸ ਤੋਰ ਤੇ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ (ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ) 31 ਅਕਤੂਬਰ ਤੋਂ 8 ਨਵੰਬਰ ਤੱਕ ਹਰ ਰੋਜ ਸ਼ਾਮ ਨੂੰ 8:00 ਵਜੇ ਤੋਂ 8:45 ਤੱਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸੰਬੰਧੀ ਕਥਾ ਕਰਣਗੇ।**

**(2) : 5 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਰੈਣ ਸਬਾਈ ਅਖੰਡ ਕੀਰਤਨੀ ਜਥੇ ਵਲੋਂ ਹੋਵੇਗੀ ।**

**ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 21 ਅਗਸਤ ਤੋ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 6 ਨਵੰਬਰ ਨੂੰ ਸਮਾਪਤ ਹੋਣਗੀਆਂ ।**

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



**LIVE**

ਨਗਰ ਕੀਰਤਨ ਤੇ ਪ੍ਰਕਾਸ਼ ਦਿਹਾੜੇ ਦੇ ਦੀਵਾਨ ਦਾ ਸਿੱਧਾ ਪ੍ਰਸਾਰਣ ਜੱਸ ਪੰਜਾਬੀ ਤੇ YouTube ਤੇ ਦੇਖ ਸਕਦੇ ਹੋ ।

Watch live Nagar Kirtan and Diwan on JUS PUNJABI & YouTube

Watch Live on JUS PUNJABI HD — Also coverage by PTC PUNJABI, PrimeAsia, BAAZ TV, GLOBAL PUNJAB

# Matrimonials

## ਲੜਕੇ ਦੀ ਲੋੜ ਹੈ

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.) 40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456 37-40

## ਲੜਕੀ ਦੀ ਲੋੜ ਹੈ

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178 44-47

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com. 42-47

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ। 43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715 41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com 41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com 41-44

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 35----

# ਸ਼੍ਰੋਮਣੀ ਕਮੇਟੀ ਨੇ ਹਰਿਆਣਾ ਸਰਕਾਰ ਦੀ ਦਖਲਅੰਦਾਜ਼ੀ ਬਾਰੇ ਕੀਤਾ ਖਬਰਦਾਰ

**ਅੰਮ੍ਰਿਤਸਰ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣਨ ਲਈ ਹਰਿਆਣਾ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੂੰ ਸ਼੍ਰੋਮਣੀ ਕਮੇਟੀ ਨੇ ਮੁੱਢੋਂ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਇਸ ਨੋਟੀਫਿਕੇਸ਼ਨ ਰਾਹੀਂ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ ਆਪਣੀ ਮਨਸ਼ਾ ਸਪਸ਼ਟ ਕਰ ਦਿੱਤੀ ਹੈ।

ਨੋਟੀਫਿਕੇਸ਼ਨ ਨਾਲ ਸ਼੍ਰੋਮਣੀ ਕਮੇਟੀ ਦਾ ਉਹ ਖਦਸ਼ਾ ਵੀ ਸੱਚ ਸਾਬਤ ਹੋਇਆ, ਜਿਸ ਬਾਰੇ ਹਰਿਆਣਾ ਦੇ ਸਿੱਖਾਂ ਨੂੰ ਸੁਚੇਤ ਕੀਤਾ ਸੀ ਕਿ ਸਰਕਾਰਾਂ ਸਿੱਖ ਧਰਮ ਵਿਚ ਦਖ਼ਲਅੰਦਾਜ਼ੀ ਕਰ ਰਹੀਆਂ ਹਨ ਤੇ ਗੁਰਧਾਮਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀਆਂ ਹਨ। ਨੋਟੀਫਿਕੇਸ਼ਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਹਰਿਆਣਾ ਕਮੇਟੀ ਦੇ ਮੈਂਬਰ ਸੰਗਤ ਵੱਲੋਂ ਨਹੀਂ ਚੁਣੇ ਜਾਣਗੇ, ਸਗੋਂ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ ਅਤੇ ਇਨ੍ਹਾਂ ਦਾ ਸਰਪ੍ਰਸਤ ਵੀ ਸਰਕਾਰ ਵੱਲੋਂ ਨਾਮਜ਼ਦ ਹੋਵੇਗਾ।

ਇਹ ਐਡਹਾਕ ਕਮੇਟੀ 18 ਮਹੀਨਿਆਂ ਲਈ ਹੋਵੇਗੀ, ਜੇਕਰ ਨਿਰਧਾਰਤ ਸਮੇਂ ਤੇ ਚੋਣ ਨਹੀਂ ਹੁੰਦੀ ਤਾਂ ਅਗਲੇ 18 ਮਹੀਨੇ ਲਈ ਮੁੜ ਸਰਕਾਰ ਵੱਲੋਂ ਹੀ ਕਮੇਟੀ ਨਾਮਜ਼ਦ ਕੀਤੀ ਜਾਵੇਗੀ। ਐਡਹਾਕ ਕਮੇਟੀ ਵਿਚ 41 ਮੈਂਬਰ ਹੋਣਗੇ। ਇੰਝ ਤਿੰਨ ਸਾਲਾਂ ਲਈ ਗੁਰਦੁਆਰਿਆਂ ਦਾ ਪ੍ਰਬੰਧ ਸਰਕਾਰ ਦੇ ਹੱਥ ਵਿਚ ਹੋਵੇਗਾ। ਕਮੇਟੀ ਦਾ ਸਰਪ੍ਰਸਤ ਨਾਮਜ਼ਦ ਕੀਤੇ ਜਾਣ ਦੀ ਪ੍ਰਕਿਰਿਆ ਬਾਰੇ ਉਨ੍ਹਾਂ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਸਿੱਖ ਧਰਮ ਵਿਚ ਸਿੱਖਾਂ ਦੀ ਸਰਪ੍ਰਸਤੀ ਗੁਰੂ ਗ੍ਰੰਥ ਸਾਹਿਬ ਜਾਂ ਅਕਾਲ ਤਖਤ ਵੱਲੋਂ ਕੀਤੀ ਜਾਂਦੀ ਹੈ।

ਉਨ੍ਹਾਂ ਹਰਿਆਣਾ ਦੇ ਸਿੱਖ ਆਗੂਆਂ ਬਲਜੀਤ ਸਿੰਘ ਦਾਦੂਵਾਲ, ਜਗਦੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ ਤੇ ਹੋਰਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਦੀ ਮਨਸ਼ਾ ਨੂੰ ਸਮਝਣ। ਜੇਕਰ ਹੁਣ ਵੀ ਨਾ ਸਮਝੇ ਤਾਂ ਬਾਅਦ ਵਿਚ ਪਛਤਾਉਣਾ ਪਵੇਗਾ ਤੇ ਬਾਅਦ ਵਿਚ ਸਰਕਾਰ ਦੇ ਅਜਿਹੇ ਫੈਸਲੇ ਖ਼ਿਲਾਫ਼ ਵੀ ਲੜਨਾ ਪਵੇਗਾ। ਉਨ੍ਹਾਂ ਹਰਿਆਣਾ ਦੇ ਸਿੱਖਾਂ ਨੂੰ ਮੁੜ ਪੇਸ਼ਕਸ਼ ਕੀਤੀ ਹੈ ਕਿ ਉਹ ਅਕਾਲ ਤਖ਼ਤ 'ਤੇ ਆਉਣ ਅਤੇ ਮਿਲ ਬੈਠ ਕੇ ਇਸ ਮਸਲੇ ਬਾਰੇ ਵਿਚਾਰ ਕੀਤਾ ਜਾਵੇ ਅਤੇ ਹੱਲ ਕੀਤਾ ਜਾਵੇ।



## ਸਿੱਖ ਵਿਰੋਧੀ ਤਾਕਤਾਂ ਵੰਡੀਆਂ ਪਾਉਣੀਆਂ ਚਾਹੁੰਦੀਆਂ ਨੇ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਸਮੇਤ ਪੰਥਕ ਸੰਸਥਾਵਾਂ ਦੀ ਰਾਖੀ ਵਾਸਤੇ ਅਕਾਲੀ ਦਲ ਦਾ ਮਾਰਗਦਰਸ਼ਨ ਕਰਨ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਸਿੱਖ ਕੌਮ ਨੂੰ ਵੰਡਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ। ਇਹ ਦੋਵੇਂ ਲੋਕਤੰਤਰੀ ਸੰਸਥਾਵਾਂ ਹਨ, ਜਿਨ੍ਹਾਂ ਦੇ ਮੁਖੀ ਜਮਹੂਰੀ ਢੰਗ ਨਾਲ ਚੁਣੇ ਜਾਂਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀਆਂ ਕੁਝ ਏਜੰਸੀਆਂ ਸਿੱਖ ਆਗੂਆਂ ਦੀ ਦੁਰਵਰਤੋਂ ਕਰਕੇ ਇਹ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਹਰਿਆਣਾ ਵਿਚ ਵੱਖਰਾ ਗੁਰਦੁਆਰਾ ਐਕਟ ਦੇ ਮਾਮਲੇ ਨੂੰ ਉਨ੍ਹਾਂ ਸਿੱਖ ਕੌਮ 'ਤੇ ਹਮਲਾ ਕਰਾਰ ਦਿੱਤਾ।


## ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ: 608-886-2500


# ਉਪ ਰਾਸ਼ਟਰਪਤੀ ਨੇ ਪਰਿਵਾਰ ਸਮੇਤ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਆਪਣੇ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਉਪ ਰਾਸ਼ਟਰਪਤੀ ਨੂੰ ਇਕ ਮੰਗ ਪੱਤਰ ਦੇ ਕੇ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਉਪ ਰਾਸ਼ਟਰਪਤੀ ਬਣਨ ਮਗਰੋਂ ਸ੍ਰੀ ਧਨਖੜ, ਉਨ੍ਹਾਂ ਦੀ ਪਤਨੀ ਡਾ. ਸੁਦੇਸ਼ ਧਨਖੜ, ਬੇਟੀ ਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਵਾਸਤੇ ਪੁੱਜੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸਖਤ ਸੁਰੱਖਿਆ ਘੇਰੇ ਹੇਠ ਉਪ ਰਾਸ਼ਟਰਪਤੀ ਨੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਕੀਤੀ ਅਤੇ ਮੱਥਾ ਟੇਕਣ ਉਪਰੰਤ ਕੁਝ ਦੇਰ ਕੀਰਤਨ ਵੀ ਸੁਣਿਆ। ਉਨ੍ਹਾਂ ਪਰਿਵਾਰ ਵੱਲੋਂ ਕੜਾਹ ਪ੍ਰਸ਼ਾਦ ਦੀ ਦੇਗ ਭੇਟ ਕੀਤੀ ਅਤੇ ਦੇਸ਼ ਹਿੱਤ ਲਈ ਅਰਦਾਸ ਵੀ ਕੀਤੀ।

ਸ੍ਰੀ ਧਨਖੜ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ 'ਚ ਪਰਿਵਾਰ ਨਾਲ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਅਤੇ ਬਾਅਦ ਵਿਚ ਜੂਠੇ ਭਾਂਡੇ ਸਾਫ ਕਰਨ ਦੀ ਸੇਵਾ ਵੀ ਕੀਤੀ। ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਨੇ ਉਪ ਰਾਸ਼ਟਰਪਤੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਅਤੇ ਧਾਰਮਿਕ ਮਹੱਤਤਾ ਤੋਂ ਜਾਣੂ ਕਰਵਾਇਆ।

# ਹਰਿਆਣਾ ਦੀ ਵੱਖਰੀ ਕਮੇਟੀ ਖਿਲਾਫ ਸੰਘਰਸ਼ ਵਿਚ ਸਹਿਯੋਗ ਦੇਵਾਂਗੇ: ਅੰਮ੍ਰਿਤਪਾਲ ਸਿੰਘ

**ਅੰਮ੍ਰਿਤਸਰ:** ਇਥੇ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਇਆ ਜਿਸ ਵਿਚ ਵੱਡੀ ਗਿਣਤੀ ਸੰਗਤ ਨੇ ਸ਼ਮੂਲੀਅਤ ਕੀਤੀ। ਅੰਮ੍ਰਿਤ ਸੰਚਾਰ ਦੌਰਾਨ ਇਕ ਹਜ਼ਾਰ ਤੋਂ ਵੱਧ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਇਸ ਮੌਕੇ ਵਾਰਿਸ ਪੰਜਾਬ ਦੀ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਮਰਥਕਾਂ ਨੇ ਵੀ ਸਮਾਗਮ ਵਿਚ ਸ਼ਮੂਲੀਅਤ ਕੀਤੀ ਤੇ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਅੰਮ੍ਰਿਤਧਾਰੀ ਬਣੇ।



ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਸਬੰਧੀ ਕਾਨੂੰਨ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿਚ ਕੋਈ ਸੰਘਰਸ਼ ਅਰੰਭਦੀ ਹੈ ਤਾਂ ਉਹ ਉਸ ਨੂੰ ਸਹਿਯੋਗ ਦੇਣਗੇ ਪਰ ਕਾਲੇ ਕੱਪੜੇ ਪਾ ਕੇ ਰੋਸ ਵਿਖਾਵੇ ਕਰਨ ਵਰਗੀ ਮੁਹਿੰਮ ਵਿਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਹੈ ਅਤੇ ਉਹ ਕਿਸੇ ਕੇਂਦਰ ਜਾਂ ਕਾਨੂੰਨ ਅਧੀਨ ਨਹੀਂ ਹੋਣੀ ਚਾਹੀਦੀ। ਪੰਜਾਬ ਬਾਰੇ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਸੂਬਾ ਗੁਲਾਮੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਗੁਲਾਮੀ ਨੂੰ ਖ਼ਤਮ ਕਰਨ ਲਈ ਨੌਜਵਾਨਾਂ ਨੂੰ ਨਿਰਭੈਅ ਬਣਾਉਣ ਵਾਸਤੇ ਅੰਮ੍ਰਿਤ ਸੰਚਾਰ ਦੀ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਹਰ ਮਹੀਨੇ ਅੰਮ੍ਰਿਤ ਸੰਚਾਰ ਲਈ ਸੱਦਾ ਦਿੱਤਾ ਗਿਆ ਹੈ। ਇਸੇ ਤਹਿਤ ਹੀ ਅਕਾਲ ਤਖ਼ਤ ਵਿਖੇ ਅੰਮ੍ਰਿਤ ਸੰਚਾਰ ਵਿਚ ਸਿੱਖ ਨੌਜਵਾਨ, ਬੀਬੀਆਂ ਅਤੇ ਬੱਚੇ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਅੰਮ੍ਰਿਤਧਾਰੀ ਬਣਾ ਕੇ ਗੁਰੂ ਵਾਲੇ ਬਣਾਉਣਾ ਕੋਈ ਅਪਰਾਧ ਨਹੀਂ ਹੈ। ਇਸ ਸਬੰਧੀ ਉਨ੍ਹਾਂ 'ਤੇ ਬੇਲੋੜੇ ਦੋਸ਼ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਅੰਮ੍ਰਿਤਧਾਰੀ ਬਣ ਕੇ ਨਸ਼ਾ ਮੁਕਤ ਹੋਣਗੇ ਜੋ ਚੰਗੀ ਗੱਲ ਹੈ।

# ਮਾਨਸਾ ਪੁਲਿਸ ਨੇ ਗੈਂਗਸਟਰ ਦੀਪਕ ਟੀਨੂ ਨੂੰ ਹਿਰਾਸਤ 'ਚ ਲਿਆ

**ਮਾਨਸਾ:** ਮਾਨਸਾ ਪੁਲਿਸ ਦੀ ਗ੍ਰਿਫਤ 'ਚੋਂ ਫਰਾਰ ਹੋਇਆ ਗੈਂਗਸਟਰ ਦੀਪਕ ਟੀਨੂ ਮੁੜ ਪੰਜਾਬ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਟੀਨੂ ਪਹਿਲੀ ਅਕਤੂਬਰ ਨੂੰ ਮਾਨਸਾ ਸੀ.ਆਈ.ਏ. ਦੇ ਬਰਖ਼ਾਸਤ ਇੰਚਾਰਜ ਪ੍ਰਿਤਪਾਲ ਸਿੰਘ ਦੀ ਗ੍ਰਿਫਤ 'ਚੋਂ ਭੇਤਭਰੇ ਢੰਗ ਨਾਲ ਫਰਾਰ ਹੋ ਗਿਆ ਸੀ। ਦਿੱਲੀ ਪੁਲਿਸ ਨੇ ਟੀਨੂ ਨੂੰ ਪਿਛਲੇ ਦਿਨੀਂ ਰਾਜਸਥਾਨ ਤੋਂ ਗ੍ਰਿਫਤਾਰ ਸੀ। ਮਾਨਸਾ ਪੁਲਿਸ ਟੀਨੂ ਦਾ ਟਰਾਂਜਿਟ ਰਿਮਾਂਡ ਲੈਣ ਲਈ ਮੁੜ ਦਿੱਲੀ ਪੁੱਜੀ ਸੀ। ਰਿਮਾਂਡ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਦੀਪਕ ਟੀਨੂ ਨੂੰ ਲੈ ਕੇ ਦਿੱਲੀ ਤੋਂ ਮਾਨਸਾ ਪੁੱਜੀ ਹੈ। ਪਹਿਲਾਂ ਵੀ ਮਾਨਸਾ ਪੁਲਿਸ ਨੇ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿਚ ਟਰਾਂਜਿਟ ਰਿਮਾਂਡ ਹਾਸਲ ਕਰਨ ਲਈ ਅਰਜੋਈ ਕੀਤੀ ਗਈ ਸੀ, ਪਰ ਉਸ ਤੋਂ ਪਹਿਲਾਂ ਹੀ ਦਿੱਲੀ ਪੁਲਿਸ ਨੇ ਅਚਾਨਕ ਉਸ ਦਾ ਤਿੰਨ ਰੋਜ਼ਾ ਰਿਮਾਂਡ ਹਾਸਲ ਕਰ ਲਿਆ। ਮਾਨਸਾ ਪੁਲਿਸ ਉਦੋਂ ਖਾਲੀ ਹੱਥ ਵਾਪਸ ਆ ਗਈ ਸੀ। ਇਕ ਪੁਲਿਸ ਅਧਿਕਾਰੀ ਨੇ ਟੀਨੂ ਦਾ ਟਰਾਂਜਿਟ ਰਿਮਾਂਡ ਮਿਲਣ



ਦੀ ਪੁਸ਼ਟੀ ਕੀਤੀ ਹੈ। ਦੀਪਕ ਟੀਨੂ, ਜਿਸ ਸੀ.ਆਈ.ਏ. ਪੁਲਿਸ ਥਾਣੇ ਤੋਂ ਭੱਜਿਆ ਸੀ, ਹੁਣ ਉਸ ਤੋਂ ਉਥੇ ਹੀ ਪੁੱਛਗਿੱਛ ਕੀਤੀ ਜਾਵੇਗੀ।


AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA. Located in INDIANAPOLIS (IN)*



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:www.punjabtimesusa.com*



ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਨਾਭਾ ਜੇਲ੍ਹ 'ਚ ਕਾਲੇ ਪੀਲੀਏ ਕਾਰਨ 300 ਤੋਂ ਵੱਧ ਕੈਦੀ ਬਿਮਾਰ

**ਨਾਭਾ:** ਨਾਭਾ ਦੀ ਜੇਲ੍ਹ 'ਚ ਵੱਡੀ ਗਿਣਤੀ ਕੈਦੀ ਹੈਪੇਟਾਈਟਿਸ (ਕਾਲੇ ਪੀਲੀਏ) ਦੀ ਲਪੇਟ ਵਿਚ ਆ ਗਏ ਹਨ। ਸੂਤਰਾਂ ਮੁਤਾਬਕ ਇਸ ਜੇਲ੍ਹ ਦੇ 300 ਕੈਦੀ ਇਸ ਰੋਗ ਤੋਂ ਪੀੜਤ ਹਨ, ਜਿਨ੍ਹਾਂ ਵਿਚੋਂ 250 ਤੋਂ ਵੱਧ ਕੈਦੀ ਹੈਪੇਟਾਈਟਿਸ ਸੀ ਤੇ ਬਾਕੀ ਹੈਪੇਟਾਈਟਿਸ ਬੀ ਵਾਇਰਸ ਤੋਂ ਪੀੜਤ ਹਨ। ਜੇਲ੍ਹ ਸੁਪਰਡੈਂਟ ਰਮਨਜੀਤ ਸਿੰਘ ਭੰਗੂ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਪਾਜ਼ੇਟਿਵ ਕੈਦੀਆਂ ਦੇ ਰੋਗ ਦੀ ਅਗਲੀ ਪੜਤਾਲ ਲਈ ਖੂਨ ਦੇ ਸੈਂਪਲ ਭੇਜੇ ਜਾ ਰਹੇ ਹਨ ਤੇ ਨਤੀਜੇ ਆਉਣ ਉਤੇ ਲੋੜੀਂਦਾ ਇਲਾਜ ਸ਼ੁਰੂ ਕੀਤਾ ਜਾਵੇਗਾ। ਇਸ ਜੇਲ੍ਹ ਵਿਚ 1100 ਦੇ ਕਰੀਬ ਕੈਦੀ ਹਨ।

# ਰਾਮ ਰਹੀਮ ਦੀ ਪੈਰੋਲ ਨੂੰ ਹਾਈਕੋਰਟ ਵਿਚ ਚੁਣੌਤੀ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਨੂੰ ਪੈਰੋਲ ਦੇਣ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਪੁੱਜ ਗਿਆ ਹੈ। ਹਾਈਕੋਰਟ ਦੇ ਸੀਨੀਅਰ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਡੇਰਾ ਮੁਖੀ ਦੀ ਪੈਰੋਲ ਰੱਦ ਕਰਨ ਸਬੰਧੀ ਹਰਿਆਣਾ ਸਰਕਾਰ ਨੂੰ ਕਾਨੂੰਨੀ ਨੋਟਿਸ ਭੇਜਣ ਤੋਂ ਬਾਅਦ ਹਾਈਕੋਰਟ ਵਿਚ ਇਸ ਸਬੰਧੀ ਪਟੀਸ਼ਨ ਦਾਖਲ ਕੀਤੀ ਗਈ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਡੇਰਾ ਮੁਖੀ ਨੂੰ ਪੈਰੋਲ ਦੇਣ ਨਾਲ ਸ਼ਾਂਤੀ ਭੰਗ ਹੋਣ ਦਾ ਖਤਰਾ ਵਧ ਗਿਆ ਹੈ। ਡੇਰਾ ਮੁਖੀ ਯੂਟਿਊਬ ਉਤੇ ਵੀਡੀਓ ਪਾ ਰਿਹਾ ਹੈ, ਜਿਸ ਨੂੰ ਡਿਲੀਟ ਕੀਤਾ ਜਾਣਾ ਚਾਹੀਦਾ ਹੈ। ਡੇਰਾ ਮੁਖੀ ਦੇ ਪੈਰੋਲ ਤੋਂ ਬਾਹਰ ਆਉਣ ਦੇ ਬਾਅਦ ਤੋਂ ਹੀ ਲਗਾਤਾਰ ਡੇਰਾ ਸਮਰਥਕਾਂ ਤੇ ਆਮ ਲੋਕਾਂ ਵਿਚਕਾਰ ਤਣਾਅ ਦਾ ਸਿਲਸਲਾ ਬਣਦਾ ਜਾ ਰਿਹਾ ਹੈ। ਹਾਈਕੋਰਟ ਵਿਚ ਜਲਦ ਇਸ ਉਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ। ਹੱਤਿਆ ਅਤੇ ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਮਾਮਲੇ ਵਿਚ ਸਜ਼ਾ ਕੱਟ ਰਹੇ ਡੇਰਾ ਮੁਖੀ ਨੂੰ ਕੁਝ ਸਮਾਂ ਪਹਿਲਾਂ ਹੀ ਪੈਰੋਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਐਡਵੋਕੇਟ ਐਚ.ਸੀ. ਅਰੋੜਾ ਨੇ ਹਰਿਆਣਾ ਸਰਕਾਰ ਨੂੰ ਕਾਨੂੰਨੀ ਨੋਟਿਸ ਜਾਰੀ ਕਰਦੇ ਹੋਏ ਕਿਹਾ ਕਿ ਡੇਰਾ ਮੁਖੀ ਬੇਹੱਦ ਗੰਭੀਰ ਅਪਰਾਧਾਂ ਦਾ ਦੋਸ਼ੀ ਹੈ ਤੇ ਇਸ ਤਰ੍ਹਾਂ ਦੇ ਅਪਰਾਧੀ ਨੂੰ ਪੈਰੋਲ ਦਾ ਲਾਭ ਨਹੀਂ ਦਿੱਤਾ ਜਾਣਾ ਚਾਹੀਦਾ ਹੈ। ਐਡਵੋਕੇਟ ਨੇ ਕਾਨੂੰਨੀ ਨੋਟਿਸ ਵਿਚ ਡੇਰਾ ਮੁਖੀ ਦੀ ਪੈਰੋਲ ਰੱਦ ਕਰਨ ਦੀ ਹਰਿਆਣਾ ਸਰਕਾਰ ਨੂੰ ਮੰਗ ਕੀਤੀ ਹੈ।

## ਘੱਟ ਗਿਣਤੀਆਂ ਦੇ ਹਿੱਤ ਸੁਰੱਖਿਅਤ ਰੱਖਣ 'ਤੇ ਜ਼ੋਰ

**ਨਵੀਂ ਦਿੱਲੀ:** ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਨਮਿਤ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਕੰਪਲੈਕਸ ਵਿਖੇ ਕਰਵਾਏ ਗਏ ਅਰਦਾਸ ਸਮਾਗਮ 'ਚ ਸ਼ਿਰਕਤ ਕੀਤੀ। ਇਹ ਸਮਾਗਮ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਦਿੱਲੀ ਇਕਾਈ ਵੱਲੋਂ ਕਰਵਾਇਆ ਗਿਆ।

ਸ੍ਰੀ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਬੀਤੇ ਦਿਨੀਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਦਿੱਲੀ ਵਿਚ ਹੋਈ ਮੀਟਿੰਗ ਦੌਰਾਨ ਕਿਹਾ ਗਿਆ ਸੀ ਕਿ ਦਹਿਸ਼ਤਗਰਦੀ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਵੱਧ ਗਿਣਤੀਆਂ ਕਤਲੇਆਮ ਤੇ ਨਸਲਕੁਸ਼ੀ ਕਰਦੀਆਂ ਹਨ। '47 ਮਗਰੋਂ ਹੁਕਮਰਾਨਾਂ ਨੇ ਮਾੜੀਆਂ ਹਰਕਤਾਂ ਕੀਤੀਆਂ। ਸੰਸਦ ਮੈਂਬਰ ਨੇ ਕਿਹਾ ਕਿ ਸਰਕਾਰੀ ਦਹਿਸ਼ਤਗਰਦੀ ਦਾ ਜਵਾਬ ਲੋਕ ਦਿੰਦੇ ਹਨ। ਉਨ੍ਹਾਂ ਘੱਟ ਗਿਣਤੀਆਂ ਦੇ ਹੱਕਾਂ ਦੀ ਗੱਲ ਵੀ ਕੀਤੀ।

# ਪਰਾਲੀ ਸੜੀ ਤਾਂ ਨੰਬਰਦਾਰਾਂ ਦੀ ਆਵੇਗੀ ਸ਼ਾਮਤ

**ਚੰਡੀਗੜ੍ਹ:** ਪੰਜਾਬ ਦੇ ਜਿਸ ਪਿੰਡ 'ਚੋਂ ਪਰਾਲੀ ਦਾ ਧੂੰਆਂ ਉਠੇਗਾ, ਉਸ ਪਿੰਡ ਦੇ ਨੰਬਰਦਾਰ ਨੂੰ ਸਰਕਾਰ ਕਟਹਿਰੇ 'ਚ ਖੜ੍ਹਾ ਕਰੇਗੀ। ਪੰਜਾਬ ਸਰਕਾਰ ਨੇ ਪਰਾਲੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਇਹ ਨਵਾਂ ਫਾਰਮੂਲਾ ਕੱਢਿਆ ਹੈ। ਜਦੋਂ ਹੁਣ ਝੋਨੇ ਦੀ ਵਾਢੀ ਆਖਰੀ ਪੜਾਅ ਉਤੇ ਹੈ ਤਾਂ ਸਰਕਾਰ ਨੇ ਪਰਾਲੀ ਪ੍ਰਦੂਸ਼ਣ ਰੋਕਣ ਦੀ ਜ਼ਿੰਮੇਵਾਰੀ ਨੰਬਰਦਾਰਾਂ ਦੇ ਸਿਰ ਪਾ ਦਿੱਤੀ ਹੈ। ਪੰਜਾਬ ਦੀ ਅਫ਼ਸਰਸ਼ਾਹੀ ਦੇ ਮਸ਼ਵਰੇ 'ਤੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਮੀਟਿੰਗ 'ਚ ਇਹ ਨਵੀਂ ਹਦਾਇਤ ਜਾਰੀ ਕੀਤੀ ਹੈ। ਮੁੱਖ ਸਕੱਤਰ ਨੇ ਮੀਟਿੰਗ ਵਿਚ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਰੋਕਣ ਲਈ ਨੰਬਰਦਾਰਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਨੰਬਰਦਾਰ ਆਪਣੇ ਪਿੰਡਾਂ ਵਿਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਪਿੰਡਾਂ ਵਿਚ ਅੱਗ ਲਾਉਣ ਦੇ ਮਾਮਲੇ ਸਾਹਮਣੇ ਆਉਂਦੇ ਹਨ, ਉਥੋਂ ਦੇ ਨੰਬਰਦਾਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਜੰਜੂਆ ਨੇ ਪਰਾਲੀ ਸਾੜੇ ਜਾਣ ਵਾਲੇ ਸੰਭਾਵਿਤ ਖੇਤਰਾਂ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਵਾਲੀਆਂ ਥਾਵਾਂ ਦੀ ਨਿੱਜੀ ਅਤੇ ਸੈਟੇਲਾਈਟ ਵੈਰੀਫਿਕੇਸ਼ਨ ਜ਼ਿਆਦਾ ਚੌਕਸੀ ਨਾਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ 27 ਅਕਤੂਬਰ 2021 ਤੱਕ ਪਰਾਲੀ ਸਾੜਨ ਵਾਲਾ ਰਕਬਾ 400.35 ਹਜ਼ਾਰ ਹੈਕਟੇਅਰ ਸੀ, ਜੋ ਕਿ 26 ਅਕਤੂਬਰ 2022 ਤੱਕ ਘੱਟ ਕੇ 295.60 ਹਜ਼ਾਰ ਹੈਕਟੇਅਰ ਰਹਿ ਗਿਆ ਹੈ। ਮੁੱਖ ਸਕੱਤਰ ਨੇ ਕਿਹਾ ਕਿ ਠੇਕੇ 'ਤੇ ਦਿੱਤੀਆਂ ਸਰਕਾਰੀ ਜ਼ਮੀਨਾਂ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਬਿਲਕੁਲ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

# ਅਦਾਲਤ ਨੇ ਗੈਂਗਸਟਰ ਦੀਪਕ ਟੀਨੂ ਨੂੰ ਪੁਲਿਸ ਰਿਮਾਂਡ 'ਤੇ ਭੇਜਿਆ

**ਮਾਨਸਾ:** ਦਿੱਲੀ ਤੋਂ ਟਰਾਂਜਿਟ ਰਿਮਾਂਡ ਉਤੇ ਲਿਆਂਦੇ ਦੀਪਕ ਟੀਨੂ ਨੂੰ ਮਾਨਸਾ ਪੁਲਿਸ ਨੇ ਇਥੋਂ ਦੇ ਸਿਵਲ ਹਸਪਤਾਲ ਵਿਖੇ ਮੈਡੀਕਲ ਮੁਆਇਨਾ ਕਰਾਉਣ ਤੋਂ ਬਾਅਦ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਥੋਂ 8 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਮਾਨਸਾ ਦੇ ਐਸ.ਐਸ.ਪੀ. ਗੌਰਵ ਤੂਰ ਨੇ ਦੱਸਿਆ ਕਿ ਹੁਣ ਉਸ ਤੋਂ ਪੁੱਛ ਪੜਤਾਲ ਕਰਨ ਤੋਂ ਬਾਅਦ 9 ਨਵੰਬਰ ਨੂੰ ਮਾਨਸਾ ਦੀ ਅਦਾਲਤ ਵਿਚ ਮੁੜ ਪੇਸ਼ ਕੀਤਾ ਜਾਵੇਗਾ। ਟੀਨੂ 1 ਅਕਤੂਬਰ ਨੂੰ ਮਾਨਸਾ ਦੇ ਸੀ.ਆਈ.ਏ. ਦੇ ਬਰਖ਼ਾਸਤ ਇੰਚਾਰਜ ਪ੍ਰਿਤਪਾਲ ਸਿੰਘ ਦੀ ਗ੍ਰਿਫਤ 'ਚੋਂ ਫਰਾਰ ਹੋ ਗਿਆ ਸੀ, ਜਿਸ ਨੂੰ ਮਗਰੋਂ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵਲੋਂ 19 ਅਕਤੂਬਰ ਨੂੰ ਰਾਜਸਥਾਨ ਦੇ ਅਜਮੇਰ ਖੇਤਰ ਚੋਂ ਕੇਕੜੀ ਤੋਂ ਫੜ ਲਿਆ ਗਿਆ ਸੀ।

## ਸੁਪਰੀਮ ਕੋਰਟ ਵੱਲੋਂ ਸੁਖਬੀਰ ਤੇ ਹੋਰਾਂ ਖਿਲਾਫ ਕਾਰਵਾਈ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਖਿਲਾਫ ਧੋਖਾਧੜੀ ਦੇ ਮਾਮਲੇ ਵਿਚ ਹੇਠਲੀ ਅਦਾਲਤ ਵਿਚ ਸੁਣਵਾਈ 'ਤੇ ਰੋਕ ਲਾ ਦਿੱਤੀ ਹੈ। ਦੋਸ਼ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਭਾਰਤੀ ਚੋਣ ਕਮਿਸ਼ਨ ਤੋਂ ਮਾਨਤਾ ਲੈਣ ਲਈ ਝੂਠਾ ਹਲਫ਼ਨਾਮਾ ਪੇਸ਼ ਕੀਤਾ ਸੀ।

## ਇੰਡੀਗੋ ਨੇ ਇੰਦੌਰ ਤੇ ਚੰਡੀਗੜ੍ਹ ਵਿਚਾਲੇ ਉਡਾਣਾਂ ਸ਼ੁਰੂ ਕੀਤੀਆਂ

**ਨਵੀਂ ਦਿੱਲੀ:** ਇੰਡੀਗੋ ਨੇ ਇੰਦੌਰ-ਚੰਡੀਗੜ੍ਹ ਵਿਚਕਾਰ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਹਨ। ਇੰਦੌਰ ਤੇ ਚੰਡੀਗੜ੍ਹ ਦੋਵੇਂ ਸਮਾਰਟ ਸ਼ਹਿਰ ਹਨ ਤੇ ਇਤਿਹਾਸਕ ਮਹੱਤਤਾ ਰੱਖਦੇ ਹਨ।

# ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਗਲਬਾ ਖਤਮ ਕਰਨ ਦਾ ਐਲਾਨ

**ਮੁੱਲਾਂਪੁਰ ਦਾਖਾ:** ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਗਲਬਾ ਖਤਮ ਕਰਨ ਲਈ ਅਕਾਲੀ ਦਲ (ਸੰਯੁਕਤ) ਕਿਸੇ ਵੀ ਮਜ਼ਬੂਤ ਉਮੀਦਵਾਰ ਦੀ ਖੁੱਲ੍ਹ ਕੇ ਮਦਦ ਕਰੇਗਾ। ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਮੁੱਖ ਬੁਲਾਰੇ ਪਰਮਿੰਦਰ ਸਿੰਘ ਢੀਂਡਸਾ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਜਸਵੰਤ ਸਿੰਘ ਪੁੜੈਣ ਤੇ ਹਰਪ੍ਰੀਤ ਸਿੰਘ ਗਰਚਾ ਨਾਲ ਵਿਚਾਰ ਚਰਚਾ ਕਰਨ ਮਗਰੋਂ ਇਥੇ ਇਹ ਐਲਾਨ ਕੀਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਲੁਧਿਆਣਾ ਜਿਲ੍ਹੇ ਦੇ ਦੋ-ਚਾਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਛੱਡ ਕੇ ਬਾਕੀ ਸਭ ਬਾਦਲਾਂ ਦੇ ਖਿਲਾਫ ਹੀ ਭੁਗਤਣਗੇ। ਭਾਜਪਾ ਵੱਲੋਂ ਗੁਜਰਾਤ ਚੋਣਾਂ ਤੋਂ ਪਹਿਲਾਂ ਸਾਂਝੇ ਸਿਵਲ ਕੋਡ ਲਈ ਕਮੇਟੀ ਗਠਿਤ ਕਰਨ ਬਾਰੇ ਕੀਤੇ ਸਵਾਲ ਦੇ ਜਵਾਬ ਵਿਚ ਸ੍ਰੀ ਢੀਂਡਸਾ ਨੇ ਕਿਹਾ ਕਿ ਇਸ ਦੇ ਕਾਨੂੰਨੀ ਤੇ ਸਿਆਸੀ ਪੱਖਾਂ 'ਤੇ ਵਿਚਾਰ ਚਰਚਾ ਤੋਂ ਬਾਅਦ ਹੀ ਪਾਰਟੀ ਆਪਣਾ ਪੱਖ ਰੱਖੇਗੀ।

ਸੀਨੀਅਰ ਆਗੂ ਸੁਖਦੇਵ ਸਿੰਘ ਚੱਕ ਕਲਾਂ ਦੇ ਘਰ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਵਿਚਾਰ-ਚਰਚਾ ਦੌਰਾਨ ਪਰਮਿੰਦਰ ਸਿੰਘ ਢੀਂਡਸਾ ਨੇ ਦਾਅਵਾ ਕੀਤਾ ਕਿ ਹਰਿਆਣਾ ਦੇ ਬਹੁਤ ਸਾਰੇ ਸਿੱਖ ਆਗੂਆਂ ਸਣੇ ਮਾਨਸਾ, ਬਰਨਾਲਾ, ਸੰਗਰੂਰ ਤੇ ਹੋਰਨਾਂ ਜਿਲ੍ਹਿਆਂ ਵਿਚ ਉਨ੍ਹਾਂ ਨੂੰ ਬਾਦਲਾਂ ਖਿਲਾਫ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਬੀਬੀ ਜਗੀਰ ਕੌਰ ਬਗਾਵਤ ਕਰ ਕੇ ਚੋਣ ਮੈਦਾਨ ਵਿਚ ਉਤਰਨਗੇ ਤਾਂ ਉਨ੍ਹਾਂ ਦੀ ਹਮਾਇਤ ਕੀਤੀ ਜਾਵੇਗੀ, ਪਰ ਜੇਕਰ ਉਹ ਬਾਦਲਾਂ ਵੱਲੋਂ ਉਮੀਦਵਾਰ ਹੋਣਗੇ ਤਾਂ ਕਿਸੇ ਹੋਰ ਮਜ਼ਬੂਤ ਉਮੀਦਵਾਰ ਨੂੰ ਮੈਦਾਨ ਵਿਚ ਉਤਾਰਿਆ ਜਾਵੇਗਾ।

## ਆਈ.ਜੀ. ਵੱਲੋਂ ਮੂਸੇਵਾਲਾ ਦੇ ਪਰਿਵਾਰ ਨਾਲ ਮੁਲਾਕਾਤ

**ਮਾਨਸਾ:** ਪੰਜਾਬ ਸਰਕਾਰ ਵੱਲੋਂ ਆਈ.ਜੀ. ਜਸਕਰਨ ਸਿੰਘ ਨੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਕੀਤੀ ਤੇ ਗਾਇਕ ਦੇ ਕਤਲ ਕੇਸ 'ਚ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਹਰ ਤਰ੍ਹਾਂ ਦਾ ਭਰੋਸਾ ਦਿੱਤਾ।

ਇਸ ਬਾਰੇ ਪੁਸ਼ਟੀ ਕਰਦਿਆਂ ਸਿੱਧੂ ਮੂਸੇਵਾਲਾ ਦੇ ਪਿਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਅਧਿਕਾਰੀ ਵੱਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਤਸੱਲੀ ਦਿਵਾਉਣ ਦਾ ਉਪਰਾਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਡੀ.ਜੀ.ਪੀ. ਨਾਲ ਵੀ ਗੱਲ ਕਰਵਾਉਣ ਦਾ ਜ਼ਿਕਰ ਕੀਤਾ ਗਿਆ, ਪਰ ਗੱਲ ਹੋ ਨਹੀਂ ਸਕੀ।

ਯਾਦ ਰਹੇ ਕਿ ਮੂਸੇਵਾਲਾ ਕਤਲ ਕੇਸ ਦੀ ਜਾਂਚ ਲਈ ਬਣੀ ਸਿਟ ਦੇ ਚੇਅਰਮੈਨ ਆਈ.ਜੀ. ਜਸਕਰਨ ਸਿੰਘ ਨੇ ਲਗਭਗ 6 ਘੰਟੇ ਉਨ੍ਹਾਂ ਦੇ ਘਰ ਬਿਤਾਏ।

# ਪੰਜਾਬ ਦਾ ਪ੍ਰਸ਼ਾਸਕੀ ਤਾਣਾ-ਬਾਣਾ ਹਿੱਲਿਆ

*(ਪਹਿਲੇ ਸਫੇ ਦੀ ਬਾਕੀ)*

ਦਿਨ 2 ਤੋਂ 3 ਨੌਜਵਾਨਾਂ ਦੀ ਮੌਤ ਦੀਆਂ ਖਬਰਾਂ ਆ ਰਹੀਆਂ ਹਨ। ਅੰਮ੍ਰਿਤਸਰ ਵਿਚ ਦੋ ਸਕੇ ਭਰਾਂ ਦੀ ਮੌਤ ਵੀ ਸਰਕਾਰ ਉਤੇ ਸਵਾਲ ਖੜ੍ਹੇ ਕਰ ਗਈ।

ਅੰਕੜੇ ਦੱਸਦੇ ਹਨ ਕਿ ਆਮ ਆਦਮੀ ਪਾਰਟੀ ਦੀ ਸੱਤਾ ਦੌਰਾਨ ਹੀ ਤਕਰੀਬਨ 100 ਤੋਂ ਵੱਧ ਨੌਜਵਾਨ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿਚ ਚਲੇ ਗਏ। ਸਵਾਲ ਇਹ ਹੈ ਕਿ ਪੰਜਾਬ ਪੁਲਿਸ ਦੇ ਇਸ 'ਵੱਡੀ ਕਾਰਵਾਈ' ਦੇ ਦਾਅਵਿਆਂ ਦੇ ਬਾਵਜੂਦ ਸੂਬੇ ਵਿਚ ਨਸ਼ਿਆਂ ਦੀ ਆਮਦ ਉਸੇ ਤਰ੍ਹਾਂ ਜਾਰੀ ਹੈ ਤੇ ਓਵਰਡੋਜ਼ ਨਾਲ ਮੌਤਾਂ ਦਾ ਸਿਲਸਿਲਾ ਵੀ ਤੇਜ਼ ਹੋ ਗਿਆ ਹੈ। ਦਰਅਸਲ, ਪਿਛਲੀ ਕਾਂਗਰਸ ਸਰਕਾਰ ਬਣਨ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ 4 ਮਹੀਨਿਆਂ ਵਿਚ ਨਸ਼ਾ ਖਤਮ ਕਰ ਦਿੱਤਾ ਜਾਵੇਗਾ, ਸਰਕਾਰ ਬਣਨ ਪਿੱਛੋਂ ਜਦੋਂ ਵੀ ਉਨ੍ਹਾਂ ਨੂੰ ਸਵਾਲ ਕੀਤਾ ਜਾਂਦਾ ਸੀ ਤਾਂ ਉਹ ਜਵਾਬ ਵਿਚ ਜੇਲ੍ਹਾਂ ਵਿਚ ਫੜ-ਫੜ ਡੱਕੇ ਨਸ਼ੇੜੀਆਂ ਦੇ ਅੰਕੜੇ ਪੇਸ਼ ਕਰ ਦਿੰਦੇ ਸਨ। ਹੁਣ ਇਹੀ ਹਾਲ ਮਾਨ ਸਰਕਾਰ ਦਾ ਹੈ।

ਪੰਜਾਬ ਪੁਲਿਸ ਨੇ ਇਸੇ ਹਫਤੇ ਦਾਅਵਾ ਕੀਤਾ ਹੈ ਕਿ ਪਿਛਲੇ ਚਾਰ ਮਹੀਨਿਆਂ ਦੌਰਾਨ ਵਿਭਾਗ ਵੱਲੋਂ ਨਸ਼ਾ ਤਸਕਰੀ ਦੇ ਦੋਸ਼ ਹੇਠ ਕੁੱਲ 6997 ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ 1097 ਮੁਲਜ਼ਮ ਰਸੂਖਵਾਨ ਸਨ। ਇਸ ਸਮੇਂ ਦੌਰਾਨ ਪੁਲਿਸ ਵੱਲੋਂ 580 ਵਪਾਰਕ ਮਾਮਲਿਆਂ ਸਣੇ ਕੁੱਲ 5346 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਪੁਲਿਸ ਟੀਮਾਂ ਨੇ ਸੂਬੇ ਭਰ ਦੀਆਂ ਸੰਵੇਦਨਸ਼ੀਲ ਥਾਵਾਂ ਤੇ ਨਸ਼ਾ ਪ੍ਰਭਾਵਿਤ ਇਲਾਕਿਆਂ ਵਿਚ ਨਾਕੇ ਲਾਉਣ ਦੀ ਅਤੇ ਤਲਾਸ਼ੀ ਮੁਹਿੰਮ ਚਲਾ ਕੇ 259.7 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਪੰਜਾਬ ਵਿਚ ਇਨ੍ਹੀਂ ਦਿਨੀਂ ਲਾਕਾਨੂੰਨੀ, ਨਸ਼ੇ ਤੇ ਗੈਂਗਸਟਰਾਂ ਦਾ ਬੋਲਬਾਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਕ ਪਾਸੇ ਪੰਜਾਬ ਪੁਲਿਸ ਹਰ ਚੜ੍ਹਦੇ ਮਹੀਨੇ ਨਸ਼ਾ ਤਸਕਰਾਂ ਤੇ ਗੈਂਗਸਟਰਾਂ ਖਿਲਾਫ ਕਾਰਵਾਈ ਦੀ ਆਪਣੀ ਰਿਪੋਰਟ ਜਾਰੀ ਕਰਕੇ ਆਪੇ ਆਪਣੀ ਪਿੱਠ ਥਾਪੜ ਲੈਂਦੀ ਤੇ ਅਗਲੇ ਦਿਨ ਕਿਸੇ ਪਿੰਡ ਵਿਚੋਂ 'ਚਿੱਟਾ ਇਥੋਂ ਮਿਲਦਾ ਹੈ', ਦੇ ਬੋਰਡ ਲੱਗੇ ਦਿੱਸ ਜਾਂਦੇ ਹਨ। ਆਪ ਸਰਕਾਰ ਨੂੰ ਸਵਾਲ ਇਹੀ ਕੀਤੇ ਜਾ ਰਹੇ ਹਨ ਕਿ ਜੇਕਰ ਇੰਨੀ ਵੱਡੀ ਕਾਰਵਾਈ ਦੇ ਦਾਅਵੇ ਕੀਤੇ ਜਾ ਰਹੇ ਹਨ ਤਾਂ ਸੱਤ ਮਹੀਨਿਆਂ ਦੀ ਸੱਤਾ ਦੇ ਬਾਅਦ ਵੀ ਹਾਲਾਤ ਸੁਧਰਨ ਦੀ ਬਜਾਏ ਵਿਗੜ ਕਿਵੇਂ ਰਹੇ ਹਨ?

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

## ਸਫਰ ਜਾਰੀ ਹੈ...23ਵੇਂ ਸਾਲ 'ਚ (ਪਹਿਲੀ ਜਨਵਰੀ 2000-2022)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

## ਸਮੂਹ ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

**ਆਓ! ਅਸੀਂ ਗੁਰੂ ਨਾਨਕ ਦੇਵ ਜੀ ਨੂੰ ਤਸਵੀਰਾਂ ਦੀ ਥਾਂ ਉਨ੍ਹਾਂ ਦੀ ਬਾਣੀ ਵਿਚੋਂ ਦੇਖਣ ਦੀ ਕੋਸ਼ਿਸ਼ ਕਰੀਏ, ਤਸਵੀਰ ਕਿਸੇ ਦੀ ਕਲਪਨਾ ਹੈ, ਬਾਣੀ ਉਨ੍ਹਾਂ ਦੀ ਆਪਣੀ ਹੈ**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਅਮੋਲਕ ਸਿੰਘ ਗਾਖਲ | ਜਸਬੀਰ ਕੌਰ ਢਿਲੋਂ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਸੇਵਾ ਸਿੰਘ ਨੂਰਪੁਰੀ | ਵਰਿਆਮ ਸਿੰਘ ਸੰਧੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਪ੍ਰਿੰ.ਸਰਵਣ ਸਿੰਘ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Ph: 847-359-0746

**Published simultaneously from Chicago, California & New York.**

*e-mail: punjabtimes1@sbcglobal.net, website: www.punjabtimesusa.com*

# ਭਗਵੰਤ ਮਾਨ 'ਤੇ ਚੋਣ ਪ੍ਰਚਾਰ ਲਈ ਸਰਕਾਰੀ ਹੈਲੀਕਾਪਟਰ ਵਰਤਣ ਦੇ ਦੋਸ਼ ਲੱਗੇ

**ਸਰਦੂਲਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਦੇ ਜ਼ਿਲ੍ਹਾ ਹਿਸਾਰ ਦੇ ਵਿਧਾਨ ਸਭਾ ਹਲਕਾ ਆਦਮਪੁਰ ਵਿਚ ਜ਼ਿਮਨੀ ਚੋਣ ਲਈ ਪ੍ਰਚਾਰ ਕਰਨ ਪੁੱਜੇ। ਉਨ੍ਹਾਂ ਦਾ ਹੈਲੀਕਾਪਟਰ ਹਲਕਾ ਸਰਦੂਲਗੜ੍ਹ ਦੇ ਪਿੰਡ ਕਰੰਡੀ ਵਿਚ ਉਤਾਰਿਆ ਗਿਆ।

ਇਸ ਤੋਂ ਬਾਅਦ ਮੁੱਖ ਮੰਤਰੀ ਪਿੰਡ ਕਰੰਡੀ ਤੋਂ ਸੜਕੀ ਰਸਤੇ ਰਾਹੀਂ ਆਦਮਪੁਰ ਪਹੁੰਚੇ। ਦੂਜੇ ਪਾਸੇ ਪਿੰਡਾਂ ਵਿਚ ਚਰਚਾ ਚਲਦੀ ਰਹੀ ਕਿ ਮੁੱਖ ਮੰਤਰੀ ਵੱਲੋਂ ਚੋਣ ਖਰਚਾ ਬਚਾਉਣ ਲਈ ਆਪਣਾ ਹੈਲੀਕਾਪਟਰ ਪੰਜਾਬ ਦੇ ਪਿੰਡ ਕਰੰਡੀ ਵਿਚ ਉਤਾਰਿਆ ਗਿਆ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਦਾ ਮਾਨਸਾ ਜ਼ਿਲ੍ਹੇ ਵਿਚ ਦੌਰੇ ਦਾ ਪ੍ਰੋਗਰਾਮ ਬਣਾਇਆ ਗਿਆ ਸੀ। ਸਰਕਾਰੀ ਪ੍ਰੋਗਰਾਮ ਅਨੁਸਾਰ ਮੁੱਖ ਮੰਤਰੀ ਦਾ ਹੈਲੀਕਾਪਟਰ ਰਾਜਿੰਦਰ ਪਾਰਕ ਤੇ ਸਪੋਰਟਸ ਸਟੇਡੀਅਮ ਪਿੰਡ ਕਰੰਡੀ ਵਿਚ ਉਤਰਨਾ ਸੀ ਤੇ ਪਿੰਡ ਸੰਘਾ ਵਿਚ ਲੋਕਲ ਮੀਟਿੰਗ ਰੱਖੀ ਗਈ ਸੀ ਪਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿੰਡ ਸੰਘਾ ਵਿਚ ਕੋਈ ਵੀ ਲੋਕ ਮਿਲਣੀ ਨਹੀਂ ਕੀਤੀ ਗਈ। ਇਸ ਮੌਕੇ



ਕਾਂਗਰਸੀ ਆਗੂਆਂ ਨੇ ਕਿਹਾ ਕਿ ਇਸ ਹੈਲੀਕਾਪਟਰ ਜਰੀਏ ਪੰਜਾਬ ਵਿਚ ਉਤਰ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਪਰਿਸ਼ਦ ਮਾਨਸਾ ਦੇ ਚੇਅਰਮੈਨ ਤੇ ਹਲਕਾ ਸਰਦੂਲਗੜ੍ਹ ਤੋਂ ਕਾਂਗਰਸ ਪਾਰਟੀ ਦੀ ਟਿਕਟ ਤੋਂ ਚੋਣ ਲੜ ਚੁੱਕੇ ਬਿਕਰਮ ਮੋਫਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਪਾਰਟੀ ਦੇ ਚੋਣ ਪ੍ਰਚਾਰ ਲਈ ਵਰਤ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਦੌਰੇ ਨੂੰ ਸਰਕਾਰੀ ਦੌਰਾ ਦਿਖਾਇਆ ਗਿਆ ਤਾਂ ਕਿ ਪਾਰਟੀ ਦੇ ਉਮੀਦਵਾਰ ਦੇ ਖਰਚੇ ਵਿਚ ਇਸ ਹੈਲੀਕਾਪਟਰ ਦਾ ਖਰਚਾ ਨਾ ਜੁੜੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕਰੰਡੀ ਵਿਚ ਹੈਲੀਕਾਪਟਰ ਤੋਂ ਉਤਰ ਕੇ ਸੜਕ ਰਸਤੇ ਰਾਹੀਂ ਆਦਮਪੁਰ ਪੁੱਜੇ ਤਾਂ ਕਿ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕੇ।

# ਅਖਤਿਆਰੀ ਕੋਟੇ ਦੇ ਫੰਡ ਖਰਚਣ ਨੂੰ ਤਰਸੇ ਪੰਜਾਬ ਦੇ ਵਜ਼ੀਰ

**ਚੰਡੀਗੜ੍ਹ:** ਮੁੱਖ ਮੰਤਰੀ ਤੇ ਵਜ਼ੀਰਾਂ ਨੇ ਹਾਲੇ ਤੱਕ ਅਖ਼ਤਿਆਰੀ ਕੋਟੇ ਦੇ ਫੰਡਾਂ ਨੂੰ ਵੰਡਣ ਦਾ ਕੰਮ ਸ਼ੁਰੂ ਨਹੀਂ ਕੀਤਾ ਹੈ ਜਦੋਂਕਿ ਚਲੰਤ ਮਾਲੀ ਵਰ੍ਹੇ ਦੇ ਸਿਰਫ ਪੰਜ ਮਹੀਨੇ ਬਾਕੀ ਬਚੇ ਹਨ। ਜੇਕਰ ਫੰਡਾਂ ਨੂੰ ਵੰਡਣ 'ਚ ਇੰਜ ਹੀ ਢਿੱਲ-ਮੱਠ ਰਹੀ ਤਾਂ ਇਹ ਲੈਪਸ ਹੋ ਜਾਣਗੇ। ਪੰਜਾਬ ਸਰਕਾਰ ਵੱਲੋਂ ਅਖ਼ਤਿਆਰੀ ਕੋਟੇ ਦੇ ਫੰਡਾਂ 'ਚੋਂ ਕੋਈ ਐਲਾਨ ਨਹੀਂ ਕੀਤਾ ਜਾ ਰਿਹਾ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਵੱਲੋਂ ਅਖ਼ਤਿਆਰੀ ਕੋਟੇ ਦੇ ਫੰਡਾਂ ਲਈ ਹਰ ਵਰ੍ਹੇ ਬਣਨ ਵਾਲੀ ਨਵੀਂ ਪਾਲਿਸੀ ਨੂੰ ਮੁੱਖ ਮੰਤਰੀ ਕੋਲ ਭੇਜਣ ਵਿਚ ਦੇਰੀ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਨੂੰ 23 ਅਕਤੂਬਰ ਨੂੰ ਇਹ ਪਾਲਿਸੀ ਪ੍ਰਵਾਨਗੀ ਲਈ ਭੇਜੀ ਗਈ ਹੈ। ਆਮ ਤੌਰ 'ਤੇ ਸਰਕਾਰਾਂ ਮਾਲੀ ਵਰ੍ਹੇ ਦੇ ਅੱਧ ਤੱਕ ਅਖ਼ਤਿਆਰੀ ਕੋਟੇ ਦੇ 60 ਤੋਂ 70 ਫ਼ੀਸਦੀ ਫੰਡ ਵੰਡ ਦਿੰਦੀਆਂ ਹਨ। ਨਿਯਮਾਂ ਅਨੁਸਾਰ ਮੁੱਖ ਮੰਤਰੀ ਨੂੰ ਸਾਲਾਨਾ ਦਸ ਕਰੋੜ ਅਤੇ ਹਰ ਮੰਤਰੀ ਨੂੰ ਸਾਲਾਨਾ ਤਿੰਨ ਕਰੋੜ ਰੁਪਏ ਅਖ਼ਤਿਆਰੀ ਕੋਟੇ ਦੀ ਗਰਾਂਟ ਮਿਲਦੀ ਹੈ।

ਕੈਬਨਿਟ ਮੰਤਰੀ ਪਿੰਡਾਂ ਤੇ ਸ਼ਹਿਰਾਂ ਵਿਚ ਸਮਾਗਮਾਂ 'ਤੇ ਜਾਂਦੇ ਹਨ ਤੇ ਮੇਜ਼ਬਾਨਾਂ ਵੱਲੋਂ ਫੰਡਾਂ ਲਈ ਮੰਗ ਪੱਤਰ ਵੀ ਪੜ੍ਹੇ ਜਾਂਦੇ ਹਨ ਪ੍ਰੰਤੂ ਸਾਰੇ ਮੰਤਰੀ ਕੁਝ ਐਲਾਨ ਕੀਤੇ ਬਿਨਾਂ ਹੀ ਵਾਪਸ ਪਰਤ ਆਉਂਦੇ ਹਨ। ਹੋਰ ਤਾਂ ਹੋਰ, ਕਾਂਗਰਸੀ ਵਜ਼ੀਰਾਂ ਵੱਲੋਂ ਆਪਣੀ ਹਕੂਮਤ ਦੇ ਅਖੀਰ ਵਿਚ ਜੋ ਅਖ਼ਤਿਆਰੀ ਕੋਟੇ ਦੇ ਫੰਡ ਜਾਰੀ ਕੀਤੇ ਗਏ ਸਨ,



ਉਨ੍ਹਾਂ 'ਤੇ ਨਵੀਂ ਸਰਕਾਰ ਨੇ ਉਂਗਲ ਉਠਾ ਦਿੱਤੀ ਸੀ। 'ਆਪ' ਸਰਕਾਰ ਨੇ 22 ਮਾਰਚ ਨੂੰ ਹੁਕਮ ਜਾਰੀ ਕਰਕੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਗਿਆਰਾਂ ਤਰ੍ਹਾਂ ਦੇ ਫੰਡਾਂ ਦੀ ਵਰਤੋਂ 'ਤੇ ਰੋਕ ਲਗਾ ਦਿੱਤੀ ਸੀ। ਇਹ ਰੋਕ ਅਗਸਤ ਮਹੀਨੇ 'ਚ ਹਟਾ ਲਈ ਗਈ ਹੈ। ਪੰਚਾਇਤਾਂ ਨੂੰ ਸਿਰਫ 15ਵੇਂ ਵਿੱਤ ਕਮਿਸ਼ਨ ਦੇ ਫੰਡ ਹੀ ਮਿਲ ਰਹੇ ਹਨ ਜਦਕਿ ਸਰਕਾਰ ਨੇ ਹੱਥ ਘੁੱਟ ਕੇ ਹੀ ਰੱਖਿਆ ਹੋਇਆ ਹੈ।

'ਆਪ' ਦੇ ਰਾਜ ਸਭਾ ਮੈਂਬਰਾਂ ਨੂੰ ਸੰਸਦੀ ਕੋਟੇ ਦੇ ਫੰਡਾਂ ਦੀ ਪਹਿਲੀ ਕਿਸ਼ਤ ਪ੍ਰਤੀ ਮੈਂਬਰ ਢਾਈ ਕਰੋੜ ਰੁਪਏ ਕੇਂਦਰ ਸਰਕਾਰ ਨੇ ਜਾਰੀ ਕਰ ਦਿੱਤੀ ਹੈ ਪਰ ਇਨ੍ਹਾਂ ਮੈਂਬਰਾਂ ਕੋਲ ਹਾਲੇ ਤੱਕ ਫੰਡ ਵੰਡਣ ਦੀ ਵਿਹਲ ਹੀ ਨਹੀਂ ਹੈ। ਪੰਜਾਬ 'ਚੋਂ 'ਆਪ' ਦੇ ਪੰਜ ਰਾਜ ਸਭਾ ਮੈਂਬਰ 10 ਅਪਰੈਲ ਨੂੰ ਚੁਣੇ ਗਏ ਸਨ ਜਿਨ੍ਹਾਂ ਨੂੰ ਢਾਈ-ਢਾਈ ਕਰੋੜ ਰੁਪਏ ਦੇ ਫੰਡ ਮਿਲ ਵੀ ਗਏ ਹਨ।

# ਸਿੱਖ ਬੰਦੀਆਂ ਬਾਰੇ ਕੇਂਦਰ ਸਰਕਾਰ ਦੇ ਦੋਹਰੇ ਮਾਪਦੰਡ: ਸਿਮਰਨਜੀਤ

**ਮੁਕੇਰੀਆਂ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਸਿੱਖ ਬੰਦੀਆਂ ਦੀ ਰਿਹਾਈ ਬਾਰੇ ਦੋਹਰੇ ਮਾਪਦੰਡ ਅਪਣਾ ਰਹੀ ਹੈ।

ਇਕ ਪਾਸੇ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦੇ ਮਾਮਲੇ ਵਿਚ ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦਾ ਬਹਾਨਾ ਲਗਾਇਆ ਜਾ ਰਿਹਾ ਹੈ ਤੇ ਦੂਜੇ ਪਾਸੇ ਸਰਹੱਦੀ ਸੂਬੇ ਗੁਜਰਾਤ 'ਚ ਗੋਧਰਾ ਕਤਲੇਆਮ ਦੇ ਦੋਸ਼ੀਆਂ ਅਤੇ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਨੂੰ ਰਿਹਾਅ ਕਰਕੇ ਹਿੰਦੂ ਪੱਖੀ ਅਤੇ ਸਿੱਖ ਵਿਰੋਧੀ ਹੋਣ ਦਾ ਸਬੂਤ ਦਿੱਤਾ ਗਿਆ ਹੈ। ਉਨ੍ਹਾਂ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣ ਦਾ ਵੀ ਵਿਰੋਧ ਕੀਤਾ। ਇਕ ਸਵਾਲ ਦੇ ਜਵਾਬ ਵਿਚ ਸ੍ਰੀ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿਮਾਚਲ ਪ੍ਰਦੇਸ਼ ਦੀ ਇਕੋ ਇਕ ਸੀਟ 'ਤੇ ਪਾਰਟੀ ਆਪਣਾ ਉਮੀਦਵਾਰ ਉਤਾਰੇਗੀ। ਖੁਦ 'ਤੇ ਜੰਮੂ ਕਸ਼ਮੀਰ ਵਿਚ ਜਾਣ ਤੋਂ ਲਗਾਈ ਰੋਕ ਨੂੰ ਸਰਕਾਰ ਦਾ ਤਾਨਾਸ਼ਾਹੀ ਕਦਮ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਕਸ਼ਮੀਰ ਭਾਰਤ ਦਾ ਹਿੱਸਾ ਹੈ, ਉਹ ਜੰਮੂ ਕਸ਼ਮੀਰ ਅੰਦਰ ਜਾਂਦੇ ਰਹਿਣਗੇ। ਉਨ੍ਹਾਂ



ਕਿਹਾ ਕਿ ਕਸ਼ਮੀਰ ਸਿੱਖ ਰਾਜ ਸਮੇਂ ਤੋਂ ਸਾਡਾ ਹਿੱਸਾ ਰਿਹਾ ਹੈ ਤੇ ਸਰਕਾਰ ਕਿਸੇ ਲੋਕ ਸਭਾ ਮੈਂਬਰ ਨੂੰ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਜਾਣ ਤੋਂ ਨਹੀਂ ਰੋਕ ਸਕਦੀ।

# ਸੰਦੀਪ ਧਾਲੀਵਾਲ ਦੇ ਕਾਤਲ ਨੂੰ ਮੌਤ ਦੀ ਸਜ਼ਾ ਮਿਲੀ

**ਹਿਊਸਟਨ:** ਅਮਰੀਕਾ ਦੇ ਟੈਕਸਸ 'ਚ ਪਹਿਲੇ ਦਸਤਾਰਧਾਰੀ ਭਾਰਤੀ-ਅਮਰੀਕੀ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ (42) ਦੀ ਹੱਤਿਆ ਦੇ ਦੋਸ਼ੀ ਰੌਬਰਟ ਸੋਲਿਸ ਨੂੰ ਸ਼ਜਾ-ਏ-ਮੌਤ ਸੁਣਾਈ ਗਈ ਹੈ। ਧਾਲੀਵਾਲ ਨੂੰ 27 ਸਤੰਬਰ, 2019 'ਚ ਇਕ ਨਾਕੇ ਦੌਰਾਨ ਸੋਲਿਸ ਨੇ ਗੋਲੀਆਂ ਮਾਰ ਦਿੱਤੀਆਂ ਸਨ।

ਨਾਗਰਿਕਾਂ 'ਤੇ ਆਧਾਰਿਤ ਜਿਊਰੀ ਨੇ ਜਦੋਂ ਸੋਲਿਸ ਨੂੰ ਮੌਤ ਦੀ ਸਜਾ ਸੁਣਾਈ ਤਾਂ ਉਸ ਨੇ ਕੋਈ ਪ੍ਰਤੀਕਰਮ ਨਹੀਂ ਦਿੱਤਾ। ਮੌਤ ਦੀ ਸਜਾ ਦੀ ਸਿਫਾਰਸ਼ ਕਰਨ ਤੋਂ ਪਹਿਲਾਂ ਜਿਊਰੀ ਮੈਂਬਰਾਂ ਨੇ ਸਿਰਫ 35 ਮਿੰਟ ਤੱਕ ਵਿਚਾਰ ਵਟਾਂਦਰਾ ਕੀਤਾ। ਹੈਰਿਸ ਕਾਊਂਟੀ ਦੇ ਸ਼ੈਰਿਫ ਐਡ ਗੌਂਜਾਲੇਜ ਨੇ ਟਵਿੱਟਰ 'ਤੇ ਜਿਊਰੀ ਮੈਂਬਰਾਂ ਵੱਲੋਂ ਸੁਣਾਏ ਫੈਸਲੇ ਦੀ ਜਾਣਕਾਰੀ ਦਿੰਦਿਆਂ ਕਿਹਾ,"ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਧਾਲੀਵਾਲ ਨੂੰ ਇਨਸਾਫ ਮਿਲ ਗਿਆ ਹੈ।" ਸੋਲਿਸ (50) ਨੂੰ ਹਿਊਸਟਨ ਦੀ ਹੈਰਿਸ ਕਾਊਂਟੀ ਦੀ ਅਪਰਾਧਿਕ ਅਦਾਲਤ ਨੇ ਧਾਲੀਵਾਲ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਹੈ।



ਧਾਲੀਵਾਲ ਉਸ ਸਮੇਂ ਸੁਰਖੀਆਂ 'ਚ ਆਇਆ ਸੀ ਜਦੋਂ ਉਨ੍ਹਾਂ ਨੂੰ ਨੌਕਰੀ ਦੌਰਾਨ ਦਾੜ੍ਹੀ ਰੱਖਣ ਤੇ ਦਸਤਾਰ ਪਹਿਨਣ ਦੀ ਇਜਾਜ਼ਤ ਦਿੱਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰ-ਪੱਛਮੀ ਹਿਊਸਟਨ 'ਚ ਇਕ ਟਰੈਫਿਕ ਸਿਗਨਲ 'ਤੇ ਸੋਲਿਸ ਨੇ ਗੋਲੀ ਮਾਰ ਕੇ ਧਾਲੀਵਾਲ ਦੀ ਹੱਤਿਆ ਕਰ ਦਿੱਤੀ ਸੀ। ਸੰਦੀਪ ਸਿੰਘ ਧਾਲੀਵਾਲ ਨੇ ਸੋਲਿਸ ਨੂੰ ਇਕ ਰਿਹਾਇਸ਼ੀ ਇਲਾਕੇ 'ਚ ਰੋਕਿਆ ਸੀ ਤੇ ਜਦੋਂ ਉਹ ਆਪਣੀ ਪੈਟਰੋਲਿੰਗ ਕਾਰ ਵੱਲ ਵਧ ਰਿਹਾ ਸਨ ਤਾਂ ਉਸ ਨੂੰ ਪਿਛਿਓਂ ਗੋਲੀਆਂ ਮਾਰੀਆਂ ਗਈਆਂ ਸਨ।

ਜਿਊਰੀ ਮੈਂਬਰਾਂ ਨੇ 65 ਗਵਾਹਾਂ ਨੂੰ ਸੁਣਿਆ। ਸੁਣਵਾਈ ਦੌਰਾਨ ਸੋਲਿਸ ਨੇ ਆਪਣਾ ਬਚਾਅ ਕਰਦਿਆਂ ਕਿਹਾ ਸੀ ਕਿ ਉਸ ਤੋਂ ਗਲਤੀ ਨਾਲ ਗੋਲੀ ਚੱਲੀ ਸੀ ਜੋ ਧਾਲੀਵਾਲ ਨੂੰ ਲੱਗ ਗਈ। ਸੀ.ਬੀ.ਸੀ. ਨਿਊਜ ਦੀ ਰਿਪੋਰਟ ਮੁਤਾਬਕ ਸੋਲਿਸ ਨੇ ਜਾਣਬੁੱਝ ਕੇ ਧਾਲੀਵਾਲ ਨੂੰ ਗੋਲੀ ਮਾਰੀ ਸੀ। ਧਾਲੀਵਾਲ ਦੀ ਵੱਡੀ ਭੈਣ ਹਰਪ੍ਰੀਤ ਰਾਏ ਨੇ ਕਿਹਾ,"ਕਾਸ਼ ਇਸ ਸਮੇਂ ਧਾਲੀਵਾਲ ਸਾਡੇ ਨਾਲ ਹੁੰਦਾ। ਅੱਜ ਕਿੰਨੇ ਲੋਕਾਂ ਨੂੰ ਇਨਸਾਫ ਮਿਲਦਾ ਹੈ?" ਸ਼ੈਰਿਫ ਗੌਂਜਾਲੇਜ ਨੇ ਕਿਹਾ,"ਸਾਨੂੰ ਸਾਰਿਆਂ ਨੂੰ ਧਾਲੀਵਾਲ ਬਣਨ ਦੀ ਖਾਹਸ਼ ਰੱਖਣੀ ਚਾਹੀਦੀ ਹੈ। ਉਨ੍ਹਾਂ ਅਜਿਹੀ ਵਿਰਾਸਤ ਛੱਡੀ ਹੈ। ਉਹ ਇਕ ਮਾਨਵਤਾਵਾਦੀ ਸਨ ਜਿਨ੍ਹਾਂ ਆਪਣੇ ਕੰਮ ਦੌਰਾਨ ਕਈ ਲੋਕਾਂ ਦੀ ਸਹਾਇਤਾ ਕੀਤੀ।"

# ਕੈਨੇਡਾ 'ਚ ਕਰੋੜਾਂ ਡਾਲਰ ਦੇ ਨਸ਼ਿਆਂ ਸਣੇ ਤਿੰਨ ਪੰਜਾਬੀ ਗ੍ਰਿਫਤਾਰ

**ਨਵੀਂ ਦਿੱਲੀ:** ਕੈਨੇਡਾ ਪੁਲਿਸ ਨੇ ਤਿੰਨ ਪੰਜਾਬੀ ਨੌਜਵਾਨਾਂ ਸਮੇਤ ਪੰਜ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਢਾਈ ਕਰੋੜ ਕੈਨੇਡੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਹਨ। ਕੈਨੇਡਾ ਪੁਲਿਸ ਨੇ ਹੁਣ ਤੱਕ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਬਰਾਮਦ ਕੀਤੀ ਹੈ।

ਇਨ੍ਹਾਂ ਨੌਜਵਾਨਾਂ ਕੋਲੋਂ 70 ਹਜ਼ਾਰ ਡਾਲਰ ਨਕਦ ਵੀ ਮਿਲੇ ਹਨ। ਟੋਰਾਂਟੋ ਨੇੜਲੇ ਦੋ ਸ਼ਹਿਰਾਂ ਮਿਸੀਸਾਗਾ ਤੇ ਮਾਲਟਨ ਦੇ ਦੋ ਪ੍ਰਭਾਵਸ਼ਾਲੀ ਪੰਜਾਬੀ ਕਾਰੋਬਾਰੀ ਪਰਿਵਾਰਾਂ ਦੀ ਭੂਮਿਕਾ ਜਾਂਚ ਦੇ ਘੇਰੇ 'ਚ ਹੈ। ਗ੍ਰਿਫਤਾਰ ਕੀਤੇ ਗਏ ਨੌਜਵਾਨਾਂ 'ਚ ਜਸਪ੍ਰੀਤ ਸਿੰਘ (ਬਰੈਂਪਟਨ), ਗੁਰਦੀਪ ਸਿੰਘ ਗਾਖਲ (ਕੇਲਡੋਨ) ਅਤੇ ਰਵਿੰਦਰ ਸਿੰਘ ਬੋਪਾਰਾਏ (ਮਿਸੀਸਾਗਾ) ਸ਼ਾਮਲ ਹਨ। ਉਨ੍ਹਾਂ ਨਾਲ ਖਲੀਲਉੱਲ੍ਹਾ ਅਮੀਨ (ਕੇਲਡੋਨ) ਤੇ ਰੇਅ ਆਈ.ਪੀ. (ਰਿਚਮੰਡ ਹਿੱਲ) ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਪਿਛਲੇ 11 ਮਹੀਨਿਆਂ ਤੋਂ ਮੁਲਜ਼ਮਾਂ ਦੀ ਪੈੜ ਨੱਪ ਰਹੀ ਸੀ। ਪੀਲ ਰਿਜਨਲ ਪੁਲਿਸ ਨੇ ਅਮਰੀਕਾ ਪੁਲਿਸ ਦੀ ਸਹਾਇਤਾ ਨਾਲ ਇਸ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੀਲ ਪੁਲਿਸ ਇਸ ਸਾਲ 9 ਮਹੀਨਿਆਂ 'ਚ 4 ਕਰੋੜ ਕੈਨੇਡੀਅਨ ਡਾਲਰ ਮੁੱਲ ਦੇ ਨਸ਼ੇ ਜ਼ਬਤ ਕਰ ਚੁੱਕੀ ਹੈ।

ਇੰਸਪੈਕਟਰ ਟੋਡ ਕਸਟਾਂਸ ਨੇ ਮੀਡੀਆ ਨੂੰ ਦੱਸਿਆ ਕਿ ਫੜੇ ਗਏ ਵਿਅਕਤੀ ਅਮਰੀਕਾ ਤੇ ਕੈਨੇਡਾ ਵਿਚਕਾਰ ਚੱਲਦੇ ਆਪਣੇ ਟਰੱਕਾਂ 'ਚ ਨਸ਼ਿਆਂ ਦੀ ਖੇਪ ਲੁਕੋ ਕੇ ਲਿਜਾਂਦੇ ਸਨ। ਗਰੇਟਰ ਟੋਰਾਂਟੋ ਏਰੀਆ 'ਚ ਨਸ਼ੇ ਪਿਛਲੇ ਸਾਲ ਨਵੰਬਰ ਤੋਂ ਲਗਾਤਾਰ ਲਿਆ ਕੇ ਵੇਚੇ ਜਾ ਰਹੇ ਸਨ। ਇਹ ਨਸ਼ੇ ਮਿਸੀਸਾਗਾ ਦੇ ਫਰੈਂਡਜ ਫਰਨੀਚਰ ਤੇ ਮਾਲਟਨ ਸਿਟੀ 'ਚ ਨੌਰਥ ਕਿੰਗ ਲੌਜਿਸਟਿਕਸ ਟਰੱਕ ਕੰਪਨੀ 'ਚ ਪਹੁੰਚਾਉਣ ਮਗਰੋਂ ਅੱਗੇ ਵੰਡੇ ਜਾਂਦੇ ਸਨ। ਦੋਵੇਂ ਕੰਪਨੀਆਂ ਦਾ ਹਜ਼ਾਰਾਂ ਲੱਖਾਂ ਡਾਲਰ ਦਾ ਕਾਰੋਬਾਰ ਹੈ।

# ਕੈਨੇਡਾ ਵਿਚ ਪਨਾਹ ਮੰਗਣ ਵਾਲੇ ਭਾਰਤੀਆਂ 'ਚ ਪੰਜਾਬੀ ਮੋਹਰੀ

**ਨਵੀਂ ਦਿੱਲੀ:** ਕੈਨੇਡਾ 'ਚ ਸਿਆਸੀ ਸ਼ਰਨ ਮੰਗਣ ਲਈ ਚੱਲ ਰਹੇ ਰੈਕੇਟ ਦਾ ਪੰਜਾਬ ਧੁਰਾ ਬਣਿਆ ਹੋਇਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਸਿਆਸੀ ਅਤਿਆਚਾਰ ਦਾ ਹਵਾਲਾ ਦੇ ਕੇ ਕੈਨੇਡਾ ਵਿਚ ਸ਼ਰਨ ਮੰਗ ਰਹੇ ਹਨ। ਸ਼ਰਨ ਮੰਗਣ ਵਾਲਿਆਂ ਵੱਲੋਂ ਅਰਜ਼ੀ 'ਚ ਜ਼ਿਆਦਾਤਰ ਇਹ ਕਿਹਾ ਜਾਂਦਾ ਹੈ ਕਿ ਖਾਲਿਸਤਾਨ ਸਮਰਥਕ ਹੋਣ ਕਰ ਕੇ ਉਨ੍ਹਾਂ 'ਤੇ ਜ਼ੁਲਮ ਹੋਇਆ ਹੈ।

ਭਾਰਤ ਵਿਚੋਂ ਨਿਕਲੇ 6,537 ਲੋਕਾਂ ਨੇ ਪਿਛਲੇ ਦਸ ਸਾਲਾਂ ਵਿਚ ਇਮੀਗ੍ਰੇਸ਼ਨ ਤੇ ਰਫਿਊਜੀ ਬੋਰਡ ਕੈਨੇਡਾ ਕੋਲ ਨਾਗਰਿਕਤਾ ਲਈ ਅਰਜ਼ੀ ਲਾਈ ਹੈ। ਅਰਜ਼ੀਕਰਤਾਵਾਂ ਵਿਚ ਅੱਧੇ ਤੋਂ ਵੱਧ ਪੰਜਾਬ ਨਾਲ ਸਬੰਧਤ ਹਨ। ਦੱਸਣਯੋਗ ਹੈ ਕਿ ਸਿਆਸੀ ਸ਼ਰਨ ਦੇ ਕੇਸ ਲੜਨ ਵਾਲੇ ਵਕੀਲ ਅਜਿਹੇ ਕੇਸ ਦਾਇਰ ਕਰਨ ਲਈ 30-35 ਲੱਖ ਰੁਪਏ ਤੱਕ ਚਾਰਜ ਕਰ ਰਹੇ ਹਨ।

# ਅਰਬਪਤੀ ਕਾਰੋਬਾਰੀ ਐਲਨ ਮਸਕ ਟਵਿੱਟਰ ਦਾ ਨਵਾਂ ਮਾਲਕ ਬਣਿਆ

**ਨਿਊ ਯਾਰਕ:** ਅਰਬਪਤੀ ਤੇ ਟੈਸਲਾ ਦੇ ਸੀ.ਈ.ਓ. ਐਲਨ ਮਸਕ (51) ਨੇ 44 ਅਰਬ ਡਾਲਰ 'ਚ ਟਵਿੱਟਰ ਖਰੀਦਣ ਮਗਰੋਂ ਸੋਸ਼ਲ ਮੀਡੀਆ ਕੰਪਨੀ ਦੇ ਸੀ.ਈ.ਓ .ਪਰਾਗ ਅਗਰਵਾਲ ਤੇ ਲੀਗਲ ਐਗਜੀਕਿਊਟਿਵ ਵਿਜਯਾ ਗਾਡੇ ਸਮੇਤ ਚਾਰ ਸਿਖਰਲੇ ਅਧਿਕਾਰੀਆਂ ਨੂੰ ਕੱਢ ਦਿੱਤਾ ਹੈ।

ਮਸਕ ਨੇ ਟਵੀਟ ਕਰਕੇ ਕਿਹਾ,"ਚਿੜੀ ਆਜ਼ਾਦ ਹੋ ਗਈ ਹੈ।" ਨਿਊ ਯਾਰਕ ਟਾਈਮਜ ਨੇ ਕਿਹਾ ਕਿ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਨੇ ਟਵਿੱਟਰ ਖਰੀਦਣ ਦਾ ਸੌਦਾ ਪੂਰਾ ਕੀਤਾ। ਸਥਿਤੀ 'ਤੇ ਨਜ਼ਰ ਰੱਖਣ ਵਾਲੇ ਲੋਕਾਂ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਸਕ ਨੇ ਚਾਰ ਸਿਖਰਲੇ ਅਧਿਕਾਰੀਆਂ ਨੂੰ ਹਟਾ ਕੇ ਟਵਿੱਟਰ 'ਚ ਸਫਾਈ ਦੀ ਮੁਹਿੰਮ ਆਰੰਭ ਦਿੱਤੀ ਹੈ। ਜਿਨ੍ਹਾਂ ਅਧਿਕਾਰੀਆਂ ਨੂੰ ਹਟਾਇਆ ਗਿਆ ਹੈ, ਉਨ੍ਹਾਂ 'ਚ ਅਗਰਵਾਲ ਤੇ ਗਾਡੇ ਸਮੇਤ ਮੁੱਖ ਵਿੱਤੀ ਅਧਿਕਾਰੀ ਨੈੱਡ ਸੇਗਲ ਅਤੇ ਜਨਰਲ ਕੌਂਸਲ ਸੀਨ ਐਜੇਟ ਸ਼ਾਮਲ ਹਨ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਇਕ ਅਧਿਕਾਰੀ ਨੂੰ ਟਵਿੱਟਰ ਦੇ ਦਫਤਰ ਤੋਂ ਬਾਹਰ ਕੱਢਿਆ ਗਿਆ ਹੈ। ਸੀ.ਐਨ.ਐਨ. ਨੇ ਕਿਹਾ ਕਿ ਇਹ ਸੌਦਾ ਪੂਰਾ ਹੋਣ ਨਾਲ ਟਵਿੱਟਰ ਦੇ ਕਾਰੋਬਾਰ, ਉਸ ਦੇ ਮੁਲਾਜ਼ਮਾਂ ਤੇ ਸ਼ੇਅਰਧਾਰਕਾਂ ਵਿਚਕਾਰ ਪਿਛਲੇ ਇਕ ਸਾਲ ਤੋਂ ਬਣੇ ਬੇਯਕੀਨੀ ਦੇ ਹਾਲਾਤ ਖਤਮ ਹੋ ਗਏ ਹਨ। ਅਪਰੈਲ 'ਚ ਕੰਪਨੀ ਖਰੀਦਣ ਦੀ ਸਹਿਮਤੀ ਦੇਣ ਮਗਰੋਂ ਮਸਕ ਨੇ ਸੌਦੇ ਤੋਂ ਬਾਹਰ ਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਪਰਾਗ ਅਗਰਵਾਲ (38) ਨੂੰ ਪਿਛਲੇ ਸਾਲ ਨਵੰਬਰ 'ਚ ਕੰਪਨੀ ਦੇ ਸਹਿ-



ਸੰਸਥਾਪਕ ਜੈਕ ਡੋਰਸੀ ਦੇ ਅਸਤੀਫੇ ਮਗਰੋਂ ਟਵਿੱਟਰ ਦਾ ਸੀ.ਈ.ਓ. ਨਿਯੁਕਤ ਕੀਤਾ ਗਿਆ ਸੀ। ਆਈ.ਆਈ.ਟੀ. ਬੰਬੇ ਤੇ ਸਟੈਨਫੋਰਡ ਯੂਨੀਵਰਸਿਟੀ ਤੋਂ ਪੜ੍ਹਾਈ ਕਰ ਚੁੱਕੇ ਅਗਰਵਾਲ ਨੇ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਟਵਿੱਟਰ 'ਚ ਨੌਕਰੀ ਸ਼ੁਰੂ ਕੀਤੀ ਸੀ। ਉਸ ਸਮੇਂ ਕੰਪਨੀ 'ਚ ਇਕ ਹਜ਼ਾਰ ਤੋਂ ਵੀ ਘੱਟ ਮੁਲਾਜ਼ਮ ਹੁੰਦੇ ਸਨ। 'ਨਿਊ ਯਾਰਕ ਟਾਈਮਜ' ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਟਵਿੱਟਰ ਦੇ ਸੀ.ਈ.ਓ. ਨਿਯੁਕਤ ਕੀਤੇ ਗਏ ਅਗਰਵਾਲ ਦੀ ਮਸਕ ਨਾਲ ਜਨਤਕ ਤੇ ਨਿੱਜੀ ਤੌਰ 'ਤੇ ਤੂੰ-ਤੂੰ, ਮੈਂ-ਮੈਂ ਹੋਈ ਸੀ। ਮਸਕ ਨੇ ਆਨਲਾਈਨ ਸਮੱਗਰੀ ਦੀ ਨਿਗਰਾਨੀ ਸਬੰਧੀ ਪ੍ਰਕਿਰਿਆ ਨੂੰ ਲੈ ਕੇ ਕੀਤੇ ਗਏ ਫੈਸਲਿਆਂ ਦੇ ਮਾਮਲੇ 'ਚ ਗਾਡੇ ਦੀ ਭੂਮਿਕਾ ਦੀ ਜਨਤਕ ਤੌਰ 'ਤੇ ਆਲੋਚਨਾ ਕੀਤੀ ਸੀ। ਪਿਛਲੇ ਸਾਲ ਜਨਵਰੀ 'ਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਾ ਟਵਿੱਟਰ ਖਾਤਾ ਪੱਕੇ ਤੌਰ 'ਤੇ ਮੁਅੱਤਲ ਕਰਨ ਦੇ ਮਾਮਲੇ 'ਚ ਹੈਦਰਾਬਾਦ 'ਚ ਜਨਮੇ ਗਾਡੇ ਸੁਰਖੀਆਂ 'ਚ ਆਏ ਸਨ।

# ਗੁਰਦੀਪ ਆਰਟਸ ਅਕੈਡਮੀ ਕੈਨੇਡਾ ਵਲੋਂ ਖੇਡੇ ਗਏ ਨਾਟਕ 'ਵਿਜ਼ਿਟਰ ਵੀਜ਼ਾ' ਦੀ ਸ਼ਲਾਘਾ

## ਸਮਕਾਲੀ ਵਿਸ਼ਿਆਂ ਨਾਲ ਦੋ ਹੱਥ ਕਰਦੀ ਕਲਾ ਹੀ ਸਰਵ ਸ੍ਰੇਸ਼ਟ ਹੁੰਦੀ ਹੈ: ਡਾ. ਕੰਬੋਜ

**ਹੇਵਰਡ:** ਗੁਰਦੀਪ ਆਰਟਸ ਅਕੈਡਮੀ ਕੈਨੇਡਾ ਵਲੋਂ ਜ਼ਿੰਦਗੀ ਦਾ ਯਥਾਰਥ ਚਿਤਰਦਾ ਹਾਸਿਆਂ ਭਰਪੂਰ ਨਾਟਕ 'ਵਿਜ਼ਿਟਰ ਵੀਜ਼ਾ' ਜੇਮਜ਼ ਲੋਗਨ ਹਾਈ ਸਕੂਲ ਦੇ ਸੈਂਟਰ ਫਾਰ ਦਾ ਪ੍ਰਫਾਰਮਿੰਗ ਆਰਟਸ ਵਿਖੇ ਖੇਡਿਆ ਗਿਆ। ਇਸ ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਪਾਂਸਰਜ਼ ਦਾ ਸ਼ੁਕਰਾਨਾ ਕਰਨ ਲਈ ਦਿਲਕਸ਼ ਸਲਾਈਡ ਸ਼ੋਅ ਚੱਲਦਾ ਰਿਹਾ।







ਪ੍ਰੋ. ਹਰਿੰਦਰਜੀਤ ਸਿੰਘ ਸੰਧੂ (ਕੈਨੇਡਾ) ਨੇ ਮੰਚ ਦਾ ਕਾਜਭਾਰ ਸੰਭਾਲਦੇ ਹੋਏ ਨਿਵੇਕਲੇ ਅੰਦਾਜ਼ ਵਿਚ ਸਮੂਹ ਦਰਸ਼ਕਾਂ, ਸਪਾਂਸਰਾਂ ਦਾ ਧੰਨਵਾਦ ਕਰਦਿਆਂ ਗੁਰਦੀਪ ਆਰਟਸ ਅਕੈਡਮੀ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਗੁਰਦੀਪ ਸਿੰਘ ਭੁੱਲਰ ਇਕ ਅਣਥੱਕ ਅਤੇ ਵਿਲੱਖਣ ਨਿਰਦੇਸ਼ਕ ਹੈ। ਇਸ ਨੇ ਹੁਣ ਤੱਕ ਮਨੁੱਖੀ ਜ਼ਿੰਦਗੀ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵਿਸ਼ੇ ਬਣਾ ਕੇ ਮੰਚ 'ਤੇ ਪੇਸ਼ ਕੀਤਾ ਹੈ। ਇਹੋ ਕਾਰਨ ਹੈ ਕਿ ਇਸ ਦੀ ਨਿਰਦੇਸ਼ਨਾ ਹੇਠ ਖੇਡੇ ਹਰ ਨਾਟਕ ਨੂੰ ਭਰਪੂਰ ਸਫ਼ਲਤਾ ਮਿਲੀ ਹੈ। ਉਨ੍ਹਾਂ ਰੰਗਮੰਚ ਨਾਲ ਜੁੜੀ ਕਲਾ ਦੀ ਇਕ ਹੋਰ ਸਿਨਫ਼ ਜੋੜਦਿਆਂ ਸਥਾਨਕ ਸ਼ਾਇਰ ਕੁਲਵਿੰਦਰ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ। ਧਰਤੀ ਨਾਲ ਜੁੜੇ ਸ਼ਾਇਰ ਕੁਲਵਿੰਦਰ ਦੀ ਸੰਵੇਦਨਾ ਵਾਲੇ ਸ਼ਿਅਰਾਂ ਤੋਂ ਬਾਅਦ ਨਾਟਕ 'ਵਿਜ਼ਿਟਰ ਵੀਜ਼ਾ' ਸ਼ੁਰੂ ਹੁੰਦੇ ਹੀ ਹਾਲ ਵਿਚ ਹਾਸਿਆਂ ਦੇ ਫ਼ੁਹਾਰੇ ਗੂੰਜਣ ਲੱਗੇ।

ਇਹ ਨਾਟਕ ਇਕ ਪੇਂਡੂ ਪਰਿਵਾਰ ਦੀ ਮੂੰਹ ਬੋਲਦੀ ਤਸਵੀਰ ਸੀ। ਇੰਡੀਆ ਤੋਂ 'ਵਿਜ਼ਿਟਰ ਵੀਜ਼ਾ' ਮਿਲਣ ਤੋਂ ਬਾਅਦ ਕੈਨੇਡਾ ਤੱਕ ਦਾ ਸਫ਼ਰ ਤੈਅ ਕਰਦੇ ਹੋਏ ਮਾਪੇ ਅੰਤ ਵਿਚ 'ਨਾ ਘਰ ਦੇ ਨਾ ਘਾਟ ਦੇ' ਅਖਾਣ ਯਾਦ ਕਰਵਾ ਗਏ। ਉਹ ਤਾਂ 'ਵਿਜ਼ਿਟਰ ਵੀਜ਼ਾ' ਲੈ ਕੇ ਚਾਈਂ-ਚਾਈਂ ਕੈਨੇਡਾ ਨੂੰਹ-ਪੁੱਤ ਕੋਲ ਆਏ ਸਨ। ਇਹ ਚਾਅ ਹੁਲਾਸ ਉਦੋਂ ਖ਼ਤਮ ਹੋ ਗਿਆ ਜਦੋਂ ਬੁੱਢੇ ਵੇਲੇ 'ਬੈਰੀ' ਤੋੜਨੀ ਪਈ। ਉਨ੍ਹਾਂ ਵਾਪਸ ਇੰਡੀਆ ਜਾਣ ਦਾ ਮਨ ਬਣਾਇਆ। ਇੰਡੀਆ ਫੋਨ ਕਰਦੇ ਹੀ ਪਤਾ ਲੱਗਾ ਕਿ ਪਿੱਛੇ ਰਹਿ ਗਏ ਪੁੱਤ ਨੇ ਮੁਖਤਿਆਰਨਾਮੇ ਦੀ ਨਾਜਾਇਜ਼ ਵਰਤੋਂ ਕਰਦੇ ਹੋਏ ਪਿਤਾ ਅਤੇ ਪਰਦੇਸੀ ਭਰਾ ਵਲੋਂ ਬਣਾਈ ਸਾਰੀ ਜਾਇਦਾਦ ਆਪਣੇ ਨਾਂ ਕਰਵਾ ਲਈ। ਇਸਦਾ ਨਤੀਜਾ ਕੈਨੇਡਾ ਵਾਲੇ ਨੂੰਹ-ਪੁੱਤ ਕੋਲ ਵੀ ਇੰਡੀਆ ਖੜ੍ਹੇ ਹੋਣ ਲਈ ਥਾਂ ਨਾ ਰਹੀ ਤੇ ਮਾਪੇ ਬੋਝ ਬਣ ਗਏ। ਹਰ ਅੱਖ ਉਸ ਵਕਤ ਨਮ ਹੋ ਗਈ ਜਦੋਂ ਪੋਤੇ ਨੇ ਅੱਗੇ ਵਧ ਕੇ ਦਾਦੇ ਅਤੇ ਦਾਦੀ ਨੂੰ ਸਹਾਰਾ ਦਿੱਤਾ।

ਇਸ ਨਾਟਕ ਰਾਹੀਂ ਅਵਾਸ ਤੇ ਪਰਵਾਸ ਦੀ ਸਮੱਸਿਆ ਦੇ ਨਾਲ਼-ਨਾਲ਼ ਸਿਆਸੀ ਢਾਂਚੇ, ਡੇਰਾਵਾਦ, ਗੁਰੂਘਰਾਂ ਤੇ ਫਿਊਨਰਲ ਹੋਮਜ਼ ਵਰਗੀਆਂ ਮੁਹਿੰਮਾਂ ਦਾ ਅਸਲ ਸੱਚ ਵੀ ਪੇਸ਼ ਕੀਤਾ ਗਿਆ। ਇਸ ਨਾਟਕ ਵਿਚ ਸ਼ਾਨ (ਪੋਤੇ) ਦੇ ਰੋਲ ਵਿਚ ਗੁਲਮਹਿਕ ਕੌਰ, ਉਸ ਦੇ ਦੋਸਤ ਨਵਰੀਤ, ਨਵਰੂਪ ਅਤੇ ਸਮਰ ਪੱਡਾ ਸਨ। ਇਹ ਤਿੰਨੇ ਬੱਚੇ ਅਮਰੀਕਾ ਤੋਂ ਸਨ ਤੇ ਇਨ੍ਹਾਂ ਨੇ ਇਕ ਦਿਨ ਦੀ ਨਿਰਦੇਸ਼ਨਾ ਨਾਲ਼ ਹੀ ਨਾਟਕ ਨੂੰ ਚਾਰ ਚੰਨ ਲਾ ਦਿੱਤੇ। ਗੁਰਦੁਆਰੇ ਦੇ ਪ੍ਰਧਾਨ ਦੇ ਰੂਪ ਵਿਚ ਸ਼ਾਨ ਸੇਖੋਂ (ਅਮਰੀਕਾ), ਸੇਵਾ ਸਿੰਘ ਦੇ ਰੋਲ ਵਿਚ ਪ੍ਰੋ. ਸੁਖਦੇਵ ਸਿੰਘ (ਅਮਰੀਕਾ), ਕਲਾਕਾਰ, ਸੈਕਟਰੀ ਅਤੇ ਕਿਰਾਏਦਾਰ ਦੇ ਰੋਲ ਵਿਚ ਅਰਜਨ ਸਿੰਘ। ਚਾਚੀ ਦੇ ਰੋਲ ਵਿਚ ਇੰਦਰਪ੍ਰੀਤ ਕੌਰ ਸੈਣੀ, ਬੇਬੇ ਦੇ ਰੋਲ ਵਿਚ ਸੁੱਖੀ ਰੋਡੇ, ਬਾਪੂ ਦੇ ਰੋਲ ਵਿਚ ਬਲਵਿੰਦਰ ਸਿੰਘ ਰੋਡੇ, ਪੰਡਿਤ ਦੇ ਰੂਪ ਵਿਚ ਚਰਨਪ੍ਰੀਤ, ਲੱਕੀ (ਪੁੱਤ) ਦੇ ਰੋਲ ਵਿਚ ਬਿੱਲਾ ਤੱਖਰ, ਪ੍ਰੀਤ (ਨੂੰਹ) ਦੇ ਰੋਲ ਵਿਚ ਹਰਮੀਤ ਕੌਰ ਗਿੱਲ ਨੇ ਆਪਣੀ ਕਲਾ ਦਾ ਲੋਹਾ ਮਨਵਾਇਆ। ਇਨ੍ਹਾਂ ਮੰਝੇ ਹੋਏ ਕਲਾਕਾਰਾਂ ਵਿਚ ਫਿਲਮ ਅਦਾਕਾਰਾ ਰਹੀ ਇੰਦਰਪ੍ਰੀਤ ਕੌਰ ਸੈਣੀ ਦਾ ਇਹ ਇਕ ਸੌ ਇਕਵਾਂ ਸ਼ੋਅ ਸੀ। ਹਰਮੀਤ ਕੌਰ ਗਿੱਲ ਨੂੰ ਵੀ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਹੋਣ ਦਾ ਮਾਣ ਪ੍ਰਾਪਤ ਹੈ। ਨਾਟਕ ਦੀ ਸਫ਼ਲਤਾ ਦੀ ਗਵਾਹੀ ਇਹ ਕਿ ਚੱਲਦੇ ਨਾਟਕ ਵਿਚ ਫੋਨ ਬੰਦ ਰਹੇ ਅਤੇ ਨਾਟਕ ਦਾ ਰੀਵੀਊ ਖ਼ਤਮ ਹੋਣ ਤਕ ਕੋਈ ਵੀ ਉੱਠ ਕੇ ਨਾ ਗਿਆ। ਡਾ. ਸੁਖਵਿੰਦਰ ਕੰਬੋਜ ਨੇ ਇਸ ਨਾਟਕ ਦੇ ਰੀਵੀਊ ਵਿਚ ਕਿਹਾ ਕਿ ਇਸ ਨਾਟਕ ਦੇ ਪ੍ਰਬੰਧਕ ਅਤੇ ਕਲਾਕਾਰ ਵਧਾਈ ਦੇ ਪਾਤਰ ਹਨ। ਨਾਟਕ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਸਮਕਾਲੀ ਵਿਸ਼ਿਆਂ ਨੂੰ ਛੋਹ ਦਿੱਤੀ ਗਈ ਹੈ। ਅਜਿਹੀ ਕਲਾ ਹੀ ਸਰਵ ਸ੍ਰੇਸ਼ਟ ਹੁੰਦੀ ਹੈ। ਉਨ੍ਹਾਂ ਨਾਟਕ ਦੇ ਸਕਰਿਪਟ ਲੇਖਕ ਬਿੱਲਾ ਤੱਖਰ ਅਤੇ ਗੁਰਨਾਮ ਥਾਂਦੀ ਨੂੰ ਖ਼ੁਸ਼ ਹੋ ਕੇ ਇਨਾਮ ਵੀ ਦਿੱਤਾ। ਇਸ ਤੋਂ ਇਲਾਵਾ ਸਾਊਂਡ ਸਿਸਟਮ ਅਤੇ ਨਿਰਦੇਸ਼ਨ ਲਈ ਗਰਦੀਪ ਭੁੱਲਰ ਨੂੰ ਮੁਬਾਰਕ ਦਿੰਦੇ ਕਿਹਾ ਕਿ ਇਹ ਨਾਟਕ ਸਾਡੇ ਚੇਤਿਆਂ ਵਿਚ ਚਿਰਾਂ ਤੱਕ ਵੱਸਦਾ ਰਹੇਗਾ।

ਇਸ ਮੌਕੇ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਵਲੋਂ ਲਾਈ ਪ੍ਰਦਰਸ਼ਨੀ ਵੀ ਸਭਿਆਚਾਰ ਦਾ ਸੁਨੇਹਾ ਦਿੰਦੀ ਰਹੀ। ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿਚ ਸਮੂਹ ਦਰਸ਼ਕਾਂ ਤੋਂ ਇਲਾਵਾ ਪ੍ਰਬੰਧਕ ਸਰਦੂਲ ਸਿੰਘ ਸਮਰਾ, ਪ੍ਰੋ. ਸੁਖਦੇਵ ਸਿੰਘ, ਬਲਜਿੰਦਰ ਸਿੰਘ ਅਤੇ ਸਪਾਂਸਰਾਂ ਵਿਚ ਮਿਹਰ ਸਿੰਘ ਮਾਹਲ, ਸੋਨੂੰ ਰਾਣਾ ਚੌਧਰੀ, ਬਲਵਿੰਦਰ ਸਿੰਘ ਧਨੋਆ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਸਰਬਜੀਤ ਸਿੰਘ ਸਰਾਓ, ਸਰਬਜੀਤ ਸਿੰਘ ਗਿੱਲ (ਵਕੀਲ), ਵਿਕਰਮ ਸਿੰਘ, ਜਸਵੰਤ ਸਿੰਘ ਸਰਾਂ, ਅਜੀਤ ਸਿੰਘ (ਕੇ ਐਫ ਸੀ), ਜਸਵਿੰਦਰ ਸਿੰਘ ਰਾਏ, ਮਿੱਕੀ ਸਰਾਂ, ਕਬੀਲਾ ਰੈਸਟੋਰੈਂਟ ਤੋਂ ਇਲਾਵਾ ਮੀਡੀਆ ਪਾਰਟਨਰਜ਼ ਪੰਜਾਬ ਟਾਈਮਜ਼, ਪਰਦੇਸ ਟਾਈਮਜ਼ ਅਤੇ ਰੇਡੀਓ ਮਿਰਚੀ ਆਦਿ ਦੇ ਨਾਮ ਜ਼ਿਕਰਯੋਗ ਹਨ।

***ਰਿਪੋਰਟ: ਲਾਜ ਨੀਲਮ ਸੈਣੀ***
***ਫੋਨ: 510-502-0551***

# ਬਹੁਤ ਖ਼ੂਬ ਰਹੀ ਮਹਿਫ਼ਿਲ-ਏ-ਸਾਹਿਲ

**ਹੇਵਰਡ:** ਬੀਤੇ ਦਿਨੀਂ ਨਿਊਵਾਰਕ ਦੇ ਮਹਿਰਾਨ ਰੈਸਟੋਰੈਂਟ ਵਿਖੇ ਠੋਟਅਲ ਓਨਟਏਰ-ਟਅਨਿਮਏਨਟ ਅਵਤਾਰ ਸਿੰਘ ਲਾਖਾ ਵਲੋਂ ਮਹਿਫ਼ਿਲ-ਏ-ਸਾਹਿਲ ਆਯੋਜਿਤ ਕੀਤੀ ਗਈ। ਵਿਸ਼ੇਸ਼ ਸੱਦੇ 'ਤੇ ਪਹੁੰਚੇ ਸੌ ਦੇ ਕਰੀਬ ਸੰਗੀਤ ਪ੍ਰੇਮੀ ਰਾਤ ਦੇ ਸਵਾਦੀ ਭੋਜਨ ਦਾ ਅਨੰਦ ਮਾਣਦੇ ਹੋਏ ਇਸ ਮਹਿਫ਼ਿਲ ਲਈ ਜੁੜ ਬੈਠੇ। ਵਿਜੇ ਸਿੰਘ ਨੇ ਸਵਾਗਤੀ ਸ਼ਬਦਾਂ ਤੋਂ ਬਾਅਦ ਸੁਪ੍ਰਸਿੱਧ ਗਾਇਕ



ਸੁਖਦੇਵ ਸਾਹਿਲ ਨੂੰ ਤਾੜੀਆਂ ਦੀ ਗੂੰਜ ਵਿਚ ਸਭ ਦੇ ਰੂਬਰੂ ਕੀਤਾ। ਸਾਹਿਲ ਨੇ ਸੂਫ਼ੀ ਗਾਇਨ ਤੋਂ ਬਾਅਦ ਮਿਆਰੀ ਗਜ਼ਲਾਂ, ਗੀਤਾਂ ਅਤੇ ਲੋਕਗੀਤ ਗਾ ਕੇ ਮਹਿਫ਼ਲ ਵਿਚ ਸੁਰਮਈ ਰੰਗ ਭਰ ਦਿੱਤਾ। ਰਾਗ ਚਾਰੂਕੇਸ਼ੀ ਵਿਚ ਤੁਫੈਲ ਨਿਆਜ਼ੀ ਦਾ 'ਸਾਡਾ ਚਿੜੀਆਂ ਦਾ ਚੰਬਾ' ਸ਼ਿਵ ਕੁਮਾਰ ਬਟਾਲਵੀ ਦਾ 'ਪੀੜਾਂ ਦਾ ਪਰਾਗਾ' ਤੇ 'ਸ਼ਿਕਰਾ' ਅਲਮਸਤ ਦੇਸਰਪੁਰੀ ਦਾ 'ਚੰਨ ਤੈਨੂੰ ਟੋਲਦਾ ਫਿਰੇ', ਹਰਜਿੰਦਰ ਕੰਗ ਦਾ 'ਤੇਰੇ ਬਾਝੋਂ ਲੱਗਦਾ ਨਾ ਜੀਅ ਵੇ' ਜੱਸ ਔਲਖ ਦਾ 'ਤੂੰ ਸਾਹਾਂ ਵਰਗੀ ਏਂ' ਵਿੱਕੀ ਸੀਲੋ ਦਾ 'ਜੇ ਦੀਵਾ ਹੋਵੇਂ ਤੂੰ ਮਿੱਤਰਾ', ਮੱਖਣ ਲੁਹਾਰ ਦਾ 'ਤੈਨੂੰ ਭੇਜਿਆ ਪੁੱਤ ਪਰਦੇਸਾਂ ਨੂੰ' ਗੀਤਾਂ ਤੋਂ ਇਲਾਵਾ ਹਾਜ਼ਰੀਨ ਦੀ ਫਰਮਾਇਸ਼ 'ਤੇ ਨੈਣਾਂ ਦੀ ਝੜੀ ਅਤੇ ਟੱਪੇ ਆਦਿ ਰਸ-ਭਿੰਨੀ ਆਵਾਜ਼ ਵਿਚ ਪੇਸ਼ ਕੀਤੇ।


ਕੁਲਵਿੰਦਰ ਦੀਆਂ ਕੁਝ ਗ਼ਜ਼ਲਾਂ ਦਾ ਗਾਇਨ ਕਰਨ ਤੋਂ ਬਾਅਦ ਜਸਵੰਤ ਸ਼ਾਦ ਦੀ ਫਰਮਾਇਸ਼ 'ਤੇ ਕੁਲਵਿੰਦਰ ਦੀ ਰਚਨਾ 'ਸੀ ਪੈਰਾਂ 'ਚ ਛਾਲੇ ਤੇ ਰਾਹਾਂ 'ਚ ਕਿਰਚਾਂ' ਦਾ ਗਾਇਨ ਪ੍ਰੋਗਰਾਮ ਨੂੰ ਚਾਰ ਚੰਨ ਲਾ ਗਿਆ। ਡ਼ੋਚਿਏ੍ਾ ਫ਼ਨਜਅਬ ਦੀ ਵਿਜੇਤਾ ਜਸਪਿੰਦਰ ਰੈਨਾ ਨੇ ਮਧੁਰ ਆਵਾਜ਼ ਵਿਚ ਪੰਜਾਬੀ ਅਤੇ ਪਾਕਿਸਤਾਨੀ ਗੀਤਾਂ ਨਾਲ ਹਾਜ਼ਰੀ ਭਰੀ। ਇਸ ਸੰਗੀਤਕ ਮਹਿਫ਼ਲ ਨੂੰ ਵਿਸਮਾਦਤ ਕਰਨ ਲਈ ਤਬਲਾ ਮਾਸਟਰ ਮਲਕੀਤ ਸੰਧੂ, ਢੋਲਕ ਮਾਸਟਰ ਅਸ਼ੋਕ ਸੋਨੂੰ, ਪੈਡ 'ਤੇ ਅੰਮ੍ਰਿਤ, ਗਿਟਾਰ ਵਾਦਕ ਰਿਚਰਡ ਅਤੇ ਕੀ ਬੋਰਡ ਮਾਸਟਰ ਨਾਗਰਾਜ ਨੇ ਆਪਣੀ ਭੂਮਿਕਾ ਬੜੀ ਸ਼ਿੱਦਤ ਨਾ਼ਲ ਨਿਭਾਈ। ਵਿਜੇ ਸਿੰਘ ਨੇ ਧੰਨਵਾਦ ਦੇ ਰੂਪ ਵਿਚ ਸਪਾਂਸਰਾਂ ਦੇ ਨਾਮ ਪੜ੍ਹਦਿਆਂ ਹਾਸਿਆਂ ਦੀਆਂ ਪਿਟਾਰੀਆਂ ਵੀ ਖੋਲ੍ਹ ਛੱਡੀਆਂ। ਦੇਰ ਰਾਤ ਤੱਕ ਬਹੁਤ ਖ਼ੂਬ ਰਹੀ ਇਸ ਮਹਿਫ਼ਲ ਦੇ ਸਮਾਪਤ ਹੋਣ ਤੱਕ ਹਾਲ ਵਿਚ ਬੈਠੀ ਹਰ ਰੂਹ ਸ਼ਰਸ਼ਾਰ ਰਹੀ। ਸੁਖਦੇਵ ਸਾਹਿਲ ਦੇ ਸਿਰ 'ਤੇ ਰਹਿਮਤ (ਡਾਲਰਾਂ) ਦੀ ਝੜੀ ਲੱਗੀ ਰਹੀ।

**-ਰਿਪੋਰਟ: ਲਾਜ ਨੀਲਮ ਸੈਣੀ**
**510-502-0551**

# ਜਰਨੈਲ ਸਿੰਘ ਆਰਟਿਸਟ ਵਲੋਂ ਬਣਾਇਆ ਚਰਨਪਾਲ ਗਿੱਲ ਦਾ ਪੋਰਟਰੇਟ ਲੋਕ ਅਰਪਣ

**ਸਰੀ:** ਪਿਕਸ ਸੰਸਥਾ ਦੇ ਬਾਨੀ ਅਤੇ ਭਾਈਚਾਰੇ ਲਈ ਵਰਣਨਯੋਗ ਸੇਵਾਵਾਂ ਨਿਭਾਉਣ ਵਾਲੇ ਮਰਹੂਮ ਚਰਨਪਾਲ ਗਿੱਲ ਨੂੰ ਬੀਤੇ ਦਿਨੀਂ ਸ਼ਰਧਾਂਜਲੀ ਭੇਟ ਕਰਨ ਲਈ ਸਰੀ ਆਰਟ ਗੈਲਰੀ ਵਿਖੇ ਸਮਾਗਮ ਕਰਵਾਇਆ ਗਿਆ। ਚਰਨਪਾਲ ਗਿੱਲ ਦੇ ਪਰਿਵਾਰ, ਰਾਣੀ ਗਿੱਲ, ਜੈਕ ਗਿ਼ੱਲ ਅਤੇ ਪਾਲ ਗਿੱਲ ਵਲੋਂ ਗੈਲਰੀ ਅਤੇ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿਚ ਸਵ. ਗਿੱਲ ਦੀਆਂ ਪਰਿਵਾਰਕ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਦੇ ਦੋਸਤਾਂ ਮਿੱਤਰਾਂ ਤੇ ਸਹਿਯੋਗੀਆਂ ਵਲੋਂ ਉਨ੍ਹਾਂ ਨੂੰ ਯਾਦ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਬੀ.ਸੀ. ਦੇ ਸਿਹਤ ਮੰਤਰੀ ਐਡਰਿਅਨ ਡਿਕਸ, ਬੀ.ਸੀ. ਵਿਧਾਨ ਸਭਾ ਦੇ ਸਪੀਕਰ ਅਤੇ ਫਾਰਮ ਵਰਕਰਜ਼ ਯੂਨੀਅਨ ਦੇ ਫਾਊਂਡਰ ਪ੍ਰਧਾਨ ਰਾਜ ਚੌਹਾਨ, ਸਾਬਕਾ ਮੰਤਰੀ ਜੂਡੀ ਕਵਾਨਾ, ਨਸਲਵਾਦ ਵਿਰੋਧੀ ਕਮੇਟੀ ਦੇ ਸਰਵਣ ਬੋਇਲ, ਪਿਕਸ ਦੇ ਮਹਿੰਦਰ ਕੰਗ ਅਤੇ ਦਵਿੰਦਰ ਚੱਠਾ ਨੇ ਉਨ੍ਹਾਂ ਨਾਲ ਆਪਣੀ ਦੋਸਤੀ, ਕੰਮ ਕਾਜ ਅਤੇ ਜੱਦੋ-ਜਹਿਦ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਬੁਲਾਰਿਆਂ ਨੇ ਉਨ੍ਹਾਂ ਵਲੋਂ ਫਾਰਮ ਵਰਕਰਾਂ ਦੀ ਬਿਹਤਰੀ ਲਈ ਅਤੇ ਨਸਲਵਾਦ ਖ਼ਿਲਾਫ਼ ਸੰਘਰਸ਼ ਵਿਚ ਪਾਏ ਯੋਗਦਾਨ



ਦੀ ਭਰਪੂਰ ਸ਼ਲਾਘਾ ਕੀਤੀ। ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਜਾਣੇ-ਪਛਾਣੇ ਆਰਟਿਸਟ ਜਰਨੈਲ ਸਿੰਘ ਨੇ ਚਰਨਪਾਲ ਗਿੱਲ ਨਾਲ ਜੁੜੀਆਂ ਨਿੱਜੀ ਸਾਂਝਾਂ ਅਤੇ ਕਾਮਾਗਾਟਾਮਾਰੂ ਦੇ ਵਿਸ਼ਾਲ ਕੰਧ ਚਿੱਤਰ ਬਣਾਉਣ ਦੇ ਤਜਰਬੇ ਸਾਂਝੇ ਕੀਤੇ। ਅਖੀਰ ਵਿਚ ਉਨ੍ਹਾਂ ਵਲੋਂ ਬਣਾਏ ਚਰਨਪਾਲ ਗਿੱਲ ਦੇ ਪੋਰਟਰੇਟ ਉੱਤੋਂ ਪਰਦਾ ਚੁੱਕ ਕੇ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ, ਜਿਸ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ।

# ਸਿਆਟਲ ਵਿਚ ਦੀਵਾਲੀ ਤੇ ਬੰਦੀ ਛੋੜ ਦਿਵਸ ਸ਼ਰਧਾ ਨਾਲ ਮਨਾਇਆ

**ਸਿਆਟਲ:** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਦੀਵਾਲੀ ਤੇ ਬੰਦੀ ਛੋੜ ਦਿਵਸ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ। ਗੁਰੂ ਘਰ ਵਿਚ ਸਵੇਰ ਤੋਂ ਦੇਰ ਰਾਤ ਤਕ ਸੰਗਤਾਂ ਭਾਰੀ ਗਿਣਤੀ ਵਿਚ ਨਤਮਸਤਕ ਹੋਈਆਂ ਅਤੇ ਪਰਿਵਾਰ ਦੀ ਸੁਖ ਸ਼ਾਂਤੀ ਲਈ ਅਰਦਾਸਾਂ ਕੀਤੀਆਂ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ ਤੇ ਭਾਈ ਧਰਮਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਸੁਖਦੇਵ ਸਿੰਘ ਨੇ ਕਥਾ ਰਾਹੀਂ ਦੀਵਾਲੀ ਦੇ ਤਿਉਹਾਰ ਤੇ ਬੰਦੀ ਛੋੜ ਦਿਹਾੜੇ ਬਾਰੇ ਚਾਨਣਾ ਪਾਇਆ। ਸੰਗਤ ਨੇ ਦੀਪਮਾਲਾ ਕਰ ਕੇ ਦੀਵਾਲੀ ਮਨਾਈ। ਸਾਰਾ ਦਿਨ ਲੰਗਰਾਂ ਦੀ ਸੇਵਾ ਸ਼ਰਧਾ ਨਾਲ ਨਿਭਾਈ ਗਈ।



# ਐਨ.ਆਈ.ਏ. ਦਫਤਰਾਂ ਬਾਰੇ ਚੁੱਪ 'ਤੇ ਅਕਾਲੀ ਦਲ ਨੇ ਸਵਾਲ ਉਠਾਏ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਕੇਂਦਰ ਸਰਕਾਰ ਮੂਹਰੇ ਗੋਡੇ ਟੇਕਣ ਦੇ ਦੋਸ਼ ਲਾਉਂਦਿਆਂ ਮੁਲਕ ਦੇ ਫੈਡਰਲ ਢਾਂਚੇ ਨੂੰ ਢਾਹ ਲਾਉਣ ਵਾਲੇ ਰਾਹ ਪੈਣ ਤੋਂ ਵਰਜਿਆ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਮੁੱਖ ਮੰਤਰੀਆਂ ਦੀ ਮੀਟਿੰਗ ਦੌਰਾਨ ਕਾਨੂੰਨ-ਵਿਵਸਥਾ ਦੇ ਮੁੱਦੇ 'ਤੇ ਰਾਜਾਂ 'ਚ ਕੇਂਦਰ ਦੇ ਦਖਲ ਦਾ ਵਿਰੋਧ ਕੀਤਾ ਗਿਆ।

ਅਕਾਲੀ ਦਲ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਕਦਮਾਂ ਨੂੰ ਰਾਜਾਂ ਦੇ ਅਧਿਕਾਰਾਂ 'ਤੇ ਡਾਕਾ ਕਰਾਰ ਦਿੱਤਾ। ਪਾਰਟੀ ਦੇ ਸੀਨੀਅਰ ਆਗੂਆਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਜਿਸ ਤਰ੍ਹਾਂ ਰਾਜਾਂ ਵਿਚ ਐਨ.ਆਈ.ਏ. ਦੇ ਦਫਤਰ ਖੋਲ੍ਹਣ ਦਾ ਐਲਾਨ ਕੀਤਾ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਾਨੂੰਨ-ਵਿਵਸਥਾ ਭਵਿੱਖ ਵਿਚ ਰਾਜਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਰਹੇਗੀ।



ਅਕਾਲੀ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਸੀ.ਬੀ.ਆਈ, ਈਡੀ ਅਤੇ ਹੋਰਨਾਂ ਕੇਂਦਰੀ ਏਜੰਸੀਆਂ ਦੀ ਸਿਆਸੀ ਵਿਰੋਧੀਆਂ ਦੇ ਖਿਲਾਫ਼ ਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਐਨ.ਆਈ.ਏ. ਦਾ ਸਿੱਧਾ ਦਖਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਜੋ ਕਿ ਇਸ ਮੀਟਿੰਗ ਵਿਚ ਮੌਜੂਦ ਸਨ, ਨੂੰ ਤੁਰਤ ਵਿਰੋਧ ਕਰਨਾ ਚਾਹੀਦਾ ਸੀ। ਅਕਾਲੀ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੀ ਚੁੱਪ ਆਪਣੇ ਆਪ ਵਿਚ ਬਿਆਨ ਕਰਦੀ ਹੈ ਕਿ ਪੰਜਾਬ ਸਰਕਾਰ ਸੰਘੀ ਢਾਂਚੇ ਨੂੰ ਢਾਹ ਲਾਉਣ ਵਾਲੇ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਰੁਖ ਤੋਂ ਇੰਜ ਜਾਪਦਾ ਹੈ ਜਿਵੇਂ ਅਰਵਿੰਦ ਕੇਜਰੀਵਾਲ ਦੇ ਮੰਤਵ ਪੂਰਨ ਲਈ ਭਾਜਪਾ ਦੇ ਏਜੰਡੇ ਨੂੰ ਲਾਗੂ ਕਰਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਕੇਂਦਰੀ ਨਿਯਮ ਲਾਗੂ ਕਰਨਾ, ਬੀ.ਬੀ.ਐਮ.ਬੀ. 'ਤੇ ਕੇਂਦਰ ਸਰਕਾਰ ਦਾ ਅਧਿਕਾਰ ਕਾਇਮ ਹੋਣਾ ਤੇ ਹੁਣ ਕਾਨੂੰਨ ਵਿਵਸਥਾ ਵਿਚ ਕੇਂਦਰ ਸਰਕਾਰ ਦਾ ਸਿੱਧਾ ਦਖਲ ਹੋਣਾ ਸਾਬਤ ਕਰਦਾ ਹੈ ਕਿ 'ਆਪ' ਸਰਕਾਰ ਪੰਜਾਬ ਦੀ ਰਾਖੀ ਕਰਨ ਦੇ ਸਮਰੱਥ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਦੀਆਂ ਇਨ੍ਹਾਂ ਪੰਜਾਬੀਅਤ ਵਿਰੋਧੀ ਚਾਲਾਂ ਨੂੰ ਬਰਦਾਸ਼ਤ ਨਹੀਂ ਕਰਨਗੇ।

## ਪੁਲਿਸ ਲਈ 'ਇਕ ਮੁਲਕ ਇਕ ਵਰਦੀ' ਬਾਰੇ ਵਿਚਾਰ ਹੋਵੇ: ਮੋਦੀ

**ਸੂਰਜਕੁੰਡ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਲਿਸ ਲਈ 'ਇਕ ਰਾਸ਼ਟਰ, ਇਕ ਵਰਦੀ' ਦਾ ਵਿਚਾਰ ਪੇਸ਼ ਕੀਤਾ ਤੇ ਕਿਹਾ ਕਿ ਇਹ ਉਨ੍ਹਾਂ ਵੱਲੋਂ ਦਿੱਤਾ ਇਹ ਮਹਿਜ ਇਕ ਵਿਚਾਰ ਹੈ ਤੇ ਉਹ ਇਸ ਨੂੰ ਰਾਜਾਂ ਉਤੇ ਥੋਪਣ ਦਾ ਯਤਨ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਇਸ ਨਾਲ ਪੁਲਿਸ ਕਰਮੀਆਂ ਨੂੰ ਇਕ ਆਮ ਪਛਾਣ ਵੀ ਮਿਲੇਗੀ ਤੇ ਲੋਕ ਉਨ੍ਹਾਂ ਨੂੰ ਦੇਸ਼ ਵਿਚ ਕਿਤੇ ਵੀ ਪਛਾਣ ਸਕਣਗੇ। ਰਾਜਾਂ ਦੇ ਗ੍ਰਹਿ ਮੰਤਰੀਆਂ ਦੇ ਇਥੇ ਕਰਵਾਏ ਗਏ ਦੋ ਦਿਨਾਂ 'ਚਿੰਤਨ ਸ਼ਿਵਿਰ' ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਉਨ੍ਹਾਂ ਤਾਕਤਾਂ ਨੂੰ ਚਿਤਾਵਨੀ ਦਿੱਤੀ ਜੋ ਨੌਜਵਾਨਾਂ ਨੂੰ ਕੱਟੜਵਾਦ ਵੱਲ ਧੱਕਣ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਦਿਮਾਗਾਂ ਨੂੰ ਦੂਸ਼ਿਤ ਕਰਨ ਲਈ ਆਪਣੇ ਬੌਧਿਕ ਦਾਇਰੇ ਨੂੰ ਵਧਾ ਰਹੀਆਂ ਹਨ।

## ਕੇਂਦਰ 'ਤੇ ਰਾਜਾਂ ਦੇ ਮਾਮਲਿਆਂ 'ਚ ਦਖਲ ਦੇਣ ਦਾ ਦੋਸ਼

**ਸ਼ੇਰਪੁਰ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਰਾਜਾਂ ਵਿਚ ਐਨ.ਆਈ.ਏ. ਦੇ ਦਫਤਰ ਖੋਲ੍ਹੇ ਜਾਣ ਤੇ ਇਸ ਤੋਂ ਪਹਿਲਾਂ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦਾ ਅਧਿਕਾਰ ਖੇਤਰ 60 ਕਿਲੋਮੀਟਰ ਤੱਕ ਵਧਾਉਣ ਸਮੇਤ ਹੋਰ ਸੂਬਾਈ ਮਾਮਲਿਆਂ ਵਿਚ ਗ਼ੈਰਜ਼ਰੂਰੀ ਦਖਲਅੰਦਾਜੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਆਰ.ਐਸ.ਐਸ. ਤੇ ਭਾਜਪਾ ਪੰਜਾਬ ਅੰਦਰ ਆਪਣੀ ਪਕੜ ਮਜ਼ਬੂਤ ਕਰਨ ਲਈ ਸਿਆਸੀ ਜ਼ਮੀਨ ਤਲਾਸ਼ ਰਹੀ ਹੈ। ਉਨ੍ਹਾਂ ਕਿਹਾ ਕਿ ਉਸ ਦੇ ਸਮਰਥਕ ਦੀਪ ਸਿੱਧੂ ਤੇ ਸਿੱਧੂ ਮੂਸੇਵਾਲਾ ਦੇ ਹੋਏ ਕਤਲਾਂ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ ਤੇ ਮਾਮਲੇ ਵਿਚ ਜ਼ਿੰਮੇਵਾਰ ਸਿਆਸੀ ਆਗੂਆਂ ਦੇ ਨਾਲ-ਨਾਲ ਸਬੰਧਤ ਡੀ.ਜੀ.ਪੀ. ਕੋਲੋਂ ਵੀ ਪੁੱਛ-ਪੜਤਾਲ ਹੋਵੇ।

# ਭਗਵੰਤ ਮਾਨ ਵੱਲੋਂ ਕੰਡਿਆਲੀ ਤਾਰ ਤੇ ਅਸਲ ਸਰਹੱਦ ਵਿਚਾਲੇ ਦੂਰੀ ਘਟਾਉਣ ਦੀ ਸਲਾਹ

**ਫਰੀਦਾਬਾਦ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੂਬੇ ਵਿਚ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਕੰਡਿਆਲੀ ਤਾਰ ਨੇੜਲੇ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਹਮਦਰਦੀ ਨਾਲ ਵਿਚਾਰਨ ਦੀ ਅਪੀਲ ਕੀਤੀ। ਰਾਜਾਂ ਦੇ ਗ੍ਰਹਿ ਮੰਤਰੀਆਂ ਦੀ ਕੌਮੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਕੰਡਿਆਲੀ ਤਾਰ ਤੇ ਅਸਲ ਸਰਹੱਦ ਵਿਚਾਲੇ ਦੂਰੀ ਨੂੰ ਘਟਾਉਣ ਦੀ ਅਪੀਲ ਵੀ ਕੀਤੀ ਤਾਂ ਜੋ ਤਾਰ ਦੇ ਉਸ ਪਾਰ ਜਾ ਕੇ ਆਪਣੀਆਂ ਜ਼ਮੀਨਾਂ 'ਤੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਇਹ ਦੂਰੀ ਮੌਜੂਦਾ ਇਕ ਕਿਲੋਮੀਟਰ ਦੀ ਥਾਂ 150 ਤੋਂ 200 ਮੀਟਰ ਤੱਕ ਘਟਾ ਦਿੱਤੀ ਜਾਵੇ ਤਾਂ ਜੋ ਸਰਹੱਦੀ ਖੇਤਰ ਦੇ ਕਿਸਾਨਾਂ ਨੂੰ ਇਸ ਦਾ ਲਾਭ ਮਿਲ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਇਕ ਪਾਸੇ ਜਮੀਨ ਦੀ ਸੁਚੱਜੀ ਵਰਤੋਂ ਯਕੀਨੀ ਬਣੇਗੀ ਤੇ ਦੂਜੇ ਪਾਸੇ ਦੇਸ਼ ਦੀ ਸੁਰੱਖਿਆ ਵੀ ਮਜ਼ਬੂਤ ਹੋਵੇਗੀ।



# ਜੇਲ੍ਹ 'ਚ ਨਸ਼ਾ ਸਪਲਾਈ ਕਰਦਾ ਏ.ਐਸ.ਆਈ. ਕਾਬੂ

**ਪਟਿਆਲਾ:** ਜੇਲ੍ਹਾਂ ਵਿਚ ਨਸ਼ਿਆਂ ਦੀ ਸਪਲਾਈ 'ਤੇ ਠੱਲ੍ਹ ਪਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਕੀਤੀ ਜਾ ਰਹੀ ਕਾਰਵਾਈ ਦੌਰਾਨ ਪਟਿਆਲਾ ਜੇਲ੍ਹ ਪ੍ਰਸ਼ਾਸਨ ਵੱਲੋਂ ਨਸ਼ੀਲੇ ਪਦਾਰਥਾਂ ਸਣੇ ਇਕ ਥਾਣੇਦਾਰ ਤੇ ਜੇਲ੍ਹ ਦੇ ਦੋ ਹੋਰ ਸੁਰੱਖਿਆ ਮੁਲਾਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚ ਪੀ.ਏ.ਪੀ. ਦਾ ਇਕ ਏ.ਐਸ.ਆਈ. ਪਰਮਜੀਤ ਸਿੰਘ ਤੇ ਜੇਲ੍ਹ ਦੇ ਦੋ ਹੈੱਡ ਵਾਰਡਰ ਰਾਜੀਵ ਕੁਮਾਰ ਤੇ ਨਰੇਸ਼ ਕੁਮਾਰ ਸ਼ਾਮਲ ਹਨ।

ਪਟਿਆਲਾ ਜੇਲ੍ਹ ਦੇ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ ਦੀ ਅਗਵਾਈ ਹੇਠ ਕਾਬੂ ਕੀਤੇ ਇਨ੍ਹਾਂ ਮੁਲਜ਼ਮਾਂ ਵਿਚੋਂ ਏ.ਐਸ.ਆਈ. ਦੇ ਕਬਜ਼ੇ 'ਚੋਂ ਤੰਬਾਕੂ, ਰਾਜੀਵ ਕੁਮਾਰ ਕੋਲੋਂ 16 ਬੀੜੀਆਂ ਤੇ 2 ਬਲੇਡ ਤੇ ਨਰੇਸ਼ ਕੁਮਾਰ ਕੋਲੋਂ 13 ਗ੍ਰਾਮ ਸੁਲਫਾ ਬਰਾਮਦ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਨਰੇਸ਼ ਕੁਮਾਰ ਦਾ ਕੇਸ ਐਸ.ਟੀ.ਐਫ. ਨੂੰ ਦਿੱਤਾ ਗਿਆ ਹੈ, ਜਦਕਿ ਦੂਜੇ ਦੋਵੇਂ ਮੁਲਜ਼ਮਾਂ ਦਾ ਕੇਸ ਥਾਣਾ ਤ੍ਰਿਪੜੀ ਦੀ ਪੁਲਿਸ ਨੂੰ ਸੌਂਪਿਆ ਗਿਆ ਹੈ। ਡੀ.ਐਸ.ਪੀ. ਸਿਟੀ 2 ਜਸਵਿੰਦਰ ਸਿੰਘ ਟਿਵਾਣਾ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਉਕਤ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਪੁਲਿਸ ਰਿਮਾਂਡ ਲੈਂਦਿਆਂ, ਬਾਰੀਕੀ ਨਾਲ ਪੁੱਛ-ਪੜਤਾਲ ਕੀਤੀ ਜਾਵੇਗੀ। ਜੇਲ੍ਹ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਜੇਲ੍ਹ ਵਿਚ ਮੋਬਾਈਲ ਫੋਨ ਤੇ ਨਸ਼ੇ ਪਹੁੰਚਾਉਣ ਦੇ ਕੰਮ ਵਿਚ ਜੇਲ੍ਹ ਵਿਭਾਗ ਦੇ ਕੁਝ ਮੁਲਾਜ਼ਮਾਂ ਦੇ ਸ਼ਾਮਲ ਹੋਣ ਦੇ ਖ਼ਦਸ਼ੇ ਤਹਿਤ ਹੁਣ ਜੇਲ੍ਹਾਂ ਵਿਚ ਤਾਇਨਾਤ ਅਧਿਕਾਰੀਆਂ ਤੇ ਮੁਲਾਜ਼ਮਾਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲਿਆਂ ਨੂੰ ਬੇਪਰਦ ਕਰਨ ਲਈ ਉਹ ਖੁਦ ਵੀ ਲੁਕਵੀਂ ਪੜਤਾਲ ਕਰ ਰਹੇ ਹਨ। ਇਸ ਪੜਤਾਲ ਦੇ ਚੱਲਦੇ ਹੀ ਪਿਛਲੇ ਦਿਨੀਂ ਅੰਮ੍ਰਿਤਸਰ ਦੇ ਮੈਡੀਕਲ ਸੁਪਰਡੈਂਟ ਨੂੰ ਹੈਰੋਇਨ ਸਣੇ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਫਰੀਦਕੋਟ ਵਿਚ ਇਕ ਏ.ਐਸ.ਪੀ, ਬਠਿੰਡਾ 'ਚ ਇਕ ਮੈਡੀਕਲ ਸੁਪਰਡੈਂਟ ਅਤੇ ਦੋ ਡਿਪਟੀ ਸੁਪਰਡੈਂਟਾਂ ਸਣੇ ਫਿਰੋਜ਼ਪੁਰ 'ਚ ਇਕ ਡਾਕਟਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।



# ਐਨ.ਆਰ.ਆਈ. ਥਾਣਿਆਂ 'ਚ ਢੁਕਵੀਂ ਕਾਰਵਾਈ ਯਕੀਨੀ ਬਣਾਵਾਂਗੇ: ਧਾਲੀਵਾਲ

**ਫਿਲੌਰ:** ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਕਿਹਾ ਕਿ ਐਨ.ਆਰ.ਆਈ. ਥਾਣਿਆਂ ਵਿੱਚ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਨੂੰ ਪੂਰੀ ਤਰਜੀਹ ਦਿੰਦਿਆਂ ਢੁਕਵੀਂ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਐੱਨਆਰਆਈ ਥਾਣਿਆਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਦੋ-ਦੋ ਲੱਖ ਰੁਪਏ ਦਿੱਤੇ ਜਾ ਰਹੇ ਹਨ। ਇੱਥੋਂ ਦੀ ਪੰਜਾਬ ਪੁਲੀਸ ਅਕੈਡਮੀ ਵਿੱਚ ਐੱਨਆਰਆਈ ਵਿੰਗ ਵੱਲੋਂ ਕਰਵਾਏ ਗਏ ਸੂਬਾ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਵਿੱਚ ਸੰਬੋਧਨ ਕਰਦਿਆਂ ਮੰਤਰੀ ਧਾਲੀਵਾਲ ਨੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਐੱਨਆਰਆਈ ਥਾਣਿਆਂ ਵਿੱਚ ਆਉਣ ਵਾਲੇ ਪਰਵਾਸੀ ਭਾਰਤੀਆਂ ਦੇ ਮਸਲਿਆਂ ਦਾ ਜਲਦੀ ਤੋਂ ਜਲਦੀ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾਣ ਤਾਂ ਜੋ ਪਰਵਾਸੀ ਭਾਰਤੀ ਨੂੰ ਫੌਰੀ ਨਿਆਂ ਹਾਸਲ ਕਰਨ ਵਿੱਚ ਕੋਈ ਔਕੜ ਪੇਸ਼ ਨਾ ਆਵੇ।

# ਮੂਸੇਵਾਲੇ ਦੇ ਪਰਿਵਾਰ ਵੱਲੋਂ ਸਰਕਾਰ ਨੂੰ ਮੁਲਕ ਛੱਡਣ ਦੀ ਚਿਤਾਵਨੀ

### ਪਿਤਾ ਨੇ ਅਲਟੀਮੇਟਮ ਦਿੰਦਿਆਂ ਪੁਲਿਸ ਦੀ ਨਾਲਾਇਕੀ ਉਤੇ ਚੁੱਕੇ ਸਵਾਲ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਪੰਜ ਮਹੀਨੇ ਬਾਅਦ 25 ਨਵੰਬਰ ਤੱਕ ਦਾ ਅਲਟੀਮੇਟਮ ਦਿੰਦਿਆਂ ਉਸ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਆਪਣੇ ਪੁੱਤ ਦੇ ਕਤਲ ਦੀ ਐਫ.ਆਈ.ਆਰ. ਵਾਪਸ ਲੈਣਗੇ ਕਿਉਂਕਿ ਸਰਕਾਰ ਉਨ੍ਹਾਂ ਦੇ ਪੁੱਤਰ ਨੂੰ ਗੈਂਗਸਟਰਾਂ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਉਹ ਦੇਸ਼ ਛੱਡ ਕੇ ਚਲੇ ਜਾਣਗੇ।

ਪਿੰਡ ਮੂਸਾ 'ਚ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਰਕਾਰ ਨੂੰ ਦੱਸਣਾ ਚਾਹੁੰਦੇ ਹਨ ਕਿ ਜੇਕਰ ਉਹ ਉਨ੍ਹਾਂ ਪੁੱਤ ਨੂੰ ਗੈਂਗਸਟਰਾਂ ਦਾ ਹਿੱਸਾ ਬਣਾਉਣਾ ਚਾਹੁੰਦੀ ਹੈ ਤਾਂ ਉਹ ਸਰਕਾਰ ਦਾ ਕੰਮ ਆਸਾਨ ਕਰਨਗੇ ਤੇ ਉਹ ਮਾਨਸਾ 'ਚ ਦਰਜ ਐਫ.ਆਈ.ਆਰ. ਵਾਪਸ ਲੈ ਲੈਣਗੇ।


ਉਨ੍ਹਾਂ ਕਿਹਾ ਕਿ ਉਹ ਵਾਅਦਾ ਕਰਦੇ ਹਨ ਕਿ ਉਹ ਇਕ ਮਹੀਨਾ ਉਡੀਕ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਡੀ.ਜੀ.ਪੀ. ਗੌਰਵ ਯਾਦਵ ਨੂੰ ਮਿਲਣ ਲਈ ਸਮਾਂ ਮੰਗਿਆ ਹੈ। ਉਹ ਉਨ੍ਹਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਦਿਮਾਗ ਵਿਚ ਕੀ ਹੈ। ਜੇ ਉਹ ਇਜਾਜ਼ਤ ਦਿੰਦੇ ਹਨ ਤਾਂ ਉਨ੍ਹਾਂ ਨੂੰ ਇਸ ਕਤਲ ਵਿਚ ਸ਼ਾਮਲ ਹੋਰ ਵਿਅਕਤੀਆਂ ਦੇ ਨਾਮ ਦੇਣਗੇ। ਉਹ ਇਕ ਮਹੀਨਾ ਇੰਤਜ਼ਾਰ ਕਰਨਗੇ ਤੇ ਉਸ ਤੋਂ ਬਾਅਦ ਆਪਣੀ ਐਫ.ਆਈ.ਆਰ. ਵਾਪਸ ਲੈ ਕੇ ਦੇਸ਼ ਛੱਡ ਦੇਣਗੇ। ਭਾਵੇਂ ਉਨ੍ਹਾਂ ਨੂੰ ਬੰਗਲਾਦੇਸ਼ ਵਿਚ ਹੀ ਰਹਿਣਾ ਪਵੇ। ਉਨ੍ਹਾਂ ਨੂੰ ਇਸ ਦੇਸ਼ ਦੀਆਂ ਏਜੰਸੀਆਂ ਤੋਂ ਇਨਸਾਫ ਦੀ ਕੋਈ ਉਮੀਦ ਨਹੀਂ ਹੈ। ਉਨ੍ਹਾਂ ਕਿਹਾ ਕਿ ਏਜੰਸੀਆਂ ਸੁੱਤੀਆਂ ਹੋਈਆਂ ਹਨ। ਉਨ੍ਹਾਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਬੀ-ਟੀਮ ਨੂੰ ਵੀ ਜਾਂਚ ਲਈ ਨਹੀਂ ਸੱਦਿਆ। ਉਨ੍ਹਾਂ ਦੋਸ਼ ਲਾਇਆ ਕਿ ਮਾਨਸਾ ਦੇ ਬਰਖ਼ਾਸਤ ਸੀ.ਆਈ.ਏ. ਇੰਚਾਰਜ ਪ੍ਰਿਤਪਾਲ ਸਿੰਘ ਦੀ ਹਿਰਾਸਤ ਵਿਚ ਗੈਂਗਸਟਰਾਂ ਨੂੰ ਅਮਰੀਕਾ ਵਿਚ ਕਾਲਾਂ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਉਹ ਸਾਬਕਾ ਫੌਜੀ ਹਨ ਅਤੇ ਕਾਨੂੰਨ ਦੇ ਖਿਲਾਫ ਨਹੀਂ ਜਾਣਗੇ। ਗੈਂਗਸਟਰ ਉਨ੍ਹਾਂ ਦੇ ਪੁੱਤ ਨੂੰ ਮਾਰਨ ਤੋਂ ਬਾਅਦ ਇਕ ਮਹੀਨੇ ਤੱਕ ਇਸੇ ਇਲਾਕੇ ਵਿਚ ਲੁਕੇ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਿਤਪਾਲ ਸਿੰਘ ਨੇ ਪੈਸੇ ਲੈ ਕੇ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ, ਜਿਨ੍ਹਾਂ ਇਨ੍ਹਾਂ ਗੈਂਗਸਟਰਾਂ ਨੂੰ ਪਨਾਹ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕੀ ਪੁਲਿਸ ਨੂੰ ਆਪਣੀ ਭੂਮਿਕਾ ਦੀ ਮੁੜ ਜਾਂਚ ਨਹੀਂ ਕਰਨੀ ਚਾਹੀਦੀ? ਐਨ.ਆਈ.ਏ. ਵੱਲੋਂ ਪੰਜਾਬੀ ਗਾਇਕਾ ਤੇ ਮੂਸੇਵਾਲਾ ਦੀ ਨਜ਼ਦੀਕੀ ਦੋਸਤ ਅਫਸਾਨਾ ਖਾਨ ਤੋਂ ਕੀਤੀ ਪੁੱਛ ਪੜਤਾਲ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਗੈਂਗਸਟਰ ਨੇ ਸੋਸ਼ਲ ਮੀਡੀਆ ਉਤੇ ਇਕ ਪੋਸਟ ਪਾਈ ਅਤੇ ਐਨ.ਆਈ.ਏ. ਨੇ ਇਸ ਦੀ ਹਮਾਇਤ ਕਰਨ ਵਾਲਿਆਂ ਨੂੰ ਸੰਮਨ ਕੀਤਾ। ਉਨ੍ਹਾਂ ਕਿਹਾ, 'ਜਦੋਂ ਸਿੱਧੂ ਮਾਰਿਆ ਗਿਆ ਸੀ ਤਾਂ ਮੈਂ ਉਸ ਦਾ ਮੋਬਾਈਲ ਫੋਨ, ਕਾਰ ਤੇ ਹਥਿਆਰ ਪੁਲਿਸ ਨੂੰ ਸੌਂਪੇ ਸਨ। ਉਹ ਸਭ ਕੁਝ ਚੈੱਕ ਕਰ ਸਕਦੇ ਹਨ। ਉਨ੍ਹਾਂ ਉਸ ਦੇ ਗੈਜੇਟਸ ਤੋਂ ਸਾਰਾ ਡਾਟਾ ਵੀ ਚੈੱਕ ਕੀਤਾ ਹੈ, ਪਰ ਕੁਝ ਨਹੀਂ ਮਿਲਿਆ। ਹੁਣ ਉਹ ਸਹਿ-ਕਲਾਕਾਰਾਂ ਰਾਹੀਂ ਗੈਂਗਸਟਰਾਂ ਨਾਲ ਲਿੰਕ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ।



## ਨਿਆਂ ਯਕੀਨੀ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਸਰਕਾਰ ਨੇ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਨਿਆਂ ਯਕੀਨੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਨੇ ਗਾਇਕ 'ਤੇ ਹਮਲਾ ਕਰਨ ਤੇ ਕਤਲ ਦੀ ਯੋਜਨਾ ਘੜਨ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਕੇਸ ਵਿਚ ਚਾਰਜਸ਼ੀਟ ਦਾਖਲ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰ ਨੂੰ ਕੈਨੇਡਾ ਬੈਠੇ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਦੀ ਅਪੀਲ ਕੀਤੀ ਹੈ, ਤਾਂ ਕਿ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾ ਕੀਤਾ ਜਾ ਸਕੇ।

# ‘ਆਪ’ ਕੋਲ ਦਿੱਲੀ ਅਤੇ ਤਿਲੰਗਾਨਾ ਵਿਚ ਅਪਰੇਸ਼ਨ ਲੋਟਸ ਦੇ ਸਬੂਤ: ਸਿਸੋਦੀਆ



**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਇਕ ਆਡੀਓ ਕਲਿੱਪ ਸੁਣਾਈ ਜਿਸ ਵਿਚ ਕਥਿਤ ਤੌਰ ’ਤੇ ਕੌਮੀ ਰਾਜਧਾਨੀ ਵਿਚ ‘ਆਪ’ ਦੇ ਵਿਧਾਇਕਾਂ ਦੀ ਖਰੀਦੋ-ਫਰੋਖ਼ਤ ਦੀ ਕੋਸ਼ਿਸ਼ ਬਾਰੇ ਚਰਚਾ ਕੀਤੀ ਜਾ ਰਹੀ ਹੈ। ਸ੍ਰੀ ਸਿਸੋਦੀਆ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਗ੍ਰਿਫਤਾਰੀ ਦੀ ਮੰਗ ਕਰਦਿਆਂ ਕਿਹਾ ਕਿ ਇਸ ਕਲਿੱਪ ਵਿਚ ਟੀ.ਆਰ.ਐਸ. ਦੇ ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਦੀ ਗੱਲ ਕੀਤੀ ਗਈ ਹੈ ਤੇ ‘ਆਪ’ ਕੋਲ ਇਸ ਦੇ ਸਬੂਤ ਹਨ। ਸਿਸੋਦੀਆ ਨੇ ਮਾਮਲੇ ਦੀ ਜਾਂਚ ਇਨਫੋਰਸਮੈਂਟ ਡਾਇਰੈਕਟਰ (ਈ.ਡੀ.) ਤੋਂ ਕਰਵਾਉਣ ਦੀ ਮੰਗ ਵੀ ਕੀਤੀ। ਭਾਜਪਾ ਤੇ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਗਈ।

ਸ੍ਰੀ ਸਿਸੋਦੀਆ ਨੇ ਆਡੀਓ ਕਲਿੱਪ ਚਲਾਈ ਤੇ ਕਿਹਾ ਕਿ ਇਸ ਕਲਿੱਪ ਵਿਚ ਜਿਸ ਵਿਅਕਤੀ ਦੀ ਆਵਾਜ਼ ਸੁਣੀ ਜਾ ਰਹੀ ਹੈ, ਉਹ ਭਾਜਪਾ ਨਾਲ ਜੁੜਿਆ ਕਥਿਤ ਦਲਾਲ ਹੈ ਜਿਸ ਨੂੰ ਤਿਲੰਗਾਨਾ ਵਿਚ ਸਰਕਾਰ ਚਲਾ ਰਹੀ ਤਿਲੰਗਾਨਾ ਰਾਸ਼ਟਰ ਸਮਿਤੀ (ਟੀ.ਆਰ.ਐਸ.) ਦੇ ਵਿਧਾਇਕਾਂ ਦੀ ਖਰੀਦੋ-ਫਰੋਖ਼ਤ ਦੇ ਕਥਿਤ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਇਹ ਕਥਿਤ ਦਲਾਲ ਉਨ੍ਹਾਂ ਤਿੰਨ ਲੋਕਾਂ ਵਿਚੋਂ ਇਕ ਦੱਸਿਆ ਜਾ ਰਿਹਾ ਹੈ ਜੋ ਵਿਧਾਇਕਾਂ ਦੀ ਖਰੀਦੋ ਫਰੋਖ਼ਤ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸਨ। ਉਨ੍ਹਾਂ ਦੋਸ਼ ਲਾਇਆ, ‘ਅੱਜ ਅਪਰੇਸ਼ਨ ਲੋਟਸ ਦੀ ਇਕ ਵੱਡੀ ਮਿਸਾਲ ਸਾਹਮਣੇ ਆਈ ਹੈ ਜਿਸ ਨੂੰ ਭਾਜਪਾ ਅੰਜਾਮ ਦੇ ਰਹੀ ਹੈ। ਉਹ ਵਿਧਾਇਕ ਖਰੀਦਦੇ ਹਨ ਤੇ ਚੁਣੀਆਂ ਹੋਈਆਂ ਸਰਕਾਰਾਂ ਡੇਗਦੇ ਹਨ। ਅਜਿਹੇ ਲਿੰਕ ਦਿੱਲੀ ਤੇ ਤਿਲੰਗਾਨਾ ’ਚ ਸਾਹਮਣੇ ਆਏ ਹਨ। ‘ਆਪ’ ਕੋਲ ਇਸ ਦਾ ਸਬੂਤ ਹੈ।’

## ‘ਆਪ’ ਨੇ ਪ੍ਰਤਾਪ ਬਾਜਵਾ ਨੂੰ ਘੇਰਿਆ

**ਚੰਡੀਗੜ੍ਹ:** ‘ਆਪ’ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਚੰਡੀਗੜ੍ਹ ਵਿਚ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਹਾਲ ਹੀ ਵਿਚ ਕਾਂਗਰਸੀ ਵਰਕਰਾਂ ਨੂੰ ਇਕ ਖੁਸ਼ਖਬਰੀ ਸੁਣਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਜਲਦੀ ਹੀ ਮਹਾਰਾਸ਼ਟਰ ਵਾਂਗ ਭਾਜਪਾ ਪੰਜਾਬ ਵਿਚ ਵੀ ਸਰਕਾਰ ਡੇਗ ਦੇਵੇਗੀ। ਇਸ ਤੋਂ ਸਾਬਤ ਹੋ ਗਿਆ ਹੈ ਕਿ ਪੰਜਾਬ ’ਚ ਭਾਜਪਾ ਦੇ ‘ਅਪਰੇਸ਼ਨ ਕਮਲ’ ਨੂੰ ਸਫਲ ਬਣਾਉਣ ਲਈ ਕਾਂਗਰਸ ਤੇ ਸਾਰੇ ਵੱਡੇ ਆਗੂ ਭਾਜਪਾ ਨਾਲ ਮਿਲ ਕੇ ਕੰਮ ਕਰ ਰਹੇ ਹਨ। ਸ੍ਰੀ ਬਾਜਵਾ ਪੰਜਾਬ ਵਿਚ ਭਾਜਪਾ ਦੇ ਏਜੰਟ ਵਜੋਂ ਕੰਮ ਕਰ ਰਹੇ ਹਨ, ਜਿਸ ਦਾ ਇਕੋ ਇਕ ਉਦੇਸ਼, ਤਿੰਨ ਕਰੋੜ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਨੂੰ ਅਸਥਿਰ ਕਰਨਾ ਹੈ। ਸ੍ਰੀ ਕੰਗ ਨੇ ਕਿਹਾ ਕਿ ਭਾਜਪਾ ਨੇ ਪਹਿਲਾਂ ਮੱਧ ਪ੍ਰਦੇਸ਼, ਕਰਨਾਟਕ, ਗੋਆ ਤੇ ਮਹਾਰਾਸ਼ਟਰ ਵਿਚ ਅਪ੍ਰੇਸ਼ਨ ਕਮਲ ਤਹਿਤ ਆਪਣਾ ਕਬਜ਼ਾ ਕਰ ਲਿਆ ਹੈ।

## ‘ਟੀ.ਆਰ.ਐਸ. ਦੇ 20-30 ਵਿਧਾਇਕ ਖਰੀਦਣ ਦੀ ਕੋਸ਼ਿਸ਼’

**ਹੈਦਰਾਬਾਦ:** ਤਿਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਸੂਬੇ ’ਚ ਹਾਕਮ ਧਿਰ ਟੀ.ਆਰ.ਐਸ. ਦੇ 20-30 ਵਿਧਾਇਕ ਖਰੀਦਣ ਤੇ ਉਨ੍ਹਾਂ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕਰ ਰਹੀ ਹੈ। ਮੁਨੂਗੋੜੇ ਵਿਧਾਨ ਸਭਾ ਸੀਟ ’ਤੇ ਉਪ ਚੋਣ ਲਈ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਰਾਓ ਨੇ ਤਿਲੰਗਾਨਾ ਰਾਸ਼ਟਰ ਸਮਿਤੀ (ਟੀ.ਆਰ.ਐਸ.) ਦੇ ਵਿਧਾਇਕਾਂ ਦੇ ਮਾਮਲੇ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਦਿੱਲੀ ਤੋਂ ‘ਦਲਾਲ’ ਆਏ ਤੇ ਹਰੇਕ ਨੂੰ 100 ਕਰੋੜ ਰੁਪਏ ਦੀ ਪੇਸ਼ਕਸ਼ ਕਰਕੇ ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਹਾਲਾਂਕਿ ਅਸਲੀ ਧਰਤੀ ਪੁੱਤਰ ਵਿਧਾਇਕਾਂ ਨੇ ਇਹ ਤਜਵੀਜ਼ ਠੁਕਰਾ ਦਿੱਤੀ।

# ਹੈਲੋਵੀਨ: ਭਾਜੜ ’ਚ ਮ੍ਰਿਤਕਾਂ ਦੀ ਗਿਣਤੀ 150 ਤੋਂ ਪਾਰ



**ਸਿਓਲ:** ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ’ਚ ਹੈਲੋਵੀਨ ਦੌਰਾਨ ਭੀੜ ਦੇ ਇਕ ਭੀੜੀ ਗਲੀ ’ਚ ਦਾਖਲ ਹੋਣ ਦੀ ਕੋਸ਼ਿਸ਼ ਕਾਰਨ ਮਚੀ ਭਗਦੜ ’ਚ ਮ੍ਰਿਤਕਾਂ ਦੀ ਗਿਣਤੀ ਵਧ ਕੇ 155 ਹੋ ਗਈ ਹੈ ਜਦਕਿ 82 ਹੋਰਾਂ ਦਾ ਇਲਾਜ ਚੱਲ ਰਿਹਾ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਦੁਨੀਆਂ ਭਰ ਦੇ ਆਗੂਆਂ ਨੇ ਇਸ ਘਟਨਾ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਐਮਰਜੈਂਸੀ ਮੁਲਾਜ਼ਮਾਂ ਤੇ ਰਾਹਗੀਰਾਂ ਨੇ ਰਾਜਧਾਨੀ ਦੇ ਇਟੇਵਨ ਜ਼ਿਲ੍ਹੇ ’ਚ ਮੱਚੀ ਭਗਦੜ ਤੋਂ ਬਾਅਦ ਸੜਕਾਂ ’ਤੇ ਪਏ ਲੋਕਾਂ ਨੂੰ ਸਾਹ ਦਿਵਾਉਣ ਦੀ ਕੋਸ਼ਿਸ਼ ਕੀਤੀ। ਸਿਓਲ ਦੇ ਯੋਂਗਸਨ ਫਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਚੋਈ ਸੇਓਂਗ ਬੋਮਿ ਅਨੁਸਾਰ ਮ੍ਰਿਤਕਾਂ ਤੇ ਜ਼ਖ਼ਮੀਆਂ ’ਚ ਜ਼ਿਆਦਾਤਰ 20 ਸਾਲ ਤੱਕ ਦੀ ਉਮਰ ਦੇ ਨੌਜਵਾਨ ਹਨ। ਇਟੇਵਨ ’ਚ ਦੇਸ਼ ਦੇ ਸਭ ਤੋਂ ਵੱਡੇ ਆਊਟ ਡੋਰ ਹੈਲੋਵੀਨ ਸਮਾਗਮ ਲਈ ਤਕਰੀਬਨ ਇਕ ਲੱਖ ਲੋਕ ਇਕੱਠੇ ਹੋਏ ਸਨ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਉਨ੍ਹਾਂ ਦੀ ਪਤਨੀ ਜਿੱਲ ਬਾਇਡਨ ਨੇ ਪੀੜਤ ਗਣਰਾਜ ਦੇ ਲੋਕਾਂ ਨਾਲ ਹਮਦਰਦੀ ਜ਼ਾਹਿਰ ਕਰਦੇ ਹਾਂ ਤੇ ਜ਼ਖ਼ਮੀਆਂ ਦੇ ਜਲਦੀ ਸਿਹਤਯਾਬ ਹੋਣ ਦੀ ਪ੍ਰਾਰਥਨਾ ਕਰਦੇ ਹਾਂ।’

# ਜੀ.ਐਮ. ਸਰ੍ਹੋਂ ਨੂੰ ਹਰੀ ਝੰਡੀ ਚੌਗਿਰਦੇ ਤੇ ਖੇਤੀ ਲਈ ਮਾਰੂ ਕਰਾਰ



**ਜਲੰਧਰ:** ਸੰਯੁਕਤ ਕਿਸਾਨ ਯੂਨੀਅਨ ਮਹਿਲਾ ਵਿੰਗ ਦੀ ਪ੍ਰਧਾਨ ਬੀਬਾ ਰਾਜਵਿੰਦਰ ਕੌਰ ਰਾਜੂ ਨੇ ਕੇਂਦਰੀ ਵਾਤਾਵਰਨ ਮੰਤਰਾਲੇ ਦੀ ਜੈਨੇਟਿਕ ਇੰਜੀਨੀਅਰਿੰਗ ਮੁਲਾਂਕਣ ਕਮੇਟੀ ਵੱਲੋਂ ਜੈਨੇਟਿਕ ਤੌਰ ’ਤੇ ਸੋਧੀ ਹੋਈ (ਜੀਐਮ) ਸਰ੍ਹੋਂ ਦੇ ਬੀਜਾਂ ਦੀ ਪੈਦਾਵਾਰ ਨੂੰ ਮਨਜ਼ੂਰੀ ਦੇਣ ਨੂੰ ਮਨੁੱਖਾਂ, ਚੌਗਿਰਦੇ, ਜੈਵਿਕ ਵਿਭਿੰਨਤਾ ਤੇ ਖੇਤੀ ਲਈ ਖਤਰਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਕੇਂਦਰ ਦੀ ਮੋਦੀ ਸਰਕਾਰ ਦੀਆਂ ਚਹੇਤੀਆਂ ਕਾਰਪੋਰੇਟ ਕੰਪਨੀਆਂ ਨੂੰ ਫਾਇਦਾ ਦੇਣ ਵਾਲਾ ਪਰ ਕਿਸਾਨਾਂ ਲਈ ਨਵੀਆਂ ਮੁਸੀਬਤਾਂ ਖੜ੍ਹੀਆਂ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਜੀਐਮ ਫਸਲਾਂ ਤੇ ਉਨ੍ਹਾਂ ਤੋਂ ਪੈਦਾ ਹੁੰਦੇ ਅੰਨ ਦੇ ਅਸੁਰੱਖਿਅਤ, ਜ਼ਹਿਰੀਲੇ ਤੇ ਜੀਵਨ ਲਈ ਮਾਰੂ ਹੋਣ ਕਰਕੇ ਪਹਿਲਾਂ ਵੀ ਅਜਿਹੇ ਫੈਸਲਿਆਂ ਦੀ ਵਿਆਪਕ ਆਲੋਚਨਾ ਹੋਈ ਸੀ ਜਿਸ ਕਰਕੇ ਸਰਕਾਰ ਨੂੰ ਉਹ ਫੈਸਲਾ ਵਾਪਸ ਲੈਣਾ ਪਿਆ ਸੀ।

## ਬੋਲਸੋਨਾਰੋ ਨੂੰ ਹਰਾ ਕੇ ਲੂਲਾ ਡਾ ਸਿਲਵਾ ਬ੍ਰਾਜ਼ੀਲ ਦੇ ਨਵੇਂ ਰਾਸ਼ਟਰਪਤੀ ਬਣੇ

**ਸਾਓ ਪੋਲੋ:** ਖੱਬੇ ਪੱਖੀ ‘ਵਰਕਰਜ਼ ਪਾਰਟੀ’ ਦੇ ਲੁਇਸ ਇਨਾਸਿਓ ਲੂਲਾ ਡਾ ਸਿਲਵਾ ਬ੍ਰਾਜ਼ੀਲ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ ਹਨ। ਉਨ੍ਹਾਂ ਮੌਜੂਦਾ ਰਾਸ਼ਟਰਪਤੀ ਜੇਅਰ ਬੋਲਸੋਨਾਰੋ ਨੂੰ ਹਰਾਇਆ। ਚੋਣ ਅਥਾਰਿਟੀ ਨੇ ਕਿਹਾ ਕਿ ਆਮ ਚੋਣਾਂ ਵਿਚ ਪਈਆਂ ਕੁੱਲ ਵੋਟਾਂ ਵਿਚੋਂ 99 ਫੀਸਦ ਦੀ ਗਿਣਤੀ ਮੁਤਾਬਕ ਲੂਲਾ ਡਾ ਸਿਲਵਾ ਨੂੰ 50.9 ਫੀਸਦ ਤੇ ਬੋਲਸਨਾਰੋ ਨੂੰ 49.1 ਫੀਸਦ ਵੋਟਾਂ ਪਈਆਂ ਹਨ।

ਲੂਲਾ ਡਾ ਸਿਲਵਾ ਲਈ ਇਹ ਹੈਰਾਨ ਕਰਨ ਵਾਲਾ ਉਲਟ-ਫੇਰ ਹੈ। ਸਿਲਵਾ 2003 ਤੋਂ 2010 ਦੌਰਾਨ ਬ੍ਰਾਜ਼ੀਲ ਦੇ ਰਾਸ਼ਟਰਪਤੀ ਰਹਿ ਚੁੱਕੇ ਹਨ। ਸਿਲਵਾ ਨੂੰ 2018 ਵਿਚ ਭ੍ਰਿਸ਼ਟਾਚਾਰ ਦੇ ਕੇਸ ਵਿਚ ਕੈਦ ਦੀ ਸਜ਼ਾ ਸੁਣਾਈ ਗਈ ਸੀ ਜਿਸ ਕਰਕੇ ਉਨ੍ਹਾਂ ਨੂੰ ਉਸ ਸਾਲ ਚੋਣਾਂ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਅਮਰੀਕੀ ਸਦਰ ਜੋਅ ਬਾਇਡਨ, ਯੂਰਪੀ ਸੰਘ ਤੇ ਵਿਸ਼ਵ ਭਰ ਦੇ ਹੋਰਨਾਂ ਆਗੂਆਂ ਨੇ ਸਿਲਵਾ ਨੂੰ ਵਧਾਈਆਂ ਦਿੱਤੀਆਂ ਹਨ।

# ਸਾਂਝਾ ਸਿਵਲ ਕੋਡ: ਕੇਜਰੀਵਾਲ ਵੱਲੋਂ ਭਾਜਪਾ ਦੀ ਨੀਅਤ ’ਤੇ ਸਵਾਲ

**ਭਾਵਨਗਰ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗੁਜਰਾਤ ਚੋਣਾਂ ਤੋਂ ਪਹਿਲਾਂ ਸੂਬੇ ਦੀ ਭਾਜਪਾ ਸਰਕਾਰ ਵੱਲੋਂ ਸਾਂਝਾ ਸਿਵਲ ਕੋਡ ਲਾਗੂ ਕਰਨ ਲਈ ਕਮੇਟੀ ਬਣਾਉਣ ਦੇ ਇਰਾਦੇ ’ਤੇ ਉਜ਼ਰ ਜਤਾਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਇਰਾਦੇ ਨੇਕ ਨਹੀਂ ਜਾਪਦੇ ਤੇ ਇਹ ਫੈਸਲਾ ਮਹਿਜ਼ ਚੋਣ ਪੈਂਤੜਾ ਹੈ।

‘ਆਪ’ ਸੁਪਰੀਮੋ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਸਾਂਝੇ ਸਿਵਲ ਕੋਡ ਬਾਰੇ ਵਾਕਈ ਗੰਭੀਰ ਹੈ ਤਾਂ ਇਸ ਨੂੰ ਪੂਰੇ ਦੇਸ਼ ਵਿਚ ਲਾਗੂ ਕਰੇ। ਉਨ੍ਹਾਂ ਚੁਟਕੀ ਲੈਂਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਕੀ ਇਸ ਦਿਸ਼ਾ ਵਿਚ ਪੇਸ਼ਕਦਮੀ ਲਈ ਲੋਕ ਸਭਾ ਚੋਣਾਂ ਦੀ ਉਡੀਕ ਹੈ। ਕੇਜਰੀਵਾਲ ਗੁਜਰਾਤ ਫੇਰੀ ਦੇ ਤੀਜੇ ਦਿਨ ਭਾਵਨਗਰ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਗੁਜਰਾਤ ਸਰਕਾਰ ਨੇ ਕਿਹਾ ਸੀ ਕਿ ਉਸ ਨੇ ਸੂਬੇ ਵਿਚ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਲਾਗੂ ਕਰਨ ਲਈ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਕਮੇਟੀ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਕੇਂਦਰੀ ਮੰਤਰੀ ਪਰਸ਼ੋਤਮ ਰੁਪਾਲਾ ਨੇ ਕਿਹਾ ਸੀ ਕਿ ਸੂਬੇ ਵਿਚ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਕਮੇਟੀ ਗਠਿਤ ਕਰ ਦਿੱਤੀ ਜਾਵੇਗੀ।

ਕੇਜਰੀਵਾਲ ਨੇ ਕਿਹਾ ਕਿ ਭਾਜਪਾ ਨੇ



ਉੱਤਰਾਖੰਡ ਚੋਣਾਂ ਤੋਂ ਪਹਿਲਾਂ ਵੀ ਅਜਿਹੀ ਇਕ ਕਮੇਟੀ ਕਾਇਮ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ, ‘‘ਚੋਣਾਂ ਜਿੱਤਣ ਮਗਰੋਂ ਕਮੇਟੀ ਘਰ ਨੂੰ ਪਰਤ ਗਈ। ਹੁਣ ਗੁਜਰਾਤ ਚੋਣਾਂ ਤੋਂ ਐਨ ਪਹਿਲਾਂ ਉਨ੍ਹਾਂ ਇਕ ਹੋਰ ਕਮੇਟੀ ਗਠਿਤ ਕੀਤੀ ਹੈ। ਚੋਣਾਂ ਮਗਰੋਂ ਇਸ ਕਮੇਟੀ (ਦੇ ਮੈਂਬਰ) ਵੀ ਘਰਾਂ ਨੂੰ ਪਰਤ ਜਾਣਗੇ।’’ ਕੇਜਰੀਵਾਲ ਨੇ ਸਵਾਲ ਕੀਤਾ ਕਿ ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਤੇ ਉਤਰ ਪ੍ਰਦੇਸ਼ ਵਿਚ ਅਜਿਹੀ ਕੋਈ ਕਮੇਟੀ ਕਿਉਂ ਨਹੀਂ ਬਣਾਈ ਗਈ।

# ਹਿੰਦ ਪ੍ਰਸ਼ਾਂਤ ਖਿੱਤੇ ’ਚ ਭਾਰਤੀ ਭੂਮਿਕਾ ਵਧਾਉਣਾ ਚਾਹੁੰਦਾ ਹੈ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਰਣਨੀਤਕ ਤੌਰ ’ਤੇ ਅਹਿਮ ਹਿੰਦ ਪ੍ਰਸ਼ਾਂਤ ਖਿੱਤੇ ’ਚ ਵਿਆਪਕ ਤੇ ਸਥਿਰ ਭੂਮਿਕਾ ਨਿਭਾਉਣ ’ਚ ਭਾਰਤ ਦੀ ਸਹਾਇਤਾ ਕਰੇਗਾ। ਪੈਂਟਾਗਨ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਭਾਰਤ ਤੇਜ਼ੀ ਨਾਲ ਰੱਖਿਆ ਆਧੁਨਿਕੀਕਰਨ ਵੱਲ ਵਧ ਰਿਹਾ ਹੈ। ਪਿਛਲੇ ਸਾਲ ਸੱਤਾ ਸੰਭਾਲਣ ਮਗਰੋਂ ਬਾਇਡਨ ਸਰਕਾਰ ਨੇ ਭਾਰਤ-ਅਮਰੀਕੀ ਰੱਖਿਆ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਕਈ ਕਦਮ ਉਠਾਏ ਹਨ। ਅਧਿਕਾਰੀ ਨੇ ਕਿਹਾ,‘‘ਅਮਰੀਕਾ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਅਸੀਂ ਭਾਰਤ ਨਾਲ ਅਜਿਹੀ ਭਾਈਵਾਲੀ ਕਰੀਏ ਤਾਂ ਜੋ ਉਹ ਇਸ ਖੇਤਰ ’ਚ ਵਿਆਪਕ ਤੇ ਸਥਿਰ ਭੂਮਿਕਾ ਨਿਭਾ ਸਕੇ।’’ ਆਪਣਾ ਨਾਮ ਨਾ ਦੱਸਣ ਦੀ ਸ਼ਰਤ ’ਤੇ ਪੈਂਟਾਗਨ ਦੇ ਅਧਿਕਾਰੀ ਨੇ ਕਿਹਾ ਕਿ ਅਮਰੀਕੀ ਅਤੇ ਭਾਰਤੀ ਫੌਜ ਵਿਚਕਾਰ ਤਾਲਮੇਲ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੇ ਤਰੀਕਿਆਂ ’ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਦੀਆਂ ਫੌਜਾਂ ਦੇ ਸਾਂਝੇ ਅਭਿਆਸ ਨਾਲ ਭਵਿੱਖ ’ਚ ਆਉਣ ਵਾਲੀਆਂ ਚੁਣੌਤੀਆਂ ਦਾ ਬਿਹਤਰ ਢੰਗ ਨਾਲ ਟਾਕਰਾ ਕੀਤਾ ਜਾ ਸਕੇਗਾ। ਉਂਜ ਅਧਿਕਾਰੀ ਨੇ ਇਹ ਦੱਸਣ ਤੋਂ ਗੁਰੇਜ਼ ਕੀਤਾ ਕਿ ਦੋਵੇਂ ਮੁਲਕ ਆਪਣੀਆਂ ਸਾਂਝੀਆਂ ਚੁਣੌਤੀਆਂ ਦਾ ਜਵਾਬ ਕਿਵੇਂ ਦੇਣਗੇ।

## ਭਾਰਤੀ ਪੇਸ਼ੇਵਰਾਂ ਲਈ ਲਾਹੇਵੰਦ ਹੋਵੇਗੀ ਹਾਂਗਕਾਂਗ ਦੀ ਨਵੀਂ ਵੀਜ਼ਾ ਸਕੀਮ




**ਨਵੀਂ ਦਿੱਲੀ:** ਹਾਂਗਕਾਂਗ ਵੱਲੋਂ ਲਾਗੂ ਕੀਤੀ ਜਾ ਰਹੀ ਨਵੀਂ ਵੀਜ਼ਾ ਨੀਤੀ ਭਾਰਤ ਦੇ ਵੱਡੀ ਗਿਣਤੀ ਪੇਸ਼ੇਵਰਾਂ ਲਈ ਲਾਹੇਵੰਦ ਸਾਬਤ ਹੋਵੇਗੀ। ਇਸ ਦਾ ਲਾਭ ਫਿਨਟੈਕ, ਲੌਜਿਸਟਿਕਸ ਤੇ ਬੈਂਕਿੰਗ ਖੇਤਰ ਦੇ ਮਾਹਿਰਾਂ ਨੂੰ ਹੋਵੇਗਾ। ਪਿਛਲੇ ਦੋ ਸਾਲਾਂ ਵਿਚ ਹਾਂਗਕਾਂਗ ਸ਼ਹਿਰ ਦੀ ਕੰਮਕਾਜੀ ਆਬਾਦੀ ਘਟੀ ਹੈ ਤੇ ਲੋਕ ਦੇਸ਼ ਤੋਂ ਬਾਹਰ ਜਾ ਰਹੇ ਹਨ। ਅਜਿਹੇ ਵਿਚ ਕੌਮਾਂਤਰੀ ਵਿੱਤੀ ਕੇਂਦਰ ਵਜੋਂ ਸ਼ਹਿਰ ਦਾ ਦਰਜਾ ਖਤਰੇ ਵਿਚ ਪੈ ਗਿਆ ਹੈ। ਸ਼ਹਿਰ ਦੇ ਮੁੱਖ ਕਾਰਜਕਾਰੀ ਜੌਹਨ ਲੀ ਨੇ ਇਸ ਮਹੀਨੇ ‘ਟੌਪ ਟੈਲੰਟ ਪਾਸ ਸਕੀਮ’ ਦਾ ਐਲਾਨ ਕੀਤਾ ਹੈ। ਇਸ ਵਿਚ ਉਚੀ ਕਮਾਈ ਕਰਨ ਵਾਲਿਆਂ ਲਈ ਰਿਆਇਤਾਂ ਦਾ ਐਲਾਨ ਕੀਤਾ ਗਿਆ ਹੈ। ਟਾਪਰ ਯੂਨੀਵਰਸਿਟੀ ਗ੍ਰੈਜੂਏਟਾਂ ਨੂੰ ਵੀ ਸਕੀਮ ਵਿਚ ਸ਼ਾਮਲ ਕੀਤਾ ਗਿਆ ਹੈ।

# ਹਿੰਦੂ ਰਾਸ਼ਟਰ ਬਣਾਉਣ ਲਈ ਭਾਜਪਾ ਤੇ ‘ਆਪ’ ਭਾਈਵਾਲ: ਹਵਾਰਾ ਕਮੇਟੀ

**ਅੰਮ੍ਰਿਤਸਰ:** ਹਵਾਰਾ ਕਮੇਟੀ ਨੇ ਦੋਸ਼ ਲਾਇਆ ਕਿ ਭਾਜਪਾ ਤੇ ‘ਆਪ’ ਹਿੰਦੂ ਰਾਸ਼ਟਰ ਬਣਾਉਣ ਦੇ ਮੁੱਦੇ ’ਤੇ ਦੋਵੇਂ ਭਾਈਵਾਲ ਹਨ। ‘ਆਪ’ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਭਾਰਤੀ ਕਰੰਸੀ ’ਤੇ ਲਕਸ਼ਮੀ ਤੇ ਭਗਵਾਨ ਗਣੇਸ਼ ਦੀਆਂ ਤਸਵੀਰਾਂ ਲਗਾਉਣ ਦੀ ਵਕਾਲਤ ਬਾਰੇ ਹਵਾਰਾ ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ‘ਆਪ’, ਭਾਜਪਾ ਦਾ ਹਿੰਦੂ ਰਾਸ਼ਟਰ ਦਾ ਏਜੰਡਾ ਲਾਗੂ ਕਰਨ ਵਿਚ ਸਹਾਇਕ ਦੀ ਭੂਮਿਕਾ ਨਿਭਾਅ ਰਹੀ ਹੈ।

ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਤੋਂ ਸਪਸ਼ਟ ਹੈ ਕਿ ਘੱਟ ਗਿਣਤੀਆਂ ਵਿਸ਼ੇਸ਼ ਤੌਰ ’ਤੇ ਸਿੱਖਾਂ ਪ੍ਰਤੀ ਕੇਜਰੀਵਾਲ ਤੇ ਮੋਦੀ ਦੀ ਸੋਚ ਇਕ ਹੈ। ਹਵਾਰਾ ਕਮੇਟੀ ਨੇ ਕਿਹਾ ਕਿ ਸਿੱਖ ਸਮੱਸਿਆਵਾਂ ਦਾ ਹੱਲ ਕਾਂਗਰਸ, ‘ਆਪ’ ਤੇ ਭਾਜਪਾ ਕੋਲ ਨਹੀਂ ਹੈ। ਇਨ੍ਹਾਂ ਦਾ ਪੰਜਾਬ ਤੇ ਸਿੱਖਾਂ ਪ੍ਰਤੀ ਨਜ਼ਰੀਆ ਇਕੋ ਜਿਹਾ ਹੈ। ਭਾਰਤੀ ਕਰੰਸੀ ’ਤੇ ਲਕਸ਼ਮੀ ਤੇ ਭਗਵਾਨ ਗਣੇਸ਼ ਦੀ ਤਸਵੀਰ ਲਾਉਣ ਲਈ ਕੇਜਰੀਵਾਲ ਦੀ ਹਮਾਇਤ ਕਰਨ ਵਾਲੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਹੋਣ ਦੇ ਨਾਤੇ ਉਨ੍ਹਾਂ ਵੱਲੋਂ ਇਹ ਬਿਆਨ ਸਿੱਖ ਸਿਧਾਂਤ ਅਤੇ ਦੀਵਾਨ ਦੇ ਸੰਵਿਧਾਨ ਦੇ ਉਲਟ ਹੈ। ਇਸ ਲਈ ਉਨ੍ਹਾਂ ਨੂੰ ਦੀਵਾਨ ਦਾ ਪ੍ਰਧਾਨ ਰਹਿਣ ਦਾ ਕੋਈ ਹੱਕ ਨਹੀਂ। ਉਨ੍ਹਾਂ ਡਾ. ਨਿੱਝਰ ਨੂੰ ਸਵਾਲ ਕੀਤਾ ਕਿ ਕੀ ਕਦੇ ਉਨ੍ਹਾਂ ਨੇ ਕੇਜਰੀਵਾਲ ਨੂੰ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਵਿਚ ਤਬਦੀਲ ਕਰਨ ਅਤੇ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਬਾਰੇ ਜ਼ੋਰ ਪਾ ਕੇ ਗੱਲ ਕੀਤੀ ਹੈ?

ਪੰਜਾਬ ਟਾਈਮਜ਼

*ਸਨਿਚਰਵਾਰ, 5 ਨਵੰਬਰ 2022*

## ਚੋਣਾਂ ਅਤੇ ਸਿਆਸਤਦਾਨ

ਅਗਸਤ ਵਿਚ ਅੰਗਰੇਜ਼ਾਂ ਤੋਂ ਆਜ਼ਾਦੀ ਦੇ 75 ਸਾਲ ਮੁਕੰਮਲ ਹੋਣ 'ਤੇ ਭਾਰਤ ਅੰਦਰ ਬਹੁਤ ਸਾਰੇ ਸਮਾਗਮ ਰਚਾਏ ਗਏ। ਇਨ੍ਹਾਂ ਸਮਾਗਮਾਂ ਵਿਚ ਆਜ਼ਾਦੀ ਦੇ ਨਾਲ-ਨਾਲ ਭਾਰਤ ਦੀ ਜਮਹੂਰੀਅਤ ਦੇ ਵੀ ਰੱਜ ਕੇ ਗੁਣ ਗਾਏ ਗਏ। ਉਂਝ ਵੀ ਵੋਟਰਾਂ ਦੀ ਗਿਣਤੀ ਦੇ ਪੱਖ ਤੋਂ ਭਾਰਤ ਨੂੰ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਕਿਹਾ ਜਾਂਦਾ ਹੈ ਪਰ ਬਹੁਤ ਸਾਰੇ ਸਿਆਸੀ ਵਿਸ਼ਲੇਸ਼ਕ ਅਕਸਰ ਇਹ ਸਵਾਲ ਕਰਦੇ ਹਨ ਕਿ ਕੀ ਸੱਚਮੁੱਚ ਭਾਰਤ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ? ਵੱਖ-ਵੱਖ ਸਿਆਸੀ ਮਾਹਿਰ ਇਸ ਸਵਾਲ ਨੂੰ ਆਪੋ-ਆਪਣੇ ਢੰਗ ਨਾਲ ਨਜਿੱਠਦੇ ਹਨ। ਉਂਝ ਹੁਣ ਸਮੇਂ ਨਾਲ ਇਹ ਤੱਥ ਵਾਰ-ਵਾਰ ਸਾਹਮਣੇ ਆ ਰਿਹਾ ਹੈ ਕਿ ਭਾਰਤੀ ਜਮਹੂਰੀਅਤ ਹੁਣ ਸਿਰਫ ਵੋਟਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਹੀ ਨਹੀਂ, ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਇਕ-ਇਕ ਕਰਕੇ ਸਾਰੀਆਂ ਜਮਹੂਰੀ ਸੰਸਥਾਵਾਂ ਦੀਆਂ ਗੋਡਣੀਆਂ ਲੁਆ ਦਿੱਤੀਆਂ ਗਈਆਂ ਹਨ। ਇਸ ਦੀ ਤਾਜ਼ਾ ਮਿਸਾਲ ਚੋਣ ਕਮਿਸ਼ਨ ਦਾ ਹਾਲੀਆ ਫੈਸਲਾ ਹੈ। ਚੋਣ ਕਮਿਸ਼ਨ ਨੇ ਹਿਮਾਚਲ ਪ੍ਰਦੇਸ਼ ਵਿਚ ਤਾਂ ਚੋਣਾਂ ਲਈ ਤਰੀਕਾਂ ਦਾ ਐਲਾਨ ਕਰ ਦਿੱਤਾ ਪਰ ਗੁਜਰਾਤ ਲਈ ਚੋਣ ਤਰੀਕਾਂ ਦਾ ਐਲਾਨ ਨਹੀਂ ਕੀਤਾ; ਭਾਵ ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਚਾਰ ਕਰਨ ਦਾ ਸਮਾਂ ਦਿੱਤਾ ਗਿਆ। ਉਥੇ ਮੋਦੀ ਵੱਲੋਂ ਪੁਲ ਹਾਦਸਾ ਵਾਪਰਨ ਦੇ ਬਾਵਜੂਦ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਪੁਲ ਹਾਦਸੇ ਵਿਚ 135 ਮੌਤਾਂ ਹੋਈਆਂ ਹਨ ਅਤੇ ਕਈ ਜ਼ਖਮੀ ਹੋਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਂ ਇਸ ਪੱਖੋਂ ਵੀ ਆਲੋਚਨਾ ਹੋ ਰਹੀ ਹੈ ਕਿ ਜਿਸ ਹਸਪਤਾਲ ਵਿਚ ਉਹ ਪੁਲ ਹਾਦਸੇ ਦੇ ਜ਼ਖਮੀਆਂ ਦਾ ਹਾਲ-ਚਾਲ ਪੁੱਛਣ ਗਏ, ਉਥੇ ਰਾਤੋ-ਰਾਤ ਰੰਗ-ਰੋਗਨ ਕਰਵਾ ਦਿੱਤਾ ਗਿਆ।

ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਕਰੰਸੀ ਨੋਟਾਂ ਉਤੇ ਲਕਸ਼ਮੀ ਅਤੇ ਗਣੇਸ਼ ਦੀਆਂ ਤਸਵੀਰਾਂ ਛਾਪਣ ਦੀ ਮੰਗ ਵੀ ਮੂਲ ਰੂਪ ਵਿਚ ਵੋਟ ਬੈਂਕ ਸਿਆਸਤ ਨਾਲ ਹੀ ਜੁੜੀ ਹੋਈ ਹੈ। ਆਮ ਆਦਮੀ ਪਾਰਟੀ ਵੀ ਭਾਰਤੀ ਜਨਤਾ ਪਾਰਟੀ ਵਾਂਗ ਹਿੰਦੂ ਵੋਟਰਾਂ ਨੂੰ ਭਰਮਾਉਣ ਲਈ ਅਜਿਹੇ ਬਿਆਨ ਦਾਗ ਰਹੀ ਹੈ ਜਿਨ੍ਹਾਂ ਦਾ ਆਮ ਲੋਕਾਂ ਨਾਲ ਨਾ ਤਾਂ ਕੋਈ ਸਰੋਕਾਰ ਹੈ ਅਤੇ ਨਾ ਹੀ ਇਸ ਦਾ ਕੋਈ ਅਰਥ ਨਿੱਕਲਦਾ ਹੈ। ਉਂਝ ਵੀ ਵੱਖ-ਵੱਖ ਰਾਜਾਂ ਅੰਦਰ ਆਮ ਆਦਮੀ ਪਾਰਟੀ ਦੀ ਪਹੁੰਚ ਵੱਖਰੀ-ਵੱਖਰੀ ਹੈ। ਪੰਜਾਬ ਵਿਚ ਇਸ ਪਾਰਟੀ ਦੇ ਆਗੂ ਭਗਤ ਸਿੰਘ ਦਾ ਨਾਂ ਜਪਦੇ ਹਨ ਅਤੇ ਗੁਜਰਾਤ ਪੁੱਜਦਿਆਂ ਹੀ ਉਹੀ ਆਗੂ ਮਹਾਤਮਾ ਗਾਂਧੀ ਵਾਲਾ ਚਰਚਾ ਚਲਾਉਂਦੇ ਨਜ਼ਰੀਂ ਪੈਂਦੇ ਹਨ। ਚਰਚਾ ਇਹ ਵੀ ਹੈ ਕਿ ਆਮ ਆਦਮੀ ਪਾਰਟੀ ਦੂਜੇ ਰਾਜਾਂ ਵਿਚ ਵੋਟਾਂ ਹਾਸਲ ਕਰਨ ਲਈ ਇਸ਼ਤਿਹਾਰਾਂ ਰਾਹੀਂ ਪੰਜਾਬ ਦਾ ਪੈਸਾ ਉਜਾੜ ਰਹੀ ਹੈ। ਇਸੇ ਕਰ ਕੇ ਹੀ ਹੁਣ ਕੁਝ ਸਿਆਸੀ ਮਾਹਿਰ ਇਹ ਵਿਚਾਰ ਕਰਨ ਲੱਗੇ ਹਨ ਕਿ ਸਰਕਾਰ ਅਤੇ ਸੱਤਾਧਾਰੀ ਪਾਰਟੀ ਵਿਚਕਾਰ ਬਾਕਾਇਦਾ ਫਰਕ ਰਹਿਣਾ ਚਾਹੀਦਾ ਹੈ। ਜੇਕਿਸੇਪਾਰਟੀਨੇਆਪਣੀ ਸਰਕਾਰ ਦਾ ਪ੍ਰਚਾਰ ਕਰਨਾ ਹੈ ਤਾਂ ਪਾਰਟੀ ਸਰਕਾਰ ਦਾ ਪੈਸਾ ਬਰਬਾਦ ਕਰਨ ਦੀ ਥਾਂ ਆਪਣਾ ਪਾਰਟੀ ਫੰਡ ਵਰਤੇ। ਫਿਲਹਾਲ ਕਿਸੇ ਵੀ ਸਿਆਸੀ ਧਿਰ ਨੇ ਸਿਆਸੀ ਮਾਹਿਰਾਂ ਦੀ ਇਸ ਰਾਏ ਨੂੰ ਗੌਲਿਆ ਨਹੀਂ ਹੈ। ਇਸ਼ਤਿਹਾਰਾਂ ਦੇ ਨਾਂ 'ਤੇ ਲੋਕਾਂ ਤੋਂ ਇਕੱਠੇ ਕੀਤੇ ਟੈਕਸ ਵਾਲਾ ਪੈਸਾ ਸਰਕਾਰ ਦੀਆਂ ਪ੍ਰਾਪਤੀਆਂ ਦੇ ਨਾਂ 'ਤੇ ਰੋੜ੍ਹਿਆ ਜਾ ਰਿਹਾ ਹੈ। ਅਜਿਹੇ ਇਸ਼ਤਿਹਾਰ ਵੱਡੀਆਂ ਕਾਰੋਬਾਰੀ ਕੰਪਨੀਆਂ ਆਪਣੇ ਉਤਪਾਦ ਵੇਚਣ ਲਈ ਨਸ਼ਰ ਕਰਦੀਆਂ ਹਨ। ਜ਼ਾਹਿਰ ਹੈ ਕਿ ਹੁਣ ਸਿਆਸਤ ਕਿਸੇ ਕਾਰੋਬਾਰ ਤੋਂ ਘੱਟ ਨਹੀਂ। ਫਰਕ ਸਿਰਫ ਇੰਨਾ ਹੈ ਕਿ ਇਹ ਕਾਰੋਬਾਰ ਲੋਕ ਸੇਵਾ ਦੇ ਨਾਂ ਉਤੇ ਕੀਤਾ ਜਾ ਰਿਹਾ ਹੈ।

ਅਸਲ ਵਿਚ ਭਾਰਤੀ ਸਿਆਸਤ ਦਾ ਸਮੁੱਚਾ ਤਾਣਾ-ਬਾਣਾ ਸਿਰਫ ਚੋਣਾਂ ਤੱਕ ਹੀ ਮਹਿਦੂਦ ਹੋ ਕੇ ਰਹਿ ਗਿਆ ਹੈ। ਇਸੇ ਕਰ ਕੇ ਉਹ ਸੰਸਥਾਵਾਂ ਜਿਹੜੀਆਂ ਆਪੋ-ਆਪਣੇ ਅਧਿਕਾਰ ਖੇਤਰ ਕਰ ਕੇ ਆਜ਼ਾਦਾਨਾ ਰੂਪ ਵਿਚ ਕੰਮਕਾਰ ਕਰਦੀਆਂ ਸਨ, ਅੰਦਰ ਜਮਹੂਰੀਅਤ ਦਾ ਇਕ ਤਰ੍ਹਾਂ ਨਾਲ ਭੋਗ ਪੈ ਗਿਆ ਹੈ। ਇਸ ਦਾ ਵੱਡਾ ਕਾਰਨ ਤਾਂ ਇਹੀ ਹੈ ਕਿ ਜਿਨ੍ਹਾਂ ਸਿਆਸੀ ਜਥੇਬੰਦੀਆਂ/ਪਾਰਟੀਆਂ ਨੇ ਜਮਹੂਰੀਅਤ ਦੀ ਪੈਰਵਾਈ ਕਰਨੀ ਸੀ, ਉਹ ਤਾਂ ਖੁਦ ਜਮਹੂਰੀਅਤ ਨੂੰ ਚਿਰਾਂ ਤੋਂ ਤਿਲਾਂਜਲੀ ਦੇ ਚੁੱਕੀਆਂ ਹਨ। ਪਾਰਟੀਆਂ ਦੇ ਲੀਡਰ ਪਾਰਟੀ ਉਤੇ ਥੋਪੇ ਜਾਂਦੇ ਹਨ, ਚੁਣੇ ਨਹੀਂ ਜਾਂਦੇ।ਹਾਲਹੀਵਿਚਕਾਂਗਰਸਨੇਭਾਵੇਂਆਪਣੇ ਪ੍ਰਧਾਨ ਦੀ ਚੋਣ ਕਰ ਕੇ ਜਮਹੂਰੀਅਤਦਾਝੰਡਾ ਬੁਲੰਦ ਕਰਨ ਦੇ ਦਾਅਵੇ ਕੀਤੇ ਹਨ ਪਰ ਹਕੀਕਤ ਇਹ ਹੈ ਕਿ ਸਾਰਾ ਕੁਝ ਗਾਂਧੀ ਪਰਿਵਾਰ ਦੀ ਮਰਜ਼ੀ ਨਾਲ ਹੀ ਹੋਇਆ ਹੈ।ਸ਼੍ਰੋਮਣੀ ਅਕਾਲੀ ਦਲ ਦਾ ਮਸਲਾ ਵੀ ਕਾਂਗਰਸ ਨਾਲੋਂ ਕੋਈ ਬਹੁਤਾ ਵੱਖਰਾ ਨਹੀਂ। ਅਕਾਲੀ ਦਲ ਅੰਦਰ ਵੱਡੀ ਪੱਧਰ 'ਤੇ ਬਾਦਲ ਪਰਿਵਾਰ ਖਿਲਾਫ ਰੋਸ ਅਤੇ ਰੋਹ ਹੈ ਪਰ ਅਜੇ ਤੱਕ ਵੀ ਸੁਖਬੀਰ ਸਿੰਘ ਬਾਦਲ ਦਲ ਦੀ ਪ੍ਰਧਾਨਗੀ ਛੱਡਣ ਲਈ ਤਿਆਰ ਨਹੀਂ। ਲੋਕਾਂ ਦੀ ਥਾਂ ਆਪਣੇ ਹਿਤਾਂ ਨੂੰ ਵੱਧ ਤਰਜੀਹ ਦੇਣ ਕਰ ਕੇ ਚੋਣਾਂ ਵਿਚ ਵੀ ਅਕਾਲੀ ਦਲਦਾਵਾਰ-ਵਾਰ ਬੁਰਾ ਹਾਲ ਹੋਇਆ ਹੈ ਪਰ ਪਾਰਟੀ ਲੀਡਰਸ਼ਿਪ ਅਜੇ ਵੀ ਕੋਈ ਸਬਕ ਲੈਣ ਲਈ ਤਿਆਰ ਨਹੀਂ। ਹਕੀਕਤ ਇਹੀ ਹੈ ਕਿ ਸਿਆਸਤ ਹੁਣ ਲੋਕ ਸੇਵਾ ਨਹੀਂ, ਕਾਰੋਬਾਰ ਦਾ ਜ਼ਰੀਆ ਬਣ ਗਈ ਹੈ। ਹੌਲੀ-ਹੌਲੀ ਧਨਾਢ ਲੋਕ ਸਿਆਸਤ ਉਤੇ ਭਾਰੂ ਪੈਂਦੇ ਗਏ ਅਤੇ ਆਮ ਆਦਮੀ ਹਾਸ਼ੀਏ 'ਤੇ ਧੱਕਿਆ ਗਿਆ। ਹੁਣ ਹਾਲ ਇਹ ਹੈ ਕਿ ਆਮ ਆਦਮੀ ਦੀ ਸਿਆਸੀ ਪਿੜ ਵਿਚ ਕੋਈ ਵੁੱਕਤ ਨਹੀਂ। ਵੋਟਾਂ ਅਤੇ ਵੀ.ਆਈ.ਪੀ. ਕਲਚਰ ਨੇ ਸਿਆਸਤ ਦਾ ਸਮੁੱਚਾ ਤਾਣਾ-ਬਾਣਾ ਹੀ ਬਦਲ ਕੇ ਰੱਖ ਦਿੱਤਾ ਹੈ।ਇਸੇ ਕਰ ਕੇ ਹੀ ਸਮੁੱਚਾ ਸਿਆਸੀ ਢਾਂਚਾ ਹੁਣ ਵੋਟਾਂ ਦੁਆਲੇ ਘੁੰਮ ਰਿਹਾ ਹੈ। ਜਿੰਨਾ ਚਿਰ ਇਸ ਚੱਕਰ ਨੂੰ ਤੋੜਿਆ ਨਹੀਂ ਜਾਂਦਾ, ਓਨੀ ਦੇਰ ਜਮਹੂਰੀਅਤ ਦੇ ਪ੍ਰਫੁਲਤ ਹੋਣ ਲਈ ਕੋਈ ਰਾਹ ਨਹੀਂ ਬਣੇਗਾ।ਹੁਣ ਇਹ ਸੰਜੀਦਾ ਧਿਰਾਂ ਦੀ ਜ਼ਿੰਮੇਵਾਰੀ ਹੈ ਕਿ ਜਮਹੂਰੀਅਤ ਦਾ ਠੁੱਕ ਕਿਸ ਢੰਗ ਨਾਲ ਬੰਨ੍ਹਿਆ ਜਾਵੇ। ਇਹ ਕਾਰਜ ਔਖੇਰਾ ਹੈ ਪਰ ਨਾ-ਮੁਮਕਿਨ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੁਨੇਹਾ ਨੌਂ ਨਵੰਬਰ ਲਈ!*

ਸਾਰੀ ਉਮਰ ਚਲਾਈਆਂ ਚੰਮ ਦੀਆਂ, ਬਾਲਾਸਰ ਹੁਣ ਬੈਠਾ ਐ 'ਘਾਗ' ਭਾਈ।
ਮੁਕਤ ਕਰਨ ਆਇਆ ਏ ਸ਼ੁੱਭ ਮੌਕਾ, ਪੀ਼ਲੀ ਵੇਲ ਤੋਂ ਪੰਥ ਦਾ ਬਾਗ ਭਾਈ।
ਮੁੱਲ ਪਾਉਣ ਲਈ ਆਊ ਭਰਦਾਨ ਵੀ ਜੇ, ਲਾਇਓ ਮੂੰਹ ਨਾ ਕਰੋ ਤਿਆਗ ਭਾਈ।
ਇੱਕੋ ਟੱਬਰ ਦੀ ਜਕੜ ਜੇ ਖਤਮ ਹੋਈ, 'ਦਲ' ਦੇ ਵਾਸਤੇ ਹੋਊ 'ਸੁਭਾਗ' ਭਾਈ।
ਉਸ ਦੇ ਲਈ 'ਸਵੇਰਾ' ਤਾਂ ਉਦੋਂ ਹੁੰਦਾ, ਸੁੱਤਾ ਪਿਆ ਕੋਈ ਪੈਂਦਾ ਏ ਜਾਗ ਭਾਈ।
ਬਾਦਲ-ਪ੍ਰਸਤੀ ਦੇ ਮੱਥੇ ਜੋ ਲੱਗ ਚੁੱਕੇ, ਨੌਂ ਨਵੰਬਰ ਨੂੰ ਧੋ ਦਿਓ 'ਦਾਗ' ਭਾਈ!

# ਨੋਟਾਂ 'ਤੇ ਤਸਵੀਰਾਂ ਲਾਉਣ ਦਾ ਮਸਲਾ ਅਤੇ ਸਿਆਸਤ

*ਅਰਵਿੰਦ ਕੇਜਰੀਵਾਲ ਦਾ ਇਹ ਬਿਆਨ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਬਹੁ-ਗਿਣਤੀ ਨੂੰ ਖੁਸ਼ ਕਰਨ ਦੀ ਸਿਆਸਤ ਦਾ ਹਿੱਸਾ ਹੈ ਪਰ ਕੇਜਰੀਵਾਲ ਤੋਂ ਪਹਿਲਾਂ ਭਾਜਪਾ ਆਗੂ ਸੁਬਰਾਮਣੀਅਮ ਸਵਾਮੀ ਸਮੇਤ ਹੋਰ ਵੀ ਸਿਆਸਤਦਾਨ ਇਸ ਤਰ੍ਹਾਂ ਦੀ ਮੰਗ ਕਰ ਚੁੱਕੇ ਹਨ। ਹੁਣ ਵੀ ਕੇਜਰੀਵਾਲ ਦਾ ਬਿਆਨ ਆਉਂਦਿਆਂ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਆਪਣੇ-ਆਪਣੇ ਹਿਸਾਬ ਨਾਲ ਨੋਟਾਂ 'ਤੇ ਤਸਵੀਰਾਂ ਲਾਉਣ ਦੀ ਮੰਗ ਕਰ ਰਹੇ ਹਨ।*

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਭਾਰਤੀ ਕਰੰਸੀ ਨੋਟਾਂ 'ਤੇ ਮਹਾਤਮਾ ਗਾਂਧੀ ਦੀ ਤਸਵੀਰ ਦੇ ਨਾਲ-ਨਾਲ ਮਾਤਾ ਲੱਛਮੀ ਅਤੇ ਭਗਵਾਨ ਗਣੇਸ਼ ਦੀਆਂ ਤਸਵੀਰਾਂ ਛਾਪੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦਲੀਲ ਦਿੱਤੀ ਹੈ ਕਿ ਜੇ ਇਹ ਤਸਵੀਰਾਂ ਛਾਪੀਆਂ ਜਾਂਦੀਆਂ ਹਨ ਤਾਂ ਇਸ ਨਾਲ ਭਾਰਤ ਖੁਸ਼ਹਾਲ ਹੋਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਰਵਿੰਦ ਕੇਜਰੀਵਾਲ ਦਾ ਇਹ ਬਿਆਨ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਬਹੁ-ਗਿਣਤੀ ਨੂੰ ਖੁਸ਼ ਕਰਨ ਦੀ ਸਿਆਸਤ ਦਾ ਹਿੱਸਾ ਹੈ ਪਰ ਕੇਜਰੀਵਾਲ ਤੋਂ ਪਹਿਲਾਂ ਭਾਜਪਾ ਆਗੂ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸੁਬਰਾਮਣੀਅਮ ਸਵਾਮੀ ਸਮੇਤ ਹੋਰ ਵੀ ਸਿਆਸਤਦਾਨ ਇਸ ਤਰ੍ਹਾਂ ਦੀ ਮੰਗ ਕਰ ਚੁੱਕੇ ਹਨ। ਹੁਣ ਵੀ ਕੇਜਰੀਵਾਲ ਦਾ ਬਿਆਨ ਆਉਂਦਿਆਂ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਆਪਣੇ-ਆਪਣੇ ਹਿਸਾਬ ਨਾਲ ਨੋਟਾਂ 'ਤੇ ਤਸਵੀਰਾਂ ਲਾਉਣ ਦੀ ਮੰਗ ਕਰ ਰਹੇ ਹਨ।

ਟੈਲੀਵਿਜ਼ਨ ਦੇ ਕਿਸੇ ਚੈਨਲ 'ਤੇ ਤੁਸੀਂ ਉਹ 'ਬਾਬਾ' ਜ਼ਰੂਰ ਸੁਣਿਆ ਹੋਵੇਗਾ ਜਿਹੜਾ ਆਪਣੇ ਭਗਤ ਨੂੰ ਪੁੱਛਦਾ ਹੁੰਦਾ- "ਕਦੇ ਸਮੋਸਾ ਖਾਧਾ?", ਜੇ ਭਗਤ ਕਹਿੰਦਾ- "ਨਹੀਂ ਖਾਧਾ ਜੀ" ਤਾਂ ਅੱਗਿਓਂ ਬਾਬਾ ਕਹਿੰਦਾ ਹੁੰਦਾ- "ਪਹਿਲਾਂ ਸਮੋਸਾ ਖਾਓ, ਕਿਰਪਾ ਸਮੋਸੇ ਵਿਚ ਹੀ ਰੁਕੀ ਹੋਈ ਹੈ।" ਉਸੇ ਤਰ੍ਹਾਂ ਕੇਜਰੀਵਾਲ ਇਹ ਕਹਿੰਦਾ ਪ੍ਰਤੀਤ ਹੋ ਰਿਹਾ ਹੈ ਕਿ ਜੇ ਭਾਰਤ ਦੇ ਕਰੰਸੀ ਦੇ ਨੋਟਾਂ 'ਤੇ ਹੋਰ ਤਸਵੀਰਾਂ ਸ਼ਾਮਲ ਕਰ ਜਾਣ ਤਾਂ ਭਾਰਤ ਦੀ ਅਰਥ ਵਿਵਸਥਾ ਠੀਕ ਹੋ ਜਾਵੇਗੀ ਪਰ ਤੱਥ ਇਹ ਹੈ ਕਿ ਭਾਰਤੀ ਅਰਥ ਵਿਵਸਥਾ ਦਾ ਪੇਚ ਨੋਟਾਂ 'ਤੇ ਤਸਵੀਰਾਂ ਲਾਉਣ ਵਿਚ ਨਹੀਂ ਬਲਕਿ ਸਰਕਾਰ ਦੀਆਂ ਨੀਤੀਆਂ ਵਿਚ ਫਸਿਆ ਹੋਇਆ ਹੈ। ਜੇ ਸਰਕਾਰਾਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਦੀ ਥਾਂ ਲੋਕ ਪੱਖੀਆਂ ਨੀਤੀਆਂ ਅਪਣਾਉਣ ਤਾਂ ਭਾਰਤੀ ਅਰਥ ਵਿਵਸਥਾ ਠੀਕ ਹੋ ਸਕਦੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਕਾਰੰਸੀ ਦੀ ਦਰ ਆਯਾਤ, ਨਿਰਯਾਤ ਨਾਲ ਜੁੜੀ ਹੋਈ ਹੁੰਦੀ ਹੈ। ਕੋਈ ਸਮਾਂ ਸੀ ਜਦ ਭਾਰਤ ਵੱਡੀ ਪੱਧਰ 'ਤੇ ਕੱਚਾ ਮਾਲ ਵਿਦੇਸ਼ਾਂ ਵਿਚ ਵੇਚਦਾ ਸੀ ਤੇ ਸੀਮਤ ਵਸਤਾਂ ਲਈ ਵਿਦੇਸ਼ਾਂ 'ਤੇ ਨਿਰਭਰਤਾ ਸੀ। ਉਸ ਸਮੇਂ ਰੁਪਏ ਦੀ ਕੀਮਤ ਡਾਲਰ ਤੋਂ ਘੱਟ ਨਹੀਂ ਸੀ, 1947 ਵਿਚ ਇੱਕ ਡਾਲਰ ਦੀ ਕੀਮਤ ਲੱਗਭੱਗ ਇੱਕ ਰੁਪਏ ਬਰਾਬਰ ਸੀ। ਉਸ ਸਮੇਂ ਭਾਰਤ ਸਿਰ ਕੋਈ ਕਰਜ਼ਾ ਵੀ ਨਹੀਂ ਸੀ ਹਾਲਾਂਕਿ ਉਸ ਸਮੇਂ ਕਰੰਸੀ ਨੋਟਾਂ 'ਤੇ ਬ੍ਰਿਟਸ਼ ਸਾਮਰਾਜੀਆਂ ਦੀ ਤਸਵੀਰ ਸੀ।

1951 ਵਿਚ ਸ਼ੁਰੂ ਕੀਤੀ ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਵਿਦੇਸ਼ ਤੋਂ ਕਰਜ਼ਾ ਲੈਣ ਦੀ ਸ਼ੁਰੂਆਤ ਨਾਲ ਭਾਰਤੀ ਰੁਪਏ ਦੀ ਕੀਮਤ ਘਟਣ ਲੱਗੀ ਜੋ 1975 ਤੱਕ ਆ ਕੇ ਵੀ ਇੱਕ ਡਾਲਰ ਦੀ ਕੀਮਤ 8 ਰੁਪਏ ਸੀ ਤੇ 1985 ਵਿਚ 12 ਰੁਪਏ ਸੀ। 1990ਵਿਆਂ ਵਿਚ ਸ਼ੁਰੂ ਕੀਤੀਆਂ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਵਰਗੀਆਂ ਨੀਤੀਆਂ ਦਾ ਨਤੀਜਾ ਹੈ ਕਿ ਅੱਜ ਇੱਕ ਅਮਰੀਕੀ ਡਾਲਰ ਦੀ ਕੀਮਤ 82 ਰੁਪਏ ਨੂੰ ਪਾਰ ਕਰ ਗਈ ਹੈ। ਇਸ ਸੂਰਤ ਵਿਚ ਜਦ ਭਾਰਤ ਦੀ ਵਿੱਤ ਮੰਤਰੀ ਕਹਿ ਰਹੀ ਹੈ ਕਿ ਰੁਪਿਆ ਕਮਜ਼ੋਰ ਨਹੀਂ ਹੋ ਰਿਹਾ ਬਲਕਿ ਡਾਲਰ ਮਜ਼ਬੂਤ ਹੋ ਰਿਹਾ ਹੈ ਤਾਂ ਉਸ ਨੂੰ ਢੁੱਕਵਾਂ ਸਵਾਲ ਕਰਨ ਦੀ ਥਾਂ ਕੇਜਰੀਵਾਲ ਜੀ ਚਰਚਾ ਨੂੰ ਹੋਰ ਪਾਸੇ ਤਿਲਕਾਅ ਰਹੇ ਹਨ। ਹਕੀਕਤ ਇਹ ਹੈ ਕਿ ਭਾਰਤੀ ਅਰਥ ਵਿਵਸਥਾ ਦੀ ਡਾਵਾਂਡੋਲ ਹਾਲਤ ਲਈ ਦੇਸ਼ ਦੀ



ਸੱਤਾ 'ਤੇ ਕਾਬਜ਼ ਰਹੀਆਂ ਕਾਂਗਰਸ, ਭਾਜਪਾ ਹਕੂਮਤਾਂ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ ਤੇ ਇਹਨਾਂ ਹਕੂਮਤਾਂ ਨੂੰ ਜ਼ਿੰਮੇਵਾਰ ਟਿੱਕਣ ਦੀ ਥਾਂ ਜੇਕਰ ਕੋਈ ਰਾਜਸੀ ਆਗੂ ਚਰਚਾ ਦਾ ਦਾਇਰਾ ਹੋਰ ਪਾਸੇ ਤੋਰ ਰਿਹਾ ਹੈ ਤਾਂ ਉਹ ਗੁਮਰਾਹ ਕਰ ਰਿਹਾ ਹੈ।

ਵੈਸੇ ਭਾਰਤ 'ਚ ਨੋਟਾਂ ਦੀ ਛਪਾਈ ਦਾ ਅਧਿਕਾਰ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਅਤੇ ਕੇਂਦਰ ਸਰਕਾਰ ਕੋਲ ਹੈ। ਕੇਂਦਰ ਸਰਕਾਰ ਦੀ ਮਨਜ਼ੂਰੀ ਨਾਲ ਆਰ.ਬੀ.ਆਈ. ਨੋਟਾਂ ਦੇ ਡਿਜ਼ਾਈਨ ਸਮੇਤ ਹੋਰ ਬਦਲਾਅ ਕਰਦੀ ਹੈ। ਆਰ.ਬੀ.ਆਈ. ਐਕਟ 1934 ਦੀ ਧਾਰਾ 25 ਤਹਿਤ ਆਰ.ਬੀ.ਆਈ. ਅਤੇ ਕੇਂਦਰ ਸਰਕਾਰ ਦਾ ਪੈਨਲ ਹੀ ਤਸਵੀਰ ਛਾਪਣ ਬਾਰੇ ਫੈਸਲਾ ਕਰਦੇ ਹਨ।

1947 ਤੋਂ ਪਹਿਲਾਂ ਭਾਰਤ ਵਿਚ ਚੱਲਦੇ ਨੋਟਾਂ 'ਤੇ ਬ੍ਰਿਟਿਸ਼ ਮਹਾਰਾਜਾ ਦੀ ਤਸਵੀਰ ਹੁੰਦੀ ਸੀ ਤੇ ਸੱਤਾ ਤਬਦੀਲੀ ਤੋਂ ਬਾਅਦ ਵੀ ਕੁਝ ਸਮਾਂ ਉਹੀ ਨੋਟ ਚੱਲਦੇ ਰਹੇ ਪਰ ਇਸ ਸਮੇਂ ਦੌਰਾਨ ਇਹ ਚਰਚਾ ਪੂਰੇ ਸਿਖਰਾਂ 'ਤੇ ਰਹੀ ਕਿ ਕਿਸ ਦੀ ਤਸਵੀਰ ਨੋਟਾਂ 'ਤੇ ਲਾਈ ਜਾਵੇ। ਇੱਕ ਵਾਰ ਬ੍ਰਿਟਿਸ਼ ਮਾਹਾਰਾਜੇ ਦੀ ਥਾਂ ਮਹਾਤਮਾ ਗਾਂਧੀ ਦੀ ਤਸਵੀਰ ਲਾਉਣ ਦੀ ਗੱਲ ਨੇ ਆਰ.ਬੀ.ਆਈ਼.ਰ ਫੜ ਲਿਆ ਸੀ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਦੀ ਤਸਵੀਰ ਵਾਲੇ ਨੋਟ ਦਾ ਡਿਜ਼ਾਈਨ ਵੀ ਤਿਆਰ ਕਰ ਲਿਆ ਗਿਆ ਸੀ ਪਰ ਆਖਰੀ ਸਮੇਂ ਸਹਿਮਤੀ ਨਾ ਹੋਣ ਕਾਰਨ ਉਹ ਨੋਟ ਜਾਰੀ ਨਹੀਂ ਕੀਤਾ ਗਿਆ। ਆਜ਼ਾਦ ਭਾਰਤ ਵੱਲੋਂ 1949 ਵਿਚ ਇੱਕ ਰੁਪਏ ਅਤੇ 1950 ਵਿਚ ਦੋ, ਪੰਜ, ਦਸ ਤੇ ਸੌ ਰੁਪਏ ਦੇ ਨੋਟ ਜਾਰੀ ਕੀਤੇ ਗਏ ਜਿਨ੍ਹਾਂ ਵਿਚ ਮਾਹਾਰਾਜੇ ਵਾਲੀ ਤਸਵੀਰ ਦੀ ਥਾਂ ਅਸ਼ੋਕ ਸਤੰਭ ਛਾਪਿਆ ਗਿਆ ਸੀ।

ਉਸ ਤੋਂ ਬਾਅਦ ਵੱਖ-ਵੱਖ ਸਮਿਆਂ ਦੌਰਾਨ ਛਾਪੇ ਗਏ ਨੋਟਾਂ 'ਤੇ ਮੋਰ, ਸ਼ੇਰ, ਹਿਰਨ, ਸਮੁੰਦਰੀ ਕਿਸ਼ਤੀਆਂ, ਚਾਹ ਦੇ ਬਾਗਾਂ ਵਿਚ ਪੱਤੀਆਂ ਤੋੜਦੀਆਂ ਔਰਤਾਂ, ਟਰੈਕਟਰ ਨਾਲ ਹਲ ਵਾਹੁੰਦੇ ਕਿਸਾਨ, ਆਰੀਆ ਭੱਟ ਉਪਗ੍ਰਹਿ, ਤੇਲ ਦਾ ਖੂਹ ਆਦਿ ਤਸਵੀਰਾਂ ਛਪਦੀਆਂ ਰਹੀਆ ਹਨ। ਭਾਰਤੀ ਨੋਟਾਂ 'ਤੇ ਮਹਾਤਮਾ ਗਾਂਧੀ ਦੀ ਤਸਵੀਰ ਪਹਿਲੀ ਵਾਰ 1969 ਵਿਚ ਉਸ ਦੇ 100ਵੇਂ ਜਨਮ ਦਿਨ ਮੌਕੇ ਛਾਪੀ ਗਈ ਸੀ।

ਅਰਵਿੰਦ ਕੇਜਰੀਵਾਲ ਨੇ ਆਪਣਾ ਪੱਖ ਮਜ਼ਬੂਤ ਕਰਨ ਲਈ ਕਿਹਾ ਕਿ ਇੰਡੋਨੇਸ਼ੀਆ ਦੀ ਕਰੰਸੀ 'ਤੇ ਭਗਵਾਨ ਗਣੇਸ਼ ਦੀ ਫੋਟੋ ਹੈ ਜਦਕਿ ਸਚਾਈ ਇਹ ਹੈ ਕਿ 1998 'ਚ ਇੰਡੋਨੇਸ਼ੀਆ ਨੇ ਸਿੱਖਿਆ ਦੇ ਵਿਸ਼ੇ ਤਹਿਤ 20 ਹਜ਼ਾਰ ਰੁਪਏ ਦੇ ਨੋਟ 'ਤੇ ਭਗਵਾਨ ਗਣੇਸ਼ ਦੀ ਫੋਟੋ ਛਾਪੀ ਸੀ ਪਰ ਹੁਣ ਇਹ ਨੋਟ ਇੰਡੋਨੇਸ਼ੀਆ ਵਿਚ ਸਰਕੂਲੇਸ਼ਨ 'ਚ ਨਹੀਂ ਹੈ। 20 ਹਜ਼ਾਰ ਰੁਪਏ ਦੇ ਇਸ ਨੋਟ 'ਤੇ ਇਕ ਪਾਸੇ ਭਗਵਾਨ ਗਣੇਸ਼ ਅਤੇ ਇੰਡੋਨੇਸ਼ੀਆ ਦੇ ਪਹਿਲੇ ਸਿੱਖਿਆ ਮੰਤਰੀ ਹਜਰ ਦੇਵੰਤਰ ਦੀ ਫੋਟੋ ਹੈ; ਦੂਜੇ ਪਾਸੇ ਪੜ੍ਹਦੇ ਬੱਚਿਆਂ ਦੀ ਫੋਟੋ ਹੈ। ਗਣੇਸ਼ ਜੀ ਨੂੰ ਇੰਡੋਨੇਸ਼ੀਆ ਵਿਚ ਕਲਾ, ਬੁੱਧੀ ਅਤੇ ਸਿੱਖਿਆ ਦਾ ਦੇਵਤਾ ਮੰਨਿਆ ਜਾਂਦਾ ਹੈ।

ਅਰਵਿੰਦ ਕੇਜਰੀਵਾਲ ਵੱਲੋਂ ਲਿਖੀ ਚਿੱਠੀ ਸਮਝਣ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਆਮ ਆਦਮੀ ਪਾਰਟੀ ਦਾ ਹਰ ਸੂਬੇ ਵਿਚ ਸਿਆਸਤ ਕਰਨ ਦਾ ਢੰਗ ਵੱਖੋ-ਵੱਖਰਾ ਹੈ। ਇਹ ਪੰਜਾਬ ਵਿਚ ਵੋਟਾਂ ਦੌਰਾਨ ਸ਼ਹੀਦ ਭਗਤ ਸਿੰਘ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਹਨ ਤੇ ਆਪਣੇ ਆਪ ਨੂੰ ਸਭ ਤੋਂ ਵੱਡੇ ਇਨਕਲਾਬੀ ਸਿੱਧ ਕਰਨ ਲਈ ਜ਼ੋਰ ਲਾਉਂਦੇ ਹਨ। ਗੁਜਰਾਤ ਜਾਂਦਿਆਂ ਹੀ ਇਹਨਾਂ ਦੀ 'ਬਦਲਾਅ' ਵਾਲੀ ਰਾਜਨੀਤੀ ਬਦਲ ਜਾਂਦੀ ਹੈ ਤੇ ਉੱਥੇ ਇਹ ਭਾਜਪਾ ਵਾਂਗ ਬਹੁ ਗਿਣਤੀ ਨੂੰ ਖੁਸ਼ ਕਰਨ ਦੀ ਸਿਆਸਤ ਕਰਦੇ ਹਨ। ਗੁਜਰਾਤ ਵਿਚ ਬਹੁਤ ਸਾਰੇ ਧਾਰਮਿਕ ਸਥਾਨ ਹਨ ਲੇਕਿਨ ਕੇਜਰੀਵਾਲ ਜੀ ਅਜੇ ਤੱਕ ਸਿਰਫ ਗੁਜਰਾਤ ਦੇ ਮੰਦਰਾਂ ਵਿਚ ਹੀ ਗਏ ਹਨ ਤੇ ਉਹਨਾਂ ਦੀ ਸਿਆਸਤ ਆਪਣੇ ਆਪ ਨੂੰ ਭਾਜਪਾ ਤੋਂ ਵੱਧ ਹਿੰਦੂ ਪੱਖੀ ਹੋਣ ਦੁਆਲੇ ਘੁੰਮ ਰਹੀ ਹੈ।

ਭਾਰਤ ਧਰਮ ਨਿਰਪੱਖ ਦੇਸ਼ ਹੈ ਜਿੱਥੇ ਬਹੁਤ ਸਾਰੇ ਧਰਮਾਂ, ਕੌਮਾਂ ਦੇ ਲੋਕ ਰਹਿੰਦੇ ਹਨ। ਪਿਛਲੇ ਕੁਝ ਸਮੇਂ ਤੋਂ ਧਾਰਮਿਕ ਘੱਟ-ਗਿਣਤੀਆਂ ਇੱਥੇ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ ਅਜਿਹੇ ਵਿਚ ਕੇਜਰੀਵਾਲ ਜੀ ਦਾ ਨੋਟਾਂ 'ਤੇ ਸਿਰਫ ਇੱਕ ਧਰਮ ਦੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਲਾਉਣ ਦਾ ਬਿਆਨ ਨਿਰਪੱਖ ਨਹੀਂ ਹੋ ਸਕਦਾ ਹੈ।

ਕਰੰਸੀ ਨੋਟ ਤਾਂ ਹਰ ਕੋਈ ਆਪਣੇ-ਆਪਣੇ ਢੰਗ ਨਾਲ ਰੱਖਦਾ ਹੈ, ਇਸ ਲਈ ਮੰਨ ਲਓ ਜੇਕਰ ਨੋਟਾਂ 'ਤੇ ਦੇਵੀ, ਦੇਵਤਿਆਂ ਦੀਆਂ ਤਸਵੀਰਾਂ ਛਪ ਜਾਂਦੀਆ ਹਨ ਤਾਂ ਇਹ ਵੀ ਸੰਭਵ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਨੋਟਾਂ ਦੀ 'ਬੇਅਦਬੀ' ਕਾਰਨ ਕੁੱਟਿਆ, ਮਾਰਿਆ ਜਾਣ ਲੱਗ ਜਾਵੇ।

ਕੇਜਰੀਵਾਲ ਜੀ ਨੂੰ ਲੱਗਦੇ ਹੱਥ ਇਹ ਵੀ ਦੱਸ ਦੇਣਾ ਚਾਹੀਦਾ ਹੈ ਕਿ ਦੁਨੀਆ ਦੀਆਂ ਜਿਹੜੀਆਂ ਅਰਥ ਵਿਵਸਥਾਵਾਂ ਅੱਜ ਤਰੱਕੀ ਕਰ ਰਹੀਆਂ ਹਨ, ਕੀ ਉਹ ਆਪਣੇ ਕਰੰਸੀ ਨੋਟਾਂ 'ਤੇ ਲੱਗੀਆਂ ਹੋਈਆ ਤਸਵੀਰਾਂ ਕਾਰਨ ਅੱਗੇ ਵਧ ਰਹੀਆਂ ਹਨ ਜਾਂ ਆਪਣੀਆਂ ਨੀਤੀਆਂ ਕਾਰਨ ਵਧ ਰਹੀਆਂ ਹਨ। 2016 ਦੌਰਾਨ ਭਾਰਤ ਵਿਚ ਹੋਈ ਬੇਲੋੜੀ ਨੋਟਬੰਦੀ ਨੇ ਆਮ ਆਦਮੀ ਦਾ ਜੋ ਹਸ਼ਰ ਕੀਤਾ, ਉਸ ਦਾ ਇਸ ਸਾਰੀ ਚਰਚਾ ਦੌਰਾਨ ਕਿੱਧਰੇ ਵੀ ਜ਼ਿਕਰ ਨਹੀਂ ਹੋ ਰਿਹਾ ਹੈ।

ਇਸ ਧਾਰਨਾ ਨਾਲ ਸਹਿਮਤੀ ਹੈ ਕਿ ਕਰੰਸੀ ਨੋਟਾਂ 'ਤੇ ਹੋਰ ਤਸਵੀਰਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਪਰ ਵੋਟਾਂ ਨੂੰ ਮੁੱਖ ਰੱਖ ਕੇ ਸਿਰਫ ਇੱਕ ਵਰਗ ਨੂੰ ਖੁਸ਼ ਕਰਨ ਲਈ ਨੋਟਾਂ 'ਤੇ ਤਸਵੀਰਾਂ ਛਾਪਣ ਮੰਗ ਕਰਨਾ ਸਿੱਧੇ ਤੌਰ 'ਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਸਾਲ 2016 ਵਿਚ ਭਾਜਪਾ ਨੇ ਵੀ ਮਹਾਤਮਾ ਗਾਂਧੀ ਦੀ ਤਸਵੀਰ ਦੀ ਥਾਂ ਡਾਕਟਰ ਭੀਮ ਰਾਓ ਅੰਬੇਡਕਰ ਦੀ ਤਸਵੀਰ ਲਾਉਣ ਦੀ ਗੱਲ ਕਹੀ ਸੀ ਪਰ ਅਜੇ ਤੱਕ ਇਸ ਵਿਸ਼ੇ 'ਤੇ ਕੰਮ ਸ਼ੁਰੂ ਨਹੀਂ ਹੋਇਆ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਆਪਣੇ ਆਪ ਨੂੰ ਇੱਕ ਲੋਕ ਪੱਖੀ ਸਿਆਸਤਦਾਨ ਵਜੋਂ ਪੇਸ਼ ਕਰਨ ਵਾਲੇ ਕੇਜਰੀਵਾਲ ਜੀ ਅੱਜ ਕੱਲ੍ਹ ਵੋਟਾਂ ਹਾਸਲ ਕਰਨ ਲਈ ਬਾਕੀ ਭਾਰਤੀ ਸਿਆਸਤਦਾਨਾਂ ਤੋਂ ਕਿਸੇ ਗੱਲੋਂ ਘੱਟ ਨਹੀਂ ਰਹਿ ਰਹੇ ਹਨ।

# ਦਹਿਸ਼ਤਵਾਦੀ ਕੌਣ: 'ਕਲਮਾਂ ਵਾਲੇ ਨਕਸਲੀ' ਜਾਂ ਬੰਬ ਧਮਾਕਿਆਂ ਦੇ ਭਗਵੇਂ ਯੋਜਨਾਘਾੜੇ?

***ਹਕੂਮਤੀ ਜਬਰ ਦੇ ਸੰਦਾਂ ਨੂੰ ਹੋਰ ਤਿੱਖੇ ਕਰਨਾ ਅਤੇ ਝੂਠੇ ਬਿਰਤਾਂਤਾਂ ਨੂੰ ਹੋਰ ਜ਼ਰਬਾਂ ਦੇਣਾ 'ਚਿੰਤਨ ਸ਼ਿਵਰ' ਦੀ ਕੁਲ ਚਰਚਾ ਦਾ ਨਿਚੋੜ ਹੈ। 2024 ਦੀਆਂ ਆਮ ਚੋਣਾਂ ਅਤੇ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼, ਗੁਜਰਾਤ, ਹਰਿਆਣਾ ਆਦਿ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਆਰ.ਐੱਸ.ਐੱਸ.ਐੱਸ.-ਭਾਜਪਾ ਦੀ ਹਾਈਕਮਾਨ ਸੱਤਾ ਦੇ ਹਰ ਜਮਹੂਰੀ ਵਿਰੋਧ ਅਤੇ ਆਲੋਚਨਾ ਉੱਪਰ ਨਕਸਲਵਾਦ ਦਾ ਠੱਪਾ ਲਗਾ ਕੇ ਫਾਸ਼ੀਵਾਦੀ ਜਬਰ ਦੇ ਹੱਕ 'ਚ ਆਮ ਰਾਇ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਹਾਲ ਹੀ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਲਾਏ 'ਚਿੰਤਨ ਸ਼ਿਵਰ' ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਨਵੇਂ ਜਾਬਰ ਹਮਲੇ ਦੀ ਤਿਆਰੀ ਦੇ ਸੰਕੇਤ ਹਨ। 27-28 ਅਕਤੂਬਰ ਨੂੰ ਸੂਰਜਕੁੰਡ (ਹਰਿਆਣਾ) 'ਚ ਲਾਏ ਇਸ 'ਸ਼ਿਵਰ' (ਕੈਂਪ) ਵਿਚ ਸਾਰੇ ਰਾਜਾਂ ਦੇ ਗ੍ਰਹਿ ਮੰਤਰੀਆਂ ਅਤੇ ਗ੍ਰਹਿ ਸਕੱਤਰਾਂ, ਪੁਲਿਸ ਫੋਰਸਾਂ, ਕੇਂਦਰੀ ਹਥਿਆਰਬੰਦ ਪੁਲਿਸ ਫੋਰਸਾਂ ਅਤੇ ਕੇਂਦਰੀ ਪੁਲਿਸ ਸੰਸਥਾਵਾਂ ਦੇ ਡੀ.ਜੀ.ਪੀਜ਼ ਨੇ ਹਿੱਸਾ ਲਿਆ। ਮੋਦੀ ਨੇ 15 ਅਗਸਤ 2022 ਦੇ ਭਾਸ਼ਣ ਵਿਚ ਜੋ 'ਪੰਜ ਪ੍ਰਣ' ਐਲਾਨੇ ਸਨ, ਉਨ੍ਹਾਂ ਮੁਤਾਬਿਕ ਅੰਦਰੂਨੀ ਸੁਰੱਖਿਆ ਨਾਲ ਸਬੰਧਿਤ ਮਾਮਲਿਆਂ ਬਾਰੇ ਨੀਤੀ ਬਣਾਉਣ ਨੂੰ ਰਾਸ਼ਟਰੀ ਭਵਿੱਖ-ਨਕਸ਼ਾ ਦੇਣਾ ਇਸ 'ਚਿੰਤਨ ਸ਼ਿਵਰ' ਦਾ ਉਦੇਸ਼ ਦੱਸਿਆ ਗਿਆ। ਕਿਹਾ ਬੇਸ਼ੱਕ ਇਹ ਗਿਆ ਕਿ ਇਹ ਕਾਨਫਰੰਸ ਸਾਈਬਰ ਕ੍ਰਾਈਮ, ਨਸ਼ਿਆਂ ਅਤੇ ਸਰਹੱਦ ਪਾਰੋਂ ਦਹਿਸ਼ਤਵਾਦ ਦੇ ਪਸਾਰ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਾਂਝਾ ਮੰਚ ਮੁਹੱਈਆ ਕਰਨ ਅਤੇ ਕੇਂਦਰ ਤੇ ਰਾਜਾਂ ਦਰਮਿਆਨ ਸਹਿਯੋਗ, ਤਾਲਮੇਲ ਤੇ ਸਾਂਝ ਵਧਾਉਣ ਲਈ ਸੀ ਪਰ 'ਅੰਦਰੂਨੀ ਸੁਰੱਖਿਆ' ਦੇ ਰਟਣ-ਮੰਤਰ ਤੋਂ ਜ਼ਾਹਿਰ ਹੈ ਕਿ ਇਹ ਕਵਾਇਦ ਆਉਣ ਵਾਲੇ ਸਮੇਂ 'ਚ ਭਗਵੀਂ ਹਕੂਮਤ ਦੀ ਵਧ ਰਹੀ ਮੁਖ਼ਾਲਫ਼ਤ ਨੂੰ ਬੇਕਿਰਕ ਜਬਰ ਰਾਹੀਂ ਦਬਾਉਣ ਦੀ ਤਿਆਰੀ ਦਾ ਹਿੱਸਾ ਹੈ। 'ਦਿ ਵਾਇਰ' ਦੇ ਸੰਪਾਦਕ ਸਿਧਰਥ ਵਰਧਰਾਜਨ, ਐਮ.ਕੇ. ਵੇਣੂ ਅਤੇ ਪੱਤਰਕਰ ਜਾਹਨਵੀ ਦੇ ਘਰਾਂ ਵਿਚ ਕ੍ਰਾਈਮ ਬ੍ਰਾਂਚ ਦੇ ਹਾਲੀਆ ਛਾਪੇ ਆਲੋਚਕ ਆਵਾਜ਼ਾਂ ਦੀ ਜ਼ਬਾਨਬੰਦੀ ਲਈ ਹਮਲੇ ਦੀ ਕੜੀ ਹੈ।

ਮੋਦੀ ਨੇ ਪੂਰੇ ਮੁਲਕ 'ਚ ਪੁਲਿਸ ਲਈ 'ਇਕ ਵਰਦੀ' ਦਾ 'ਆਈਡੀਆ' ਵੀ ਪੇਸ਼ ਕੀਤਾ। ਦਰਅਸਲ ਇਹ ਆਰ.ਐੱਸ.ਐੱਸ.-ਭਾਜਪਾ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਅਨੁਸਾਰ ਰਾਜਾਂ ਦੀ ਨਾਮ-ਨਿਹਾਦ ਪਛਾਣ ਦਾ ਭੋਗ ਪਾਉਣ ਦੇ ਹਿੱਸੇ ਵਜੋਂ ਪੁਲਿਸ ਤਾਕਤਾਂ ਨੂੰ ਸਿੱਧਾ ਕੇਂਦਰੀ ਗ੍ਰਹਿ ਮੰਤਰਾਲੇ ਦੇ ਕੰਟਰੋਲ ਹੇਠ ਲਿਆਉਣ ਲਈ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸਾਰੇ ਰਾਜਾਂ ਵਿਚ ਕੌਮੀ ਜਾਂਚ ਏਜੰਸੀ ਦੇ ਦਫ਼ਤਰ ਖੋਲ੍ਹਣ ਦੇ ਐਲਾਨ ਪਿੱਛੇ ਵੀ ਇਹੀ ਮਨਸੂਬਾ ਹੈ।

ਇਸ ਵੀਡੀਓ ਸੰਬੋਧਨ ਵਿਚ ਮੋਦੀ ਵੱਲੋਂ ਨਕਸਲਵਾਦ ਨੂੰ ਹਰਾਉਣ ਉੱਪਰ ਉਚੇਚਾ ਜ਼ੋਰ ਦੇਣ ਤੋਂ ਜ਼ਾਹਿਰ ਹੈ ਕਿ ਸੰਘ ਬ੍ਰਿਗੇਡ ਨੂੰ ਬੌਧਿਕ ਚੁਣੌਤੀ ਦਾ ਭੂਤ ਕਿਸ ਕਦਰ ਸਤਾ ਰਿਹਾ ਹੈ। ਇਕ ਪਾਸੇ, ਮੋਦੀ ਸਰਕਾਰ ਨਕਸਲਵਾਦ ਦਾ ਲੱਕ ਤੋੜਨ ਦੇ ਦਾਅਵੇ ਕਰ ਰਹੀ ਹੈ; ਦੂਜੇ ਪਾਸੇ, ਬੁੱਧੀਜੀਵੀਆਂ ਨੂੰ ਹਥਿਆਰਬੰਦ ਨਕਸਲੀਆਂ ਤੋਂ ਵੀ ਖ਼ਤਰਨਾਕ ਦੱਸਣ ਤੋਂ ਇਸ ਦਾ ਡਰ ਜ਼ਾਹਿਰ ਹੋ ਰਿਹਾ ਹੈ। 'ਨਕਸਲਵਾਦ ਦੇ ਹਰ ਰੂਪ ਨੂੰ ਹਰਾਉਣ' ਦੀ ਗੱਲ ਕਰਦਿਆਂ ਮੋਦੀ ਨੇ 'ਬੰਦੂਕ ਵਾਲਾ ਨਕਸਲਵਾਦ' ਦੇ ਨਾਲ 'ਕਲਮ ਵਾਲਾ ਨਕਸਲਵਾਦ' ਉੱਪਰ ਖ਼ਾਸ ਜ਼ੋਰ ਦਿੱਤਾ। ਕਲਮ ਵਾਲੇ ਨਕਸਲਵਾਦ ਤੋਂ ਮੋਦੀ ਦਾ ਭਾਵ ਪੱਤਰਕਾਰਾਂ, ਲੇਖਕਾਂ, ਆਲੋਚਕਾਂ, ਜਮਹੂਰੀ ਕਾਰਕੁਨਾਂ ਆਦਿ ਸਮੇਤ ਉਨ੍ਹਾਂ ਤਮਾਮ ਜਾਗਰੂਕ ਦਿਮਾਗਾਂ ਤੋਂ ਹੈ ਜੋ ਅਵਾਮ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਲਈ ਆਵਾਜ਼ ਉਠਾਉਂਦੇ ਹਨ, ਜੋ ਲੋਕ ਵਿਰੋਧੀ ਹਕੂਮਤੀ ਨੀਤੀਆਂ ਉੱਪਰ ਸਵਾਲ ਉਠਾ ਕੇ ਲੋਕ ਰਾਇ ਤਿਆਰ ਕਰਦੇ ਹਨ। ਮੋਦੀ ਅਨੁਸਾਰ 'ਕਲਮ ਵਾਲੇ ਨਕਸਲੀ' ਮੁੱਦਿਆਂ ਨੂੰ ਗ਼ੈਰ-ਅਨੁਪਾਤਕ ਰੂਪ 'ਚ ਉਭਾਰ ਕੇ ਸਮਾਜ ਵਿਚ ਪਾਟਕ ਪਾਉਂਦੇ ਹਨ, ਨੌਜਵਾਨਾਂ ਨੂੰ ਕੁਰਾਹੇ ਪਾਉਂਦੇ ਹਨ ਅਤੇ ਸਮਾਜ ਵਿਚ ਨਫ਼ਰਤ ਫੈਲਾਉਂਦੇ ਹਨ। ਇਸ ਬਿਰਤਾਂਤ ਤੋਂ ਮੌਜੂਦਾ ਹਕੂਮਤ ਦੇ ਫਾਸ਼ੀਵਾਦੀ ਮਨਸ਼ਿਆਂ ਨੂੰ ਸਮਝਿਆ ਜਾ ਸਕਦਾ ਹੈ। ਮੋਦੀ ਨੇ ਜ਼ੋਰ ਦਿੱਤਾ ਕਿ 'ਨਕਸਲ ਪ੍ਰਭਾਵਿਤ ਜ਼ਿਲ੍ਹਿਆਂ ਉੱਪਰ ਫੋਕਸ' ਦੀ ਤਰਜ਼ 'ਤੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ 'ਬੌਧਿਕ ਦਾਇਰਾ ਵਧਾ ਕੇ ਆਉਣ ਵਾਲੀ ਪੀੜ੍ਹੀ ਨੂੰ ਕੁਰਾਹੇ ਪਾਉਣ ਵਾਲਿਆਂ' ਨੂੰ ਦਬਾਉਣ ਉੱਪਰ ਫੋਕਸ ਕਰਨਾ ਚਾਹੀਦਾ ਹੈ। ਇਹ ਮਾਮੂਲੀ ਬਿਆਨ ਨਹੀਂ, ਇਹ ਦਰਅਸਲ ਸਾਡੇ ਲੋਕਾਂ ਨੂੰ ਹਕੂਮਤ ਦੀਆਂ ਘਾਤਕ ਨੀਤੀਆਂ ਬਾਰੇ ਜਗਾਉਣ ਅਤੇ ਸੁਚੇਤ ਕਰਨ ਵਾਲੇ ਜਾਗਰੂਕ ਹਿੱਸਿਆਂ ਵਿਰੁੱਧ ਜੰਗ ਦਾ ਐਲਾਨ ਹੈ। ਇਹ ਨਵੇਂ ਸ਼ਬਦਾਂ 'ਚ ਉਸੇ ਸਿੱਖਿਆ ਦਾ ਦੁਹਰਾਓ ਹੈ ਜੋ ਪਿੱਛੇ ਜਿਹੇ ਪ੍ਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪੁਲਿਸ ਟਰੇਨਿੰਗ ਪਾਸ ਕਰਨ ਵਾਲੇ ਨਵੇਂ ਪੁਲਿਸ ਅਫ਼ਸਰਾਂ ਨੂੰ ਦਿੱਤੀ ਸੀ। ਉਸ ਨੇ ਪੁਲਿਸ ਅਫ਼ਸਰਾਂ ਨੂੰ ਹੱਕਾਂ ਦੀ ਗੱਲ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਣ ਦੀ ਹੁਕਮਰਾਨ ਧਿਰ ਦੀ ਜ਼ਰੂਰਤ ਸਮਝਾਈ ਸੀ। ਉਸ ਨੇ 'ਸਿਵਲ ਸੁਸਾਇਟੀ ਨੂੰ ਜੰਗ ਦਾ ਨਵਾਂ ਮੁਹਾਜ਼' ਕਿਹਾ ਸੀ ਜਿਸ ਵਿਰੁੱਧ ਪੁਲਿਸ ਅਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਜੰਗ ਲੜਨ ਲਈ ਤਿਆਰ ਰਹਿਣ ਦੀ ਤਾਕੀਦ ਕੀਤੀ ਸੀ। ਹਾਲੀਆ ਸੰਬੋਧਨ ਵਿਚ ਮੋਦੀ ਦਾ ਇਹ ਕਹਿਣਾ ਕਿ 'ਯੂ.ਏ.ਪੀ.ਏ. ਵਰਗੇ ਕਾਨੂੰਨਾਂ ਨੇ ਦਹਿਸ਼ਤਵਾਦ ਵਿਰੁੱਧ ਲੜਾਈ 'ਚ ਪ੍ਰਬੰਧ ਨੂੰ ਮਜ਼ਬੂਤੀ ਦਿੱਤੀ ਹੈ', ਵੀ ਇਸੇ ਦਾ ਸੰਕੇਤ ਹੈ ਕਿ ਹਕੂਮਤ ਦੀ ਟੇਕ ਪੁਲਿਸ ਦੇ ਬੰਦੂਕ-ਤੰਤਰ ਨੂੰ ਹੋਰ ਖ਼ੂੰਖਾਰ ਬਣਾਉਣ ਉੱਪਰ ਹੈ। ਇਸ ਦੇ ਨਾਲ ਹੀ ਇਸ ਦੀ ਟੇਕ ਇਨ੍ਹਾਂ ਬੇਕਿਰਕ ਕਾਨੂੰਨਾਂ ਨੂੰ ਵਾਪਸ ਲੈਣ ਦੀ ਜਮਹੂਰੀ ਮੰਗ ਨੂੰ ਘੋਰ ਨਫ਼ਰਤ ਨਾਲ ਠੁਕਰਾ ਕੇ ਐਸੇ ਕਾਨੂੰਨਾਂ ਨੂੰ ਹੋਰ ਬੇਕਿਰਕ ਬਣਾ ਕੇ ਵਰਤਣ ਉੱਪਰ ਹੈ। ਇਸੇ ਲਈ 'ਕਲਮ ਵਾਲਾ ਨਕਸਲਵਾਦ' ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ ਜੋ ਪਹਿਲੇ 'ਸ਼ਹਿਰੀ ਨਕਸਲੀ' ਦਾ ਹੀ ਵਿਸਤਾਰ ਹੈ।




ਆਪਣੇ ਭਾਸ਼ਣ ਵਿਚ ਮੋਦੀ ਨੇ ਰਾਜਾਂ ਦੇ ਗ੍ਰਹਿ ਮੰਤਰੀਆਂ ਨੂੰ 'ਫੇਕ ਨਿਊਜ਼' ਤੋਂ ਸੁਚੇਤ ਰਹਿਣ ਅਤੇ ਅਵਾਮ ਨੂੰ ਪੋਸਟਾਂ ਸ਼ੇਅਰ ਕਰਨ ਤੋਂ ਪਹਿਲਾਂ ਜਾਣਕਾਰੀ ਦੇ ਦਸ ਸਰੋਤਾਂ ਤੋਂ ਪ੍ਰਮਾਣਿਕਤਾ ਦੀ ਤਸਦੀਕ ਕਰਨ ਦੀ ਅਪੀਲ ਕੀਤੀ ਪਰ ਕੁਲ ਆਲਮ ਜਾਣਦਾ ਹੈ ਕਿ ਫੇਕ ਨਿਊਜ਼, ਅਫ਼ਵਾਹਾਂ ਅਤੇ ਘੱਟਗਿਣਤੀਆਂ ਵਿਰੁੱਧ ਜ਼ਹਿਰੀਲੀ ਨਫ਼ਰਤੀ ਸਮੱਗਰੀ ਵੰਡਣ ਦਾ ਮੁੱਖ ਸਰੋਤ ਭਗਵਾਂ ਆਈ.ਟੀ. ਸੈੱਲ ਹੈ ਜੋ ਆਰ.ਐੱਸ.ਐੱਸ.-ਭਾਜਪਾ ਲੀਡਰਸ਼ਿਪ ਦੀ ਰਾਹਨੁਮਾਈ ਹੇਠ ਚੱਲ ਰਿਹਾ ਹੈ। ਇਸ ਬਾਰੇ ਮੋਦੀ ਨੇ ਕਦੇ ਜ਼ੁਬਾਨ ਨਹੀਂ ਖੋਲ੍ਹੀ।

ਹਕੂਮਤੀ ਜਬਰ ਦੇ ਸੰਦਾਂ ਨੂੰ ਹੋਰ ਤਿੱਖੇ ਕਰਨਾ ਅਤੇ ਝੂਠੇ ਬਿਰਤਾਂਤਾਂ ਨੂੰ ਹੋਰ ਜ਼ਰਬਾਂ ਦੇਣਾ ਹੀ 'ਚਿੰਤਨ ਸ਼ਿਵਰ' ਦੀ ਕੁਲ ਚਰਚਾ ਦਾ ਨਿਚੋੜ ਹੈ। 2024 ਦੀਆਂ ਆਮ ਚੋਣਾਂ ਅਤੇ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼, ਗੁਜਰਾਤ, ਹਰਿਆਣਾ ਆਦਿ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਆਰ.ਐੱਸ.ਐੱਸ.ਐੱਸ.-ਭਾਜਪਾ ਦੀ ਹਾਈਕਮਾਨ ਸੱਤਾ ਦੇ ਹਰ ਜਮਹੂਰੀ ਵਿਰੋਧ ਅਤੇ ਆਲੋਚਨਾ ਉੱਪਰ ਨਕਸਲਵਾਦ ਦਾ ਠੱਪਾ ਲਗਾ ਕੇ ਫਾਸ਼ੀਵਾਦੀ ਜਬਰ ਦੇ ਹੱਕ 'ਚ ਆਮ ਰਾਇ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਝੂਠੇ ਬਿਰਤਾਂਤ ਵਿਰੁੱਧ ਪ੍ਰਭਾਵਸ਼ਾਲੀ ਮੁਹਿੰਮਾਂ ਚਲਾਉਣ ਦੀ ਜ਼ਰੂਰਤ ਹੈ ਤਾਂ ਜੋ ਅਵਾਮ ਇਸ ਹਕੀਕਤ ਨੂੰ ਸਮਝ ਸਕਣ ਕਿ 'ਸਭ ਕਾ ਸਾਥ-ਸਭ ਕਾ ਵਿਕਾਸ-ਸਭ ਕਾ ਸਾਥ' ਦਾ ਨਾਅਰਾ ਦੇਣ ਵਾਲੇ ਸੰਘ ਬ੍ਰਿਗੇਡ ਦੇ ਦਹਿਸ਼ਤਵਾਦੀ ਮਨਸੂਬੇ ਕਿੰਨੇ ਘਾਤਕ ਹਨ। ਆਪਣੇ ਘਿਨਾਉਣੇ ਦਹਿਸ਼ਤਵਾਦੀ ਕਿਰਦਾਰ ਨੂੰ ਲੁਕੋਣ ਲਈ ਇਹ ਦਹਿਸ਼ਤਵਾਦ, ਨਕਸਲਵਾਦ, ਅੰਦਰੂਨੀ ਸੁਰੱਖਿਆ ਦਾ ਹੋ-ਹੱਲਾ ਮਚਾਉਂਦੇ ਹਨ। ਰਾਜ ਢਾਂਚੇ ਦੇ ਵੱਖ-ਵੱਖ ਅੰਗਾਂ ਉੱਪਰ ਕੰਟਰੋਲ ਅਤੇ ਪਕੜ ਵਧਾਈ ਜਾ ਰਹੀ ਹੈ। ਮੁਲਕ ਦੀ ਅੰਦਰੂਨੀ ਸੁਰੱਖਿਆ ਦੀ ਚਿੰਤਾ ਦੇ ਨਾਂ ਹੇਠ ਕਾਰਪੋਰੇਟ-ਹਿੰਦੂਤਵ ਗੱਠਜੋੜ ਦੇ ਰਾਜ ਵਿਰੁੱਧ ਆਮ ਲੋਕਾਂ 'ਚ ਪੈਦਾ ਹੋ ਰਹੀ ਅਸੰਤੁਸ਼ਟੀ ਨੂੰ ਕੁਚਲਣ ਲਈ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ। ਆਰ.ਐੱਸ.ਐੱਸ.-ਭਾਜਪਾ ਦੀ ਲੀਡਰਸ਼ਿਪ ਨੂੰ ਪਤਾ ਹੈ ਕਿ ਆਉਣ ਵਾਲੇ ਸਮੇਂ 'ਚ ਇਹ ਅਸੰਤੁਸ਼ਟੀ ਅਤੇ ਸਮਾਜਿਕ-ਸਿਆਸੀ ਬੇਚੈਨੀ ਵਧੇਗੀ। ਇਸ ਨਾਲ ਨਜਿੱਠਣ ਅਤੇ ਕਾਰਪੋਰੇਟ ਇੰਡੀਆ-ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਸਲਾਮਤ ਰੱਖਣ ਦਾ ਇਕੋ-ਇਕ ਰਸਤਾ ਇਹ ਸੰਘਰਸ਼ਸ਼ੀਲ ਤਾਕਤਾਂ ਦੇ ਵਿਆਪਕ ਦਮਨ 'ਚ ਹੀ ਦੇਖਦੇ ਹਨ।

ਲੋਕਾਂ ਨੂੰ ਸਮਝਣਾ ਪਵੇਗਾ ਕਿ ਸਮਾਜੀ ਨਿਆਂ ਅਤੇ ਬਰਾਬਰੀ ਲਈ ਸੰਘਰਸ਼ ਤਾਕਤਾਂ ਨੂੰ ਦਹਿਸ਼ਤਵਾਦੀ ਦੱਸਣ ਵਾਲੀ ਆਰ.ਐੱਸ.ਐੱਸ.-ਭਾਜਪਾ ਖ਼ੁਦ ਸਭ ਤੋਂ ਵੱਡੀ ਜਥੇਬੰਦ ਦਹਿਸ਼ਤਗਰਦ ਤਾਕਤ ਹੈ। ਸਮੇਂ-ਸਮੇਂ 'ਤੇ ਬਣਨ ਵਾਲੀਆਂ ਸਰਕਾਰਾਂ ਨੇ ਆਪਣੇ ਸੌੜੇ ਮੁਫ਼ਾਦਾਂ ਲਈ ਭਗਵੇਂ ਫਾਸ਼ੀਵਾਦ ਨੂੰ ਬੇਰੋਕ-ਟੋਕ ਵਧਣ-ਫੁੱਲਣ ਦਿੱਤਾ। ਬਹੁਤ ਸਾਰੇ ਦਹਿਸ਼ਤਵਾਦੀ ਬੰਬ ਕਾਂਡਾਂ ਵਿਚ ਇਸ ਦੀ ਬਾਕਾਇਦਾ ਭੂਮਿਕਾ ਸਬੂਤਾਂ ਸਹਿਤ ਸਾਹਮਣੇ ਆਉਂਦੀ ਰਹੀ ਪਰ ਕਾਂਗਰਸ ਅਤੇ ਹੋਰ ਸਰਕਾਰਾਂ ਵੱਲੋਂ ਇਸ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਜਦੋਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਤੋਂ ਅਵਾਮ ਦੀ ਅਸੰਤੁਸ਼ਟੀ ਦਾ ਫ਼ਾਇਦਾ ਉਠਾ ਕੇ ਮਈ 2014 'ਚ ਆਰ.ਐੱਸ.ਐੱਸ. ਦਾ ਸਿਆਸੀ ਵਿੰਗ ਭਾਜਪਾ ਸੱਤਾ ਉੱਪਰ ਕਾਬਜ਼ ਹੋ ਗਈ ਤਾਂ ਸੰਘ ਲਈ ਆਪਣੇ ਏਜੰਡਿਆਂ ਨੂੰ ਰਾਜ ਮਸ਼ੀਨਰੀ ਦੀ ਮਦਦ ਨਾਲ ਖੁੱਲ੍ਹੇਆਮ ਅੱਗੇ ਵਧਾਉਣਾ ਹੋਰ ਵੀ ਸੌਖਾ ਹੋ ਗਿਆ। ਇਸ ਨੇ ਪੁਲਿਸ, ਜਾਂਚ ਏਜੰਸੀਆਂ, ਅਦਾਲਤੀ ਪ੍ਰਣਾਲੀ ਆਦਿ ਨੂੰ ਪੂਰੀ ਤਰ੍ਹਾਂ ਕੰਟਰੋਲ ਹੇਠ ਕਰ ਲਿਆ। ਇਹੀ ਵਜ੍ਹਾ ਹੈ ਕਿ ਦਹਿਸ਼ਤਵਾਦੀ ਕਾਂਡਾਂ ਦੀ ਯੋਜਨਾਬੰਦੀ ਅਤੇ ਅਮਲਦਾਰੀ ਦੇ ਠੋਸ ਸਬੂਤਾਂ ਅਤੇ ਨਫ਼ਰਤੀ ਭਾਸ਼ਣਾਂ ਦੇ ਬਾਵਜੂਦ ਪੁਲਿਸ ਅਤੇ ਜਾਂਚ ਏਜੰਸੀਆਂ ਭਗਵੇਂ ਦਹਿਸ਼ਤਵਾਦੀਆਂ ਨੂੰ ਹੱਥ ਨੂੰ ਪਾਉਂਦੀਆਂ ਸਗੋਂ ਭਗਵੇਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਮਜ਼ਲੂਮ ਧਿਰ ਨੂੰ ਹੀ ਗ੍ਰਿਫ਼ਤਾਰ ਕਰਦੀਆਂ ਹਨ। ਭੀਮਾ-ਕੋਰੇਗਾਓਂ ਕੇਸ ਵਿਚ ਹਿੰਸਾ ਦੇ ਯੋਜਨਾਘਾੜੇ ਹਿੰਦੂਤਵੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਇ ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਸੀ.ਏ.ਏ.-ਐੱਨ.ਆਰ.ਸੀ. ਮਾਮਲੇ 'ਚ ਵੀ ਦਿੱਲੀ ਪੁਲਿਸ ਨੇ ਦਿੱਲੀ ਹਿੰਸਾ ਦੇ ਯੋਜਨਾਘਾੜਿਆਂ ਅਤੇ ਮੁਸਲਮਾਨਾਂ ਨੂੰ ਗੋਲੀ ਮਾਰਨ ਦੇ ਸੱਦੇ ਦੇਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਵਿਰੋਧ ਪ੍ਰਦਰਸ਼ਨਾਂ 'ਚ ਸ਼ਾਮਿਲ ਅਮਨਪਸੰਦ ਅਤੇ ਨਿਆਂਪਸੰਦ ਲੋਕਾਂ ਨੂੰ ਝੂਠੇ ਕੇਸਾਂ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਮੋਦੀ ਸਰਕਾਰ ਵੱਲੋਂ ਇਤਿਹਾਸਕ ਕਿਸਾਨ ਅੰਦੋਲਨ ਨੂੰ ਦਹਿਸ਼ਤਵਾਦੀ ਸਾਜ਼ਿਸ਼ਾਂ ਅਤੇ ਜਬਰ ਰਾਹੀਂ ਅਸਫ਼ਲ ਬਣਾਉਣ ਦੀ ਪੂਰੀ ਵਾਹ ਲਾਈ ਗਈ।

ਆਰ.ਐੱਸ.ਐੱਸ. ਦੇ ਕਾਰਕੁਨ ਯਸ਼ਵੰਤ ਸ਼ਿੰਦੇ ਨੇ ਪਿੱਛੇ ਜਿਹੇ ਸਨਸਨੀਖ਼ੇਜ਼ ਖ਼ੁਲਾਸੇ ਕੀਤੇ ਕਿ ਕਿਵੇਂ ਆਰ.ਐੱਸ.ਐੱਸ.-ਭਾਜਪਾ ਦੇ ਆਗੂ ਦਹਿਸ਼ਤਵਾਦੀ ਸਿਖਲਾਈ ਕੈਂਪ ਲਗਾਉਣ, ਬੰਬ ਧਮਾਕਿਆਂ ਅਤੇ ਹੋਰ ਦਹਿਸ਼ਤਵਾਦੀ ਵਾਰਦਾਤਾਂ ਦੀ ਯੋਜਨਾ ਬਣਾਉਣ ਅਤੇ ਦਹਿਸ਼ਤਵਾਦੀ ਕਾਰਵਾਈਆਂ ਕਰਨ 'ਚ ਸ਼ਾਮਿਲ ਹਨ। ਉਸ ਵੱਲੋਂ ਨਾਂਦੇੜ ਦੀ ਅਦਾਲਤ ਵਿਚ ਹਲਫ਼ਨਾਮਾ ਦੇ ਕੇ ਗਵਾਹ ਵਜੋਂ ਪੇਸ਼ ਹੋਣ ਦੀ ਬੇਨਤੀ ਵੀ ਕੀਤੀ ਗਈ। ਇਸ ਤੋਂ ਪਹਿਲਾਂ ਮਹਾਰਾਸ਼ਟਰ ਪੁਲਿਸ ਦੇ ਸਾਬਕਾ ਉੱਚ ਅਧਿਕਾਰੀ ਐੱਸ.ਐੱਮ. ਮੁਸ਼ਰਿਫ਼ ਨੇ ਵੀ ਆਪਣੀਆਂ ਦੋ ਕਿਤਾਬਾਂ 'ਕਰਕਰੇ ਦੀ ਹੱਤਿਆ ਕਿਸ ਨੇ ਕੀਤੀ' ਅਤੇ 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ' ਵਿਚ ਤੱਥਾਂ ਸਹਿਤ ਦਰਜਨਾਂ ਦਹਿਸ਼ਤਵਾਦੀ ਬੰਬ ਕਾਂਡਾਂ ਵਿਚ ਆਰ.ਐੱਸ.ਐੱਸ. ਅਤੇ ਹੋਰ ਹਿੰਦੂਤਵੀ ਜਥੇਬੰਦੀਆਂ ਦੀ ਭੂਮਿਕਾ ਬੇਪਰਦ ਕੀਤੀ ਸੀ।

ਮਹਾਰਾਸ਼ਟਰ ਦੇ ਦਹਿਸ਼ਤਵਾਦ ਵਿਰੋਧੀ ਦਸਤੇ (ਏ.ਟੀ.ਐੱਸ.) ਦੇ ਮੁਖੀ ਮਰਹੂਮ ਹੇਮੰਤ ਕਰਕਰੇ ਵੱਲੋਂ ਬੰਬ ਧਮਾਕਿਆਂ ਦੀ ਜਾਂਚ 'ਚ ਮਿਲੇ ਸਬੂਤਾਂ ਦੇ ਆਧਾਰ 'ਤੇ ਆਰ.ਐੱਸ.ਐੱਸ. ਅਤੇ ਇਸ ਨਾਲ ਸਬੰਧਿਤ ਜਥੇਬੰਦੀਆਂ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਨਾਲ ਸੰਘ ਬ੍ਰਿਗੇਡ ਦੀ ਦਹਿਸ਼ਤਵਾਦੀ ਯੋਜਨਾ ਪਹਿਲਾਂ ਹੀ ਬੇਪਰਦ ਹੋ ਚੁੱਕੀ ਹੈ। ਯਸ਼ਵੰਤ ਸ਼ਿੰਦੇ ਦੇ ਦਾਅਵੇ ਐੱਸ.ਐੱਮ. ਮੁਸ਼ਰਿਫ਼ ਦੀਆਂ ਕਿਤਾਬਾਂ ਵਿਚ ਦਿੱਤੇ ਵੇਰਵਿਆਂ ਅਤੇ ਭਗਵੇਂ ਆਗੂਆਂ ਵਿਰੁੱਧ ਦਰਜ ਕੇਸਾਂ 'ਚ ਜਾਂਚ ਏਜੰਸੀਆਂ ਵੱਲੋਂ ਪੇਸ਼ ਕੀਤੇ ਸਬੂਤਾਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਤਮਾਮ ਖੁੱਲ੍ਹੇ ਭੇਤਾਂ ਦੇ ਬਾਵਜੂਦ ਮੋਦੀ-ਅਮਿਤ ਸ਼ਾਹ ਵਰਗੇ ਆਗੂਆਂ ਨੂੰ ਭਰਮ ਹੈ ਕਿ ਆਰ.ਐੱਸ.ਐੱਸ.-ਭਾਜਪਾ ਦਾ ਦਹਿਸ਼ਤਵਾਦੀ ਕਿਰਦਾਰ ਕਿਸੇ ਨੂੰ ਨਜ਼ਰ ਨਹੀਂ ਆ ਰਿਹਾ ਅਤੇ ਉਹ ਹਿਟਲਰ ਦੇ ਸਲਾਹਕਾਰ ਗੋਇਬਲਜ਼ ਵਾਂਗ ਝੂਠ ਨੂੰ ਸੌ ਵਾਰ ਦੁਹਰਾ ਕੇ ਸੱਚ ਸਾਬਤ ਕਰ ਦੇਣਗੇ।

---

# ਮੂਰਤੀ

**ਰਕੇਸ਼ ਧਵਨ**
**ਫੋਨ: +91-95017-54900**

ਚੰਦ ਪ੍ਰਕਾਸ਼ ਆਪਣੇ ਨਾਂ ਦੇ ਨਾਲ ਨਾਲ ਆਪਣੀ ਦਿੱਖ ਅਤੇ ਸੁਭਾਅ ਤੋਂ ਵੀ ਵੱਖਰਾ ਲੱਗਿਆ। ਸਕੂਲ ਵਿਚ ਦਾਖਲਾ ਲੈਣ ਆਇਆ ਤਾਂ ਉਸ ਦੀ ਕੱਦ ਕਾਠੀ ਪ੍ਰਾਇਮਰੀ ਦੇ ਦੂਜੇ ਬੱਚਿਆਂ ਤੋਂ ਥੋੜ੍ਹੀ ਜ਼ਿਆਦਾ ਸੀ। ਉਸ ਦੀ ਵਿਧਵਾ ਮਾਂ ਨੂੰ ਅਸੀਂ ਸੈਕੰਡਰੀ ਸਕੂਲ ਦਾਖਲ ਕਰਵਾਉਣ ਲਈ ਕਿਹਾ ਤਾਂ ਉਸ ਨੇ ਕਿਹਾ ਕਿ ਪੁਰਾਣੀ ਕੀਤੀ ਪੜ੍ਹਾਈ ਦੇ ਕਾਗਜ਼ ਪੱਤਰ ਉਹ ਸਾਰੇ ਯੂਪੀ ਗੁਆ ਆਏ ਹਨ। ਉਸ ਦੀਆਂ ਅੱਖਾਂ ਵਿਚ ਹੰਝੂ ਦੇਖ ਕੇ ਸਟਾਫ ਦੀ ਸਲਾਹ ਨਾਲ ਉਸ ਨੂੰ ਚੌਥੀ ਜਮਾਤ ਵਿਚ ਦਾਖਲਾ ਦੇ ਦਿੱਤਾ।

ਸਕੂਲ ਵਿਚ ਚੰਦ ਪ੍ਰਕਾਸ਼ ਦੀ ਹਾਜ਼ਰੀ ਘੱਟ ਹੀ ਹੁੰਦੀ ਸੀ, ਘਰੋਂ ਸੁਨੇਹਾ ਭੇਜ ਕੇ ਬੁਲਾਉਣਾ ਪੈਂਦਾ ਸੀ। ਮੇਰੀ ਨਜ਼ਰੇ ਉਹ ਤਦ ਚੜ੍ਹਿਆ ਜਦ ਉਸ ਨੇ ਬਾਹਰੋਂ ਆਈ ਬਲਾਕ ਵਾਲੀ ਮੈਡਮ ਦੇ ਸਾਹਮਣੇ ਅੰਗਰੇਜ਼ੀ ਦਾ ਪਾਠ ਬੜੀ ਤੇਜ਼ੀ ਨਾਲ ਪੜ੍ਹ ਕੇ ਸੁਣਾ ਦਿੱਤਾ। ਅਗਲੇ ਦਿਨ ਮੈਂ ਉਸ ਨੂੰ ਆਪਣੇ ਕੋਲ ਬੁਲਾਇਆ ਅਤੇ ਸਵੇਰ ਦੀ ਸਭਾ ਵਿਚ ਆਪਣਾ ਪੈੱਨ ਉਸ ਨੂੰ ਇਨਾਮ ਵਿਚ ਦਿੱਤਾ। ਪਰਵਾਸੀ ਹੋਣ ਕਰ ਕੇ ਅਤੇ ਉਸ ਦੀ ਬੋਲੀ ਕਰ ਕੇ ਕਈ ਵਿਦਿਆਰਥੀ ਉਸ ਨੂੰ ਛੇੜਦੇ ਰਹਿੰਦੇ। ਉਸ ਦੀ ਸ਼ਿਕਾਇਤ ਵਿਚੋਂ ਵੀ ਉਸ ਦੀ ਮਜਬੂਰੀ ਝਲਕਦੀ ਜਦੋਂ ਉਹ ਕਹਿੰਦਾ, "ਸਰ, ਬੱਚੇ ਹਟਦੇ ਨਹੀਂ, ਮੈਨੂੰ ਕਦੀ ਕੁਝ ਅਤੇ ਕਦੀ ਡਾਂਗ ਕਹਿ ਕੇ ਛੇੜਦੇ ਹਨ। ਮੈਂ ਇਨ੍ਹਾਂ ਨੂੰ ਕੁੱਟ ਵੀ ਸਕਦਾ ਹਾਂ ਪਰ ਮੇਰੀ ਮੰਮੀ ਨੇ ਸਮਝਾਇਆ ਹੈ- ਕਿਸੇ ਨਾਲ ਲੜਨਾ ਨਹੀਂ।" ਮੈਂ ਉਸ ਨੂੰ ਸਮਝਾਇਆ, "ਕਾਕਾ, ਤੂੰ ਪੜ੍ਹਾਈ ਵੱਲ ਧਿਆਨ ਦੇ, ਇਨ੍ਹਾਂ ਦੀਆਂ ਗੱਲਾਂ ਦੀ ਪ੍ਰਵਾਹ ਨਾ ਕਰ।"

ਇਕ ਦਿਨ ਉਸ ਨੇ ਕਲਾਸ ਵਿਚ ਸ਼ਿਕਾਇਤ ਕੀਤੀ ਕਿ ਬੱਚੇ ਉਸ ਨੂੰ ਇੱਟ-ਇੱਟ ਕਹਿ ਕੇ ਛੇੜਦੇ ਹਨ। ਇਹ ਦੱਸਦਾ ਉਹ ਰੋ ਹੀ ਪਿਆ। ਮੈਂ ਉਸ ਨੂੰ ਦਿਲਾਸਾ ਦੇ ਕੇ ਉਹ ਵਿਦਿਆਰਥੀ ਖੜ੍ਹੇ ਕੀਤੇ ਤੇ ਉਨ੍ਹਾਂ ਨੇ ਚੰਦ ਪ੍ਰਕਾਸ਼ ਬਾਰੇ ਬੜੀ ਅਜੀਬ ਗੱਲ ਦੱਸੀ ਕਿ ਉਸ ਦੀ ਮੰਮੀ ਨੇ ਘਰ ਵਿਚ ਇੱਟ ਰੱਖੀ ਹੈ ਤੇ ਉਸ ਨੂੰ ਮੱਥਾ ਟੇਕਦੀ ਹੈ। ਉਸ ਸਮੇਂ ਬੱਚਿਆਂ ਦੀ ਗੱਲ ਟਾਲ ਕੇ ਤੇ ਉਨ੍ਹਾਂ ਨੂੰ ਝਿੜਕ ਕੇ ਬਾਅਦ ਵਿਚ ਮੈਂ ਚੰਦ ਪ੍ਰਕਾਸ਼ ਤੋਂ ਇਸ ਬਾਰੇ ਪੁੱਛਿਆ ਤਾਂ ਉਹ ਰੋਂਦਾ-ਰੋਂਦਾ ਦੱਸਣ ਲੱਗਾ ਕਿ ਯੂ.ਪੀ. ਵਿਚ ਉਸ ਦਾ ਡੈਡੀ ਭੱਠੇ ਵਿਚ ਡਿੱਗ ਕੇ ਮਰ ਗਿਆ ਸੀ, ਤੇ ਮੇਰੀ ਮੰਮੀ ਨੇ ਉਸੇ ਅੱਗ ਵਾਲੀ ਇੱਟ ਘਰ ਵਿਚ ਸਾਂਭ ਕੇ ਰੱਖੀ ਹੋਈ ਹੈ।

ਜਦ ਘਰ ਵਿਚ ਇਹੋ ਜਿਹੀ ਤ੍ਰਾਸਦੀ ਹੋਵੇ ਅਤੇ ਹੋਰ ਵਧ ਕੇ ਤ੍ਰਾਸਦੀ ਨੂੰ ਸਲੀਕੇ ਅਤੇ ਸਿਆਣਪ ਨਾਲ ਸਹੇਜ ਕੇ ਵੀ ਰੱਖਿਆ ਹੋਵੇ ਤਾਂ ਘਰ ਦਾ ਛੋਟੇ ਤੋਂ ਛੋਟਾ ਜੀਅ ਵੀ ਇਸ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦਾ।

ਚੰਦ ਪ੍ਰਕਾਸ਼ ਦੀ ਇੱਟ ਵਾਲੀ ਗੱਲ ਤੋਂ ਮੈਨੂੰ ਗੋਰਕੀ ਦੀ ਉਹ ਕਹਾਣੀ ਯਾਦ ਆ ਗਈ ਜਿਸ ਵਿਚ ਨਾਇਕਾ ਦਾ ਪ੍ਰੇਮੀ ਸੀਮਿੰਟ ਬਣਾਉਣ ਵਾਲੀ ਮਸ਼ੀਨ ਵਿਚ ਡਿੱਗ ਕੇ ਮਰ ਜਾਂਦਾ ਹੈ ਅਤੇ ਉਹ ਸੀਮਿੰਟ ਦੀ ਹਰ ਖੇਪ ਵਿਚ ਚਿੱਠੀ ਭੇਜਦੀ ਹੈ ਕਿ ਇਸ ਸੀਮਿੰਟ ਵਿਚ ਉਸ ਦੇ ਪਿਆਰੇ ਦੇ ਪ੍ਰਾਣ ਛੁਪੇ ਹੋਏ ਹਨ, ਇਹ ਤੁਹਾਡੇ ਘਰਾਂ ਦੀਆਂ ਕੰਧਾਂ ਛੱਤਾਂ ਫਰਸ਼ ਨੂੰ ਬਣਾਵੇਗਾ ਤਾਂ ਮੇਰੇ ਪਿਆਰੇ ਦੀ ਕੁਰਬਾਨੀ ਨੂੰ ਨਾ ਭੁੱਲਿਓ।...

ਸਮਾਂ ਬੀਤਦਾ ਗਿਆ। ਚੰਦ ਪ੍ਰਕਾਸ਼ ਪੰਜਵੀਂ ਪਾਸ ਕਰ ਕੇ ਨਾਲ ਦੇ ਸੈਕੰਡਰੀ ਸਕੂਲ ਵਿਚ ਚਲਾ ਗਿਆ। ਵਿਚ ਵਿਚ ਕਦੇ ਕਦੇ ਮਿਲਣ ਆਉਂਦਾ ਤਾਂ ਦੱਸਦਾ ਕਿ ਉਹ ਹੁਣ ਆਪਣੀ ਮੰਮੀ ਨਾਲ ਝੋਨਾ ਲਾਉਂਦਾ ਹੈ ਤੇ ਖੇਤਾਂ ਦਾ ਹੋਰ ਕੰਮ ਵੀ ਕਰਦਾ ਹੈ। ਇੱਕ ਦਿਨ ਅੱਧੀ ਛੁੱਟੀ ਵੇਲੇ ਅਸੀਂ ਰੋਟੀ ਖਾ ਰਹੇ ਸੀ ਤਾਂ ਇਕ ਬੱਚੇ ਨੇ ਦੱਸਿਆ ਕਿ ਕੱਲ੍ਹ ਚੰਦ ਪ੍ਰਕਾਸ਼ ਦੀ ਝੋਨਾ ਲਾਉਂਦਿਆਂ ਮੌਤ ਹੋ ਗਈ ਹੈ। ਸੁਣ ਕੇ ਮਨ ਪਸੀਜ ਗਿਆ ਅਤੇ ਅੱਖਾਂ ਸਾਹਮਣੇ ਉਸ ਦੀ ਮਾਤਾ ਦੀ ਤਸਵੀਰ ਆਉਣ ਲੱਗੀ। ਮੈਨੂੰ ਉਹ ਤ੍ਰਾਸਦੀਆਂ ਦੇ ਵਹਿਣ ਵਿਚ ਖਲੋਤੀ ਮੂਰਤੀ ਬਣੀ ਨਜ਼ਰ ਆ ਰਹੀ ਸੀ ਜਿਸ ਨੇ ਇੱਕ ਹੱਥ ਵਿਚ ਇੱਟ ਅਤੇ ਦੂਸਰੇ ਹੱਥ ਵਿਚ ਝੋਨੇ ਦੀਆਂ ਤਿੜਾਂ ਫੜੀਆਂ ਹੋਵਣ।

# ਅਜਮੇਰ ਔਲਖ ! ਤੂੰ ਕਿਤੇ ਨਹੀਂ ਗਿਆ !

***ਅਜਮੇਰ ਔਲਖ ਨੇ ਆਪਣੇ ਨਾਟਕਾਂ ਵਿਚ ਛੋਟੀ ਕਿਸਾਨੀ ਦੀ ਬਾਤ ਨਿਆਰੇ ਢੰਗ ਨਾਲ ਪਾਈ ਹੈ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਸਰੋਕਾਰਾਂ ਲਈ ਤਾਂਘਦੀਆਂ ਪਾਠਕਾਂ ਦੇ ਦਿਲਾਂ ਅੰਦਰ ਤਾਂਘ ਦੀਆਂ ਤਰਬਾਂ ਛੇੜਦੀਆਂ ਹਨ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸ਼ਬਦ ਚਿੱਤਰ ਵਿਚ ਆਪਣੇ ਮਿੱਤਰ ਅਜਮੇਰ ਔਲਖ ਦੀਆਂ ਇਨ੍ਹਾਂ ਤਾਂਘਾਂ ਨੂੰ ਬਹੁਤ ਰੀਝ ਤੇ ਨੀਝ ਨਾਲ ਫੜਿਆ ਹੈ ਅਤੇਉਸ ਸ਼ਖਸ ਨਾਲਮਿਲਾਇਆ ਹੈਜਿਸ ਦਾ ਦਿਲ ਸਦਾ ਅਵਾਮ ਲਈ ਧੜਕਦਾ ਰਿਹਾ ਹੈ। ਇਸ ਲੰਮੇ ਲੇਖ ਦੀਪਹਿਲੀ ਕਿਸ਼ਤ ਅਸੀਂ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ।***

ਪੰਜਾਬੀ ਨਾਟਕ ਦੀ ਰੂਹ, ਪੰਜਾਬੀ ਸਾਹਿਤ ਦਾ ਮਾਣ, ਕਲਮ ਦਾ ਯੋਧਾ ਜਰਨੈਲ, ਲੋਕ-ਹੱਕਾਂ ਦਾ ਬੁਲਾਰਾ, ਮੁਹੱਬਤ ਦਾ ਸੁੱਚਾ ਪੈਗ਼ਾਮ ਅਜਮੇਰ ਸਿੰਘ ਔਲਖ ਮੇਰਾ ਵੱਡਾ ਭਰਾ, ਮੇਰੀ ਦੇਹ-ਜਾਨ ਸੀ। ਖ਼ੂਨ ਦੀ ਸਾਂਝ ਭਾਵੇਂ ਨਹੀਂ ਸੀ ਪਰ ਵਿਚਾਰਾਂ ਦੀ ਸਾਂਝ ਬੜੀ ਪੱਕੀ-ਪੀਡੀ ਸੀ। ਮੇਰੀਆਂ ਕਹਾਣੀਆਂ ਅਤੇ ਔਲਖ ਸਾਹਿਬ ਦੇ ਨਾਟਕਾਂ ਦੇ ਪਾਠਕ ਜਾਣਦੇ ਨੇ ਕਿ ਅਸੀਂ ਦੋਵਾਂ ਨੇ ਆਪਣੀਆਂ ਲਿਖਤਾਂ ਵਿਚ ਨਿਮਨ ਕਿਰਸਾਨੀ ਦੇ ਦਰਦ ਦੀ ਬਾਤ ਪਾਈ ਹੈ। ਆਲੋਚਕਾਂ ਦਾ ਕਹਿਣਾ ਏ ਕਿ ਜੋ ਕੰਮ ਔਲਖ ਆਪਣੇ ਨਾਟਕਾਂ ਵਿਚ ਕਰ ਰਿਹਾ ਸੀ, ਉਹੋ ਕੰਮ ਮੈਂ ਕਹਾਣੀ ਵਿਚ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਸਾਡੇ ਵਿਚਾਰਾਂ ਦਾ ਮੇਲ ਅਜਿਹਾ ਸੀ



**ਵਰਿਆਮ ਸਿੰਘ ਸੰਧੂ**
**ਫੋਨ: 747-535-1539**

ਕਿ ਉਹਨੇ ਮੇਰੀਆਂ ਕਹਾਣੀਆਂ 'ਭੱਜੀਆਂ ਬਾਹੀਂ' ਅਤੇ 'ਆਪਣਾ ਆਪਣਾ ਹਿੱਸਾ' ਨੂੰ ਆਧਾਰ ਬਣਾ ਕੇ ਲਿਖੇ ਨਾਟਕ ਸੈਂਕੜਿਆਂ ਤੋਂ ਵੱਧ ਵਾਰ ਖੇਡੇ। 'ਭੱਜੀਆਂ ਬਾਹੀਂ' ਨਾਟਕ ਦੀ ਸਕ੍ਰਿਪਟ ਉਹਨੇ 'ਭੱਜੀਆਂ ਬਾਹਾਂ' ਦੇ ਨਾਂ ਹੇਠ ਪੁਸਤਕ ਰੂਪ ਵਿਚ ਵੀ ਛਪਵਾਈ। ਮੇਰੀ ਕਹਾਣੀ ਨੂੰ ਉਹਨੇ ਆਪਣੀ ਬਣਾ ਲਿਆ ਸੀ। ਆਪਣੀ ਬਣਾ ਕੇ ਲੋਕਾਂ ਦੀ ਬਣਾ ਦਿੱਤਾ ਸੀ। ਮੁਹਾਲੀ, ਜਲੰਧਰ, ਦਸੂਹੇ ਤੇ ਪੱਟੀ ਮੈਂ ਇਸ ਨਾਟਕ ਦੀਆਂ ਦਰਸ਼ਕਾਂ ਦੇ ਸਿਰ ਜਾਦੂ ਧੂੜਦੀਆਂ ਪੇਸ਼ਕਾਰੀਆਂ ਦਰਸ਼ਕਾਂ ਵਿਚ ਬੈਠ ਕੇ ਮਾਣੀਆਂ। ਉਹਨੇ ਕਹਾਣੀ ਨੂੰ ਜਿਊਂਦਿਆਂ ਕਰ ਦਿੱਤਾ ਸੀ। ਮੇਰੇ ਪਾਤਰ ਅੱਖਰਾਂ ਵਿਚੋਂ ਕੱਢ ਕੇ ਸਟੇਜ ਉੱਤੇ ਤੁਰਨ-ਬੋਲਣ ਲਾ ਦਿੱਤੇ ਸਨ।

ਔਲਖ ਨੇ ਮੇਰੀ ਖ਼ਾਤਰ 'ਕਹਾਣੀ ਲਿਖਣੀ ਛੱਡ ਦਿੱਤੀ!'

ਪਹਿਲਾਂ-ਪਹਿਲਾਂ ਔਲਖ ਨੇ ਕਹਾਣੀਆਂ ਵੀ ਲਿਖੀਆਂ ਪਰ ਫਿਰ ਪੱਕੇ ਤੌਰ 'ਤੇ ਨਾਟਕ ਨੂੰ ਸਮਰਪਤ ਹੋ ਗਿਆ। ਜੇ ਉਹ ਕਹਾਣੀ ਵੀ ਲਿਖਦਾ ਰਹਿੰਦਾ ਤਾਂ ਮੇਰਾ ਕੀ ਹੁੰਦਾ?

ਇੱਕ ਵਾਰ ਗੱਲਾਂ ਕਰਿਦਆਂ ਹਾਸੇ-ਹਾਸੇ ਵਿਚ ਸੰਤ ਸਿੰਘ ਸੇਖੋਂ ਨੇ ਕਿਹਾ ਸੀ ਕਿ ਮੈਂ ਨਾਵਲ, ਕਹਾਣੀਆਂ, ਨਾਟਕ, ਆਲੋਚਨਾ ਸਭ ਕੁਝ ਲਿਖਿਆ ਤੇ ਹਰ ਖੇਤਰ ਵਿਚ ਝੰਡੇ ਗੱਡੇ ਪਰ ਕਵਿਤਾ ਮੈਂ ਆਪਣੇ ਯਾਰ ਮੋਹਨ ਸਿੰਘ ਕਰ ਕੇ ਲਿਖਣੀ ਛੱਡ ਦਿੱਤੀ ਤਾਕਿ ਕਿਸੇ ਵਿਧਾ ਵਿਚ ਉਹਦਾ ਵੀ ਨਾਂ ਰਹਿ ਸਕੇ!

ਔਲਖ ਦਾ ਇਸ ਲਈ ਵੀ ਬਹੁਤ ਸ਼ੁਕਰੀਆ ਕਿ ਉਹਨੇ ਮੇਰੇ ਵਾਸਤੇ ਕਹਾਣੀ ਲਿਖਣੀ ਛੱਡ ਦਿੱਤੀ। ਆਪਣੇ ਛੋਟੇ ਭਰਾ ਵਾਸਤੇ। ਵੱਡੇ ਛੋਟਿਆਂ ਦਾ ਇੰਜ ਵੀ ਖ਼ਿਆਲ ਰੱਖਦੇ ਨੇ ਦੋਸਤੋ!

ਬੇਓੜਕ ਮੁਹੱਬਤਾਂ ਤੇ ਇਨਾਮਾਂ-ਸਨਮਾਨਾਂ ਦੀ ਬਾਰਸ਼

ਅਜਮੇਰ ਸਿੰਘ ਔਲਖ ਮੇਰਾ ਹੀ ਵੱਡਾ ਭਰਾ ਤੇ ਮੇਰਾ ਹੀ ਆਪਣਾ ਨਹੀਂ ਸੀਸਗੋਂ ਉਹਨਾਂ ਸਭਨਾਂ ਦਾ ਵੀ ਓਨਾ ਹੀ ਆਪਣਾ ਸੀਜਿਨ੍ਹਾਂ ਨੂੰ ਉਹਦੇ ਨਾਟਕਾਂ ਵਿਚ ਪਾਈ ਬਾਤ ਆਪਣੇ ਦਿਲ ਤੇ ਆਪਣੇ ਦੁੱਖ ਦੀ ਬਾਤ ਲੱਗਦੀ ਸੀ; ਜਿਨ੍ਹਾਂ ਨੂੰ ਉਹਦੇ ਬੋਲਾਂ ਵਿਚ ਆਪਣੇ ਰੋਹ-ਰੰਜ ਤੇ ਪੀੜ ਦੀ ਆਵਾਜ਼ ਸੁਣਦੀ ਸੀ; ਜਿਨ੍ਹਾਂ ਨੂੰ ਉਹਦੇ ਪਾਤਰਾਂ ਵਿਚੋਂ ਆਪਣੇ ਭੈਣ-ਭਰਾਵਾਂ, ਬਾਲ-ਬੱਚਿਆਂ, ਪਿਓ-ਪੁੱਤਾਂ ਤੇ ਮਾਵਾਂ-ਧੀਆਂ ਦੇ ਨਕਸ਼ ਨਜ਼ਰ ਆਉਂਦੇ ਸਨ।

ਉਹ ਵੱਡਾ ਲੇਖਕ ਸੀ, ਵੱਡਾ ਇਨਸਾਨ ਸੀ, ਵੱਡਾ ਯੋਧਾ ਸੀ ਪਰ ਇਹ ਸਾਰੀ ਵਡਿਆਈ ਭੁੱਲ ਕੇ ਉਹ ਸਦਾ ਧਰਤੀ ਦੇ ਜੀਆਂ ਨਾਲ ਉਹਨਾਂ ਵਰਗਾ ਹੋ ਕੇ ਜੀਵਿਆ-ਵਿਚਰਿਆ ਤੇ ਉਹਨਾਂ ਦੇ ਨਾਲ ਉਹਨਾਂ ਵਾਂਗ ਹੀ ਸਾਧਾਰਨ ਇਨਸਾਨ ਬਣ ਕੇ ਉਮਰ ਭਰ ਤੁਰਦਾ ਰਿਹਾ। ਉਮਰ ਭਰ ਉਹਨਾਂ ਲਈ ਲਿਖਦਾ ਰਿਹਾ, ਬੋਲਦਾ ਰਿਹਾ ਤੇ ਉਹਨਾਂ ਵਾਸਤੇ ਲੜਦਾ ਰਿਹਾ। ਜਦੋਂ ਕੁਦਰਤ ਨੇ ਉਹਨੂੰ ਆਪਣੇ ਕਹਿਰ ਦਾ ਨਿਸ਼ਾਨਾ ਬਣਾਇਆ ਤਾਂ ਉਹਦੇ ਉਹ ਸਾਰੇ ਮਿੱਤਰ-ਪਿਆਰੇ, ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਦਲ਼ੇ-ਮਲ਼ੇ ਲੋਕਜਿਨ੍ਹਾਂ ਦੀ ਪੀੜ ਵਿਚ ਉਹ ਸਦਾ ਹੂੰਗਦਾ ਰਿਹਾ ਸੀ, ਉਹਦੀ ਧਿਰ ਬਣ ਕੇ ਉਹਦੇ ਨਾਲ ਆਣ ਖਲੋਤੇ। ਉਹਨਾਂ ਨੇ ਸੰਕਟ ਭਰੇ ਸਮੇਂ 'ਤੇ ਉਹਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਉਸ ਵੱਲ ਵਹੀਰਾਂ ਘੱਤ ਲਈਆਂ। ਬਕੌਲ ਅਜਮੇਰ ਔਲਖ, "ਵਰ੍ਹਾ ਦਿੱਤੇ ਆਪਣੀਆਂ ਮਿਹਰਾਂ ਦੇ ਮੀਂਹ, ਵਾਰ ਸੁੱਟੇ ਮੇਰੇ ਉੱਤੋਂ ਨੋਟਾਂ ਦੇ ਨੋਟ!"

ਆਪਣੇ ਲੋਕਾਂ ਕੋਲੋਂ ਅਜਿਹਾ ਮਾਣ-ਸਤਿਕਾਰ ਤੇ ਅਜਿਹਾ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਕਿਸੇ ਲੇਖਕ ਨੂੰ ਅੱਜ ਤੱਕ ਭਲਾ ਕਿੱਥੇ ਮਿਲਿਆ ਸੀ!


ਆਮ ਤੌਰ 'ਤੇ ਲੇਖਕ/ਕਲਾਕਾਰ ਆਪਣੀ ਬੇਕਦਰੀ ਦਾ ਰੌਲਾ ਅਕਸਰ ਪਾਉਂਦੇ ਰਹਿੰਦੇ ਨੇ। ਇਹ ਸਚਾਈ ਵੀ ਹੈ ਕਿ ਸਾਹਿਤ ਵਿਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਕਈ ਵੱਡੇ ਲੇਖਕਾਂ ਨੂੰ ਅਤਿ ਦੀ ਗਰੀਬੀ ਤੇ ਦੁੱਖ ਵਿਚ ਆਪਣਾ ਜੀਵਨ ਗੁਜ਼ਾਰਨ ਲਈ ਮਜਬੂਰ ਹੋਣਾ ਪਿਆ। ਨੰਦ ਲਾਲ ਨੂਰਪੁਰੀ ਵਰਗੇ ਮੰਨੇ-ਪ੍ਰਮੰਨੇ ਗੀਤਕਾਰ ਨੂੰ ਪਿਛਲੀ ਉਮਰੇ ਖੂਹ ਵਿਚ ਡੁੱਬ ਕੇ ਆਤਮ-ਹੱਤਿਆ ਕਰਨੀ ਪਈ। ਸਾਈਂ ਹਯਾਤ ਪਸਰੂਰੀ ਦਾ ਸ਼ਿਅਰ ਹੈ:

ਜਿਊਂਦੀ ਜਾਨ ਜਿਹਨੂੰ ਕਿਸੇ ਪੁੱਛਿਆ ਨਹੀਂ,
ਦਿਨ ਨੂੰ ਖਾਏਂ ਕਿੱਥੋਂ, ਖਾਏਂ ਰਾਤ ਨੂੰ ਕੀ?
ਮਰਨੋਂ ਬਾਅਦ ਜੇ ਕਬਰ 'ਤੇ ਹੋਣ ਮੇਲੇ,
ਭਾਵੇਂ ਹੋਣ ਨਾ ਹੋਣ ਹਯਾਤ ਨੂੰ ਕੀ!

ਪਰ ਇਹ ਅਜਮੇਰ ਔਲਖ ਹੀ ਸੀ ਜਿਸ ਨੂੰ ਉਹਦੀ ਕਲਾ ਦੇ ਆਸ਼ਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇੱਕੱਠੇ ਹੋ ਕੇ ਉਹਦਾ ਮਾਣ/ਸਨਮਾਨ ਕੀਤਾ ਸੀ। ਉਹਨੂੰ ਮਾਣ ਸਨਮਾਨ ਦੀ ਕਦੀ ਕੋਈ ਥੋੜ ਨਹੀਂ ਸੀ ਰਹੀ। ਲੋਕ-ਸਨਮਾਨ ਤਾਂ ਉਹਨੂੰ ਆਖ਼ਰਾਂ ਦਾ ਮਿਲਿਆ ਹੀ ਪਰ ਇਸ ਦੇ ਨਾਲ ਹੀ ਸਾਹਿਤ-ਸਭਿਆਚਾਰ ਨਾਲ ਜੁੜੇ ਸਰਕਾਰੀ ਤੇ ਅਰਧ-ਸਰਕਾਰੀ ਅਦਾਰਿਆਂ ਨੇ ਵੀ ਉਹਦਾ ਬਣਦਾ ਮਾਣ-ਸਨਮਾਨ ਕਰਨ ਵਿਚ ਕੋਈ ਕਸਰ ਨਾ ਛੱਡੀ।

ਸਾਹਿਤ ਅਕਾਦਮੀ ਦਿੱਲੀ ਵੱਲੋਂ ਇਨਾਮ, ਨਾਟਕ ਤੇ ਥੀਏਟਰ ਅਕਾਦਮੀ ਦਿੱਲੀ ਵੱਲੋਂ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੀਐੱਚ.ਡੀ. ਆਨਰੇਰੀ ਡਿਗਰੀ ਤੇ ਹੋਰ ਅਨੇਕਾਂ ਇਨਾਮ-ਸਨਮਾਨ ਉਹਦੀ ਝੋਲੀ ਵਿਚ ਪੱਕੇ ਹੋਏ ਬੇਰਾਂ ਵਾਂਗ ਆਪ-ਮੁਹਾਰੇ ਡਿੱਗਦੇ ਰਹੇ। ਇਹ ਵੀ ਸੱਚ ਹੈ ਕਿ ਉਹਨੇ ਕਦੇ ਕਿਸੇ ਇਨਾਮ-ਸਨਮਾਨ ਜਾਂ ਅਹੁਦੇ ਲਈ ਲਾਲਸਾ ਨਹੀਂ ਸੀ ਪ੍ਰਗਟਾਈ।

ਉਂਝ, ਇਹੋ ਜਿਹਾ ਸਨਮਾਨ ਤੇ ਇਨਾਮ ਕਿਸੇ ਨੂੰ ਕਿੱਥੇ ਮਿਲਦਾ ਹੈ। ਇੱਕ ਵਾਰ ਨਾਟਕ ਖ਼ਤਮ ਹੋਣ ਤੋਂ ਪਿੱਛੋਂ ਤਿੰਨ-ਚਾਰ ਕਿਸਾਨ ਔਲਖ ਕੋਲ ਆਏ ਤੇ ਆਪਣੇ ਹੱਥਾਂ ਵਿਚ ਫੜੇ ਹੋਏ ਦਸ-ਦਸ ਦੇ ਨੋਟ ਔਲਖ ਵੱਲ ਵਧਾਉਂਦੇ ਹੋਏ ਉਹਨੂੰ ਇਨਾਮ ਦੇਣ ਦੇ ਇਰਾਦੇ ਨਾਲ ਕਹਿਣ ਲੱਗੇ, "ਆਹ ਕੇਰਾਂ ਫੜੀਂ ਬਾਈ ਸਾਡਾ ਇਨਾਮ।"



ਅਜਮੇਰ ਔਲਖ

ਔਲਖ ਨੇ ਨੋਟ ਫੜਨ ਤੋਂ ਇਨਕਾਰ ਕਰਦਿਆਂ ਹੋਇਆਂ ਕਿਹਾ, "ਨਹੀਂ ਬਾਈ ਜੀ, ਇਹ ਤੁਸੀਂ ਆਪਣੇ ਕੋਲ਼ ਈ ਰੱਖੋ। ਅਸੀਂ ਇਸ ਤਰ੍ਹਾਂ ਇਨਾਮ ਨੀ ਲੈਂਦੇ ਹੁੰਦੇ। ਪ੍ਰਬੰਧਕਾਂ ਨਾਲ ਜਿੰਨਾ ਖੋਲ੍ਹਿਆ ਹੁੰਦੈ, ਓਸੇ ਵਿਚ ਈ ਕਰਦੇ ਹੁੰਨੇ ਆਂ ਨਾਟਕ। ਇਸ ਤਰ੍ਹਾਂ ਨੋਟ ਲੈਣ ਨੂੰ ਅਸੀਂ ਕਿਹੜਾ ਗਾਉਣ ਵਾਲੇ ਆਂ? ਥੋਡੀ ਬਹੁਤ ਮਿਹਰਬਾਨੀ!" ਪਰ ਉਹਨਾਂ ਵਿਚੋਂ ਇੱਕ ਉਹਦੀ ਗੱਲ ਦੇ ਜਵਾਬ ਵਿਚ ਕਹਿਣ ਲੱਗਾ, "ਅਸੀਂ ਥੋਨੂੰ ਗਾਉਣ ਵਾਲੇ ਸਮਝ ਕੇ ਨੀ ਦੇ ਰਹੇ ਇਹ ਇਨਾਮ ਬਾਈ। ਅਸੀਂ ਤਾਂ ਇਸ ਕਰਕੇ ਦਿੰਨੇ ਆਂ ਬਈ ਅੱਜ ਤੱਕ ਸਾਡੇ ਪਿੰਡ ਵਿਚ ਤਗੜਿਆਂ ਨੂੰ ਗਾਲ਼ ਨੀ ਕੱਢ ਸਕਿਆ ਕੋਈ ਜਿਵੇਂ ਤੇਰੇ ਨਾਟਕ ਦੇ ਪੀਤੇ ਅਮਲੀ ਨੇ ਕੱਢੀ ਐ। ਅਸ਼ਕੇ ਤੇਰੇ! ਕੇਰਾਂ ਤਾਂ ਰੂਹ ਖ਼ੁਸ਼ ਕਰ'ਤੀ; ਫੜ ਲੈ ਸਾਡਾ ਗਰੀਬਾਂ ਦਾ ਇਨਾਮ, ਸਾਡਾ ਦਿਲ ਨਾ ਤੋੜ।"

ਇਹ ਤਾਂ ਸੀ 'ਗਰੀਬਾਂ' ਵੱਲੋਂ ਆਪਣੇ ਮਹਾਨ ਕਲਾਕਾਰ ਨੂੰ ਬਖ਼ਸ਼ਿਆ ਸਭ ਤੋਂ ਕੀਮਤੀ ਇਨਾਮ ਪਰ ਸਾਹਿਤ ਤੇ ਸਭਿਆਚਾਰ ਦੀਆਂ 'ਅਮੀਰ ਹਸਤੀਆਂ' ਦੇ ਪਿਆਰ ਤੇ ਸਨਮਾਨ ਦੀ ਮਿਸਾਲ ਵੀ ਵੇਖੋ:

ਚੰਡੀਗੜ੍ਹ ਵਿਚ 'ਬਗਾਨੇ ਬੋਹੜ ਦੀ ਛਾਂ' ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਡਾ. ਅਤਰ ਸਿੰਘ ਨੇ ਔਲਖ ਦਾ ਹੱਥ ਫੜਿਆ ਤੇ ਉਹਨੂੰ ਨਾਲ ਲੈ ਕੇ ਨਾਟਕ ਵੇਖਣ ਲਈ ਪਹਿਲੀ ਕਤਾਰ ਵਿਚ ਬੈਠੇ ਪੰਜਾਬੀ ਯੂਨੀਵਰਸਿਟੀ ਦੇ ਤਦੋਂਕੇ ਵਾਈਸ-ਚਾਂਸਲਰ ਡਾ. ਅਮਰੀਕ ਸਿੰਘ ਦੇ ਸਾਹਮਣੇ ਕਰਦੇ ਹੋਏ ਕਹਿਣ ਲੱਗਾ, "ਇਸ ਮੁੰਡੇ ਨੂੰ ਆਪਣੀ ਯੂਨੀਵਰਸਿਟੀ ਦੇ ਥੀਏਟਰ ਡਿਪਾਰਟਮੈਂਟ ਵਿਚ ਲੈ ਕੇ ਜਾਉ!"

ਡਾ. ਅਮਰੀਕ ਸਿੰਘ ਤੁਰੰਤ ਬੋਲੇ, "ਆ'ਜੇ, ਕੱਲ੍ਹ ਹੀ ਆ ਕੇ ਜੁਆਇਨ ਕਰ ਲਵੇ।"

ਇਹ ਸੀ ਔਲਖ ਦੀ ਕਲਾ ਦਾ ਜਾਦੂ ਜੋ 'ਵੱਡਿਆਂ-ਛੋਟਿਆਂ', 'ਅਮੀਰਾਂ-ਗਰੀਬਾਂ', 'ਸਾਧਾਰਨ ਬੁੱਧ' ਸਮਝੇ ਜਾਂਦੇ ਲੋਕਾਂ ਤੇ 'ਵੱਡੇ ਬੁੱਧੀਜੀਵੀਆਂ' ਦੇ ਸਿਰ 'ਤੇ ਜਾਦੂ ਬਣ ਕੇ ਛਾ ਜਾਂਦਾ ਰਿਹਾ।

ਏਸੇ ਨਾਟਕ ਨੂੰ ਵੇਖਣ ਤੋਂ ਬਾਅਦ ਪੰਜਾਬੀ ਦੇ ਮੰਨੇ-ਪ੍ਰਮੰਨੇ ਯਥਾਰਥਵਾਦੀ ਲੇਖਕ ਤੇ ਮਾਰਕਸਵਾਦੀ ਆਲੋਚਕ ਮਰਹੂਮ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਆਪ-ਮੁਹਾਰੇ ਛਲਕ ਪਏ ਉਤਸ਼ਾਹ ਨਾਲ ਔਲਖ ਨੂੰ ਕਿਹਾ ਸੀ, "ਬਈ ਔਲਖ, ਤੂੰ ਮੈਨੂੰ ਮੇਰੇ ਮਾਂ-ਬਾਪ ਯਾਦ ਕਰਵਾ ਦਿੱਤੇ! ਨਾਟਕ ਵੇਖਦਾ-ਵੇਖਦਾ ਮੈਂ ਕਈ ਵਾਰ ਰੋਇਆ! ਉਹ ਵੀ ਤੇਰੇ ਨਾਟਕ ਦੇ ਗੱਜਣ ਤੇ ਗੁਰਨਾਮ ਕੁਰ ਵਾਂਗ ਹੀ ਲੜਦੇ ਹੁੰਦੇ ਸੀ!'

ਜਦੋਂ ਉਹ ਮਹਾਨ ਨਾਟਕਕਾਰ ਆਪਣਾ ਰੋਲ ਅਦਾ ਕਰ ਕੇ ਮੰਚ ਤੋਂ ਸਦਾ ਲਈ ਓਹਲੇ ਹੋ ਗਿਆ ਤਾਂ ਨਿਸਚੈ ਹੀ ਸਾਡੇ ਅੰਦਰ ਦਾ ਹੱਸਦਾ ਹਿੱਸਾ ਬੁਝ ਗਿਆ ਜਾਪਦਾ ਸੀ ਪਰ ਇਹਦੇ ਨਾਲ ਇਹ ਵੀ ਖ਼ੂਬਸੂਰਤ ਸਚਾਈ ਹੈ ਕਿ ਦੇਸ਼-ਵਿਦੇਸ਼ ਵਿਚ ਉਹਦੇ ਦਰਸ਼ਕਾਂ ਦੀ ਲੱਖਾਂ ਦੀ ਭੀੜ ਅੱਖਾਂ ਵਿਚ ਅੱਥਰੂ ਲੈ ਕੇ, ਦਿਲ ਵਿਚ ਜੁਝਾਰੂ ਜਜ਼ਬਿਆਂ ਦਾ ਸੇਕ ਭਰ ਕੇ ਤਾੜੀਆਂ ਦੀ ਗੜਗੜਾਹਟ ਨਾਲ ਐਲਾਨ ਕਰ ਰਹੀ ਸੀ ਕਿ ਸਾਡੇ ਪਿਆਰੇ ਜਿਹੇ ਨਿੱਕੇ ਸੂਰਜ ਅਸੀਂ ਤੇਰੀ ਰੌਸ਼ਨੀ ਨੂੰ ਬੁਝਣ ਨਹੀਂ ਦਿਆਂਗੇ ਸਗੋਂ ਇਸ ਸੂਰਜ ਨੂੰ ਆਪਣੇ ਚਿੱਤ ਅਤੇ ਚੇਤਿਆਂ ਵਿਚ ਸਦਾ ਜਗਦਾ ਤੇ ਜਾਗਦਾ ਰੱਖਾਂਗੇ। ਤੇਰੀ ਕਹਿਣੀ, ਕਰਨੀ ਤੇ ਲੇਖਣੀ ਦਾ ਕਦੀ ਮਾਣ ਭੰਗ ਨਹੀਂ ਹੋਣ ਦਿਆਂਗੇ।

ਸਾਡੀ ਭੈਣ ਮਨਜੀਤ ਕੌਰ ਤੇ ਸਾਡੀਆਂ ਧੀਆਂ ਤੇ ਪਰਿਵਾਰ ਦੇ ਹੋਰ ਜੀਆਂ ਦਾ ਦੁੱਖ ਭਾਵੇਂ ਬੜਾ ਵੱਡਾ ਸੀ ਤੇ ਹੈ ਵੀ ਪਰ ਉਹਨਾਂ ਦੀਆਂ ਅੱਖਾਂ ਵਿਚ ਇਸ ਤਸੱਲੀ ਦੇ ਅੱਥਰੂ ਵੀ ਜ਼ਰੂਰ ਹੋਣਗੇ ਕਿ ਉਹ ਮਹਾਨ ਆਦਮੀ ਉਹਨਾਂ ਲਈ ਕਿੰਨਾ ਵੱਡਾ ਪਰਿਵਾਰ ਪਿੱਛੇ ਛੱਡ ਕੇ ਗਿਆ ਹੈ। ਉਹਨਾਂ ਦੀਆਂ ਅੱਖਾਂ ਸਾਹਮਣੇ ਅਸਮਾਨ ਵੱਲ ਉਲਰੀਆਂ ਹਜ਼ਾਰਾਂ ਬਾਹਵਾਂ ਉਹਨਾਂ ਨੂੰ ਕਲਾਵੇ ਵਿਚ ਲੈ ਕੇ ਉਹਨਾਂ ਦਾ ਦੁੱਖ ਵੰਡਾਉਣ ਲਈ ਤਿਆਰ ਹਨ। ਇਸ ਕਲਾਵੇ ਵਿਚ ਮੇਰੀਆਂ ਤੇ ਮੇਰੇ ਪਰਿਵਾਰ ਦੀਆਂ ਬਾਹਵਾਂ ਵੀ ਸ਼ਾਮਲ ਹਨ।

ਮੈਂ ਔਲਖ ਨੂੰ ਪਹਿਲੀ ਵਾਰ ਕਿੱਥੇ ਮਿਲਿਆ ਸਾਂ ਭਲਾ!

ਕਦੀ-ਕਦੀ ਤਾਂ ਲੱਗਦਾ ਹੈ ਕਿ ਅਸੀਂ ਤਾਂ ਇੱਕ ਦੂਜੇ ਨੂੰ ਜਨਮ-ਜਨਮਾਂਤਰਾਂ ਤੋਂ ਜਾਣਦੇ ਸਾਂ! ਉਹਨਾਂ ਦਿਨਾਂ ਵਿਚ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਨੌਜਵਾਨ ਲੇਖਕਾਂ ਦੀ ਵੱਡੀ ਗਿਣਤੀ ਸਥਾਪਤੀ ਵਿਰੋਧੀ ਤੱਤੀਆਂ ਲਿਖਤਾਂ ਲਿਖਣ ਲੱਗੀ ਸੀ। ਸਥਾਪਤ ਸਾਹਿਤਕ ਪਰਚੇ ਸਰਕਾਰੀ ਕਰੋਪੀ ਦੇ ਡਰੋਂ ਅਜਿਹੀਆਂ 'ਗਰਮ ਲਿਖਤਾਂ' ਛਾਪਣ ਤੋਂ ਤ੍ਰਹਿੰਦੇ। ਨੌਜਵਾਨ ਲੇਖਕਾਂ ਨੂੰ ਆਪਣੇ ਸਾਹਿਤਕ ਵਿਚਾਰਾਂ ਦੇ ਪ੍ਰਗਟਾਵੇ ਲਈ 'ਆਪਣੇ' ਪਰਚਿਆਂ ਦੀ ਲੋੜ ਸੀ। ਇਸ ਮਕਸਦ ਦੀ ਪੂਰਤੀ ਲਈ ਸਭ ਤੋਂ ਪਹਿਲਾਂ 'ਹੇਮ ਜਯੋਤੀ' ਮਾਸਿਕ ਪੱਤਰ ਮੈਦਾਨ ਵਿਚ ਨਿੱਤਰਿਆ ਜਿਸ ਵਿਚ ਨੌਜਵਾਨ ਲੇਖਕਾਂ ਦੀਆਂ ਸਥਾਪਤ ਨਿਜ਼ਾਮ ਪ੍ਰਤੀ ਰੋਹ-ਵਿਦਰੋਹ ਨਾਲ ਭਰੀਆਂ ਰਚਨਾਵਾਂ ਛਪਣ ਲੱਗੀਆਂ। ਉਹ ਸਥਾਪਤ ਹੋਣ ਲੱਗੇ।

ਇਕੱਲਾ 'ਹੇਮ ਜਯੋਤੀ' ਲੇਖਕਾਂ ਦੀ ਏਨੀ ਵੱਡੀ ਗਿਣਤੀ ਨੂੰ ਛਾਪਣ ਦੇ ਸਮਰੱਥ ਨਹੀਂ ਸੀ। ਇਸ ਲਈ ਕੁਝ ਹੋਰ 'ਇਨਕਲਾਬੀ ਤੱਤ' ਵਾਲੇ ਪਰਚੇ ਵੀ ਛਪਣ ਲੱਗੇ। 'ਸਿਆੜ', 'ਰੋਹਿਲੇ ਬਾਣ', 'ਮਾਂ' ਵਰਗੇ ਕੁਝ ਹੋਰ ਅਜਿਹੇ ਪਰਚਿਆਂ ਦੇ ਵਾਂਙ ਹੀ ਅਜਮੇਰ ਔਲਖ ਨੇ ਮਾਨਸੇ ਤੋਂ 'ਨਾਗ ਨਿਵਾਸ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਇਸ ਪਰਚੇ ਵਿਚ ਉਹ 'ਵਕਤ ਦੇ ਸ਼ੇਰ' ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕ ਸਕਣ ਵਾਲੀਆਂ ਲਿਖਤਾਂ ਛਾਪਦਾ। ਇਹਨਾਂ ਲਿਖਤਾਂ ਦੀ ਚੋਣ ਅਤੇ ਪੇਸ਼ਕਾਰੀ ਪਿੱਛੇ ਉਹਦੀ ਇਨਕਲਾਬੀ ਤੇ ਲੋਕ ਹਿਤੈਸ਼ੀ ਵਿਚਾਰਧਾਰਾ ਸ਼ਾਮਲ ਸੀ। ਪੰਜਾਬ ਦੀ ਕੇਂਦਰੀ ਲੇਖਕ ਸਭਾ 'ਤੇ ਸਦਾ ਹੀ ਕਮਿਊਨਿਸਟ ਪਾਰਟੀਆਂ ਨਾਲ ਜੁੜੇ ਜਾਂ ਉਹਨਾਂ ਦੀ ਮਰਜ਼ੀ ਨਾਲ ਚੁਣੇ ਲੇਖਕ ਹੀ ਆਗੂ ਰੋਲ ਨਿਭਾਉਂਦੇ ਆ ਰਹੇ ਸਨ। ਕੇਂਦਰੀ ਪੰਜਾਬੀ ਲੇਖਕ ਸਭਾ 'ਤੇ ਕਾਬਜ਼ ਦੋਵੇਂ ਕਮਿਊਨਿਸਟ ਪਾਰਟੀਆਂ ਕਿਉਂਕਿ ਵਿਚਾਰਧਾਰਕ ਤੌਰ 'ਤੇ ਨਕਸਲੀ ਵਿਚਾਰਧਾਰਾ ਦੇ ਵਿਰੁੱਧ ਸਨ, ਇਸ ਲਈ ਨਕਸਲੀ ਲਹਿਰ ਨਾਲ ਜੁੜੇ ਲੇਖਕਾਂ ਦਾ ਉਹਨਾਂ ਨਾਲ ਤਿੱਖਾ ਵਿਰੋਧ ਸੀ। ਇਨਕਲਾਬੀ ਨੌਜਵਾਨ ਲੇਖਕਾਂ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਸਥਾਪਤੀ ਦਾ ਪੱਖ ਪੂਰਨ ਵਾਲੀ 'ਸਰਕਾਰੀ' ਸਭਾ ਆਖ਼ਣਾ ਸੁਰੂ ਕਰ ਦਿੱਤਾ ਤੇ ਉਹਨਾਂ ਦੇ ਮੁਕਾਬਲੇ ਵਿਚ ਆਪਣੀ ਵੱਖਰੀ ਕੇਂਦਰੀ ਪੰਜਾਬੀ ਲੇਖਕ ਸਭਾ (ਗ਼ੈਰ-ਸਰਕਾਰੀ) ਬਣਾ ਲਈ।

ਕੇਂਦਰੀ ਪੰਜਾਬੀ ਲੇਖਕ ਸਭਾ (ਗ਼ੈਰ-ਸਰਕਾਰੀ) ਦੇ ਬੜੇ ਜੋਸ਼ੀਲੇ ਸਮਾਗਮ ਹੁੰਦੇ। ਬਹੁਤੀ ਵਾਰ ਅਸੀਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਜੁੜਦੇ। ਔਲਖ ਦੀ ਵਿਚਾਰਧਾਰਕ ਪ੍ਰਤੀਬੱਧਤਾ ਵੇਖਦੇ ਹੋਏ ਇੱਕ ਵਾਰ ਤਾਂ ਉਹਨੂੰ ਇਸ ਸਭਾ ਦਾ ਖ਼ਜ਼ਾਨਚੀ ਵੀ ਬਣਾਇਆ ਗਿਆ ਸੀ। ਇਸ ਸਭਾ ਦੇ ਸਮਾਗਮਾਂ 'ਤੇ ਮੈਂ ਵੀ ਜਾਂਦਾ। ਇੰਝ ਅਕਸਰ ਹੀ ਸਾਡਾ ਮੇਲ-ਗੇਲ ਹੋ ਜਾਂਦਾ। ਮਾੜੀ-ਮੋਟੀ ਗੱਲਬਾਤ ਵੀ ਹੋ ਜਾਂਦੀ ਪਰ ਸਮਾਗਮਾਂ ਵਿਚ ਹੋਣ ਵਾਲੀਆਂ ਛੋਟੀਆਂ ਮੁਲਾਕਾਤਾਂ ਨਾਲ ਬਹੁਤੀ ਪੀਚਵੀਂ ਸਾਂਝ ਬਣਨੀ ਮੁਸ਼ਕਿਲ ਸੀ ਪਰ ਮਿਲਣੀਆਂ ਦਾ ਇਹ ਸਿਲਸਿਲਾ ਜਾਰੀ ਰਿਹਾ। ਏਨਾ ਤਾਂ ਪਤਾ ਸੀ ਕਿ ਅਸੀਂ ਇੱਕੋ ਰਾਹ ਦੇ ਪਾਂਧੀ ਹਾਂ। ਸਾਡੀ ਸਾਂਝੇ ਸਫ਼ਰ ਦੀ ਸਾਂਝ ਹੈ। ਹੌਲੀ-ਹੌਲੀ ਇਹ ਸਾਂਝ ਵਧ ਕੇ ਅਪਣੱਤ ਦੇ ਰਿਸ਼ਤੇ ਵਿਚ ਬਦਲ ਗਈ। ਔਲਖ ਨੇ ਖੁਦ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ- 'ਮੈਂ ਉਸ ਵੇਲੇ ਦੇ 'ਨਕਸਲੀ' ਲੇਖਕਾਂ-ਪਾਸ਼, ਵਰਿਆਮ ਸਿੰਘ ਸੰਧੂ, ਅਮਰਜੀਤ ਚੰਦਨ, ਅਤਰਜੀਤ, ਸੰਤ ਰਾਮ ਉਦਾਸੀ, ਸੁਰਿੰਦਰ ਦੁਸਾਂਝ ਆਦਿ ਨਾਲ ਵੀ ਕਿਸੇ ਨਾ ਕਿਸੇ ਬਹਾਨੇ ਮੇਲ-ਜੋਲ ਰਖਦਾ ਸਾਂ।'

ਉਹਨਾਂ ਦਿਨਾਂ ਵਿਚ ਨਕਸਲੀ ਵੀ ਕਈ ਧਿਰਾਂ ਵਿਚ ਵੰਡੇ ਗਏ ਸਨ। ਅਸੀਂ ਨਾਗੀ ਰੈਡੀ ਗਰੁੱਪ ਵਿਚ ਸ਼ਾਮਲ ਹੋ ਗਏ। ਪਾਰਟੀ ਨੇ ਪਾਸ਼, ਔਲਖ, ਹਲਵਾਰਵੀ, ਚਮਨ ਲਾਲ ਪ੍ਰਭਾਕਰ, ਅਤਰਜੀਤ, ਸੁਰੇਂਦਰ ਹੇਮ ਜਯੋਤੀ, ਨਿਰੰਜਨ ਢੇਸੀ ਤੇ ਕੁਝ ਕੁ ਹੋਰ ਲੇਖਕਾਂ-ਸਾਹਿਤਕਾਰਾਂ ਦੀ ਸ਼ਮੂਲੀਅਤ

***(ਬਾਕੀ ਸਫਾ 26 'ਤੇ)***




**ਅਜਮੇਰ ਔਲਖ ਆਪਣੇ ਜੁਝਾਰੂ ਸਾਥੀਆਂ ਨਾਲ ਇਕ ਮੀਟਿੰਗ ਦੌਰਾਨ।**

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

ਆਪ ਸਭ ਸੰਗਤ ਨੂੰ ਬੇਨਤੀ ਹੈ, ਗੁਰੂ ਘਰ ਵਿਖੇ
ਹਾਜਰੀਆਂ ਭਰ ਕੇ, ਜਨਮ ਸਫਲਾ ਬਨਾਉ ਜੀ ।



# PRAKASH GURPURAB GURU NANAK DEV JI

## Program details : 2022

**Special Evening Kirtan Diwan** — Tuesday Nov 8th, 6:30 PM - 8:30 PM, followed by Guru Ka Langar

**Akhand Paath**
Arambh: Friday Nov 11th 9:30am
Bhog: Sunday Nov 13th 9:30am

**Parkarma & Nishan Sahib Seva** — Sunday Nov 13th 10:00am



**Gurpurab Kirtan Diwans**
Giani Mahinder Singh 'Khadim' from Brampton Canada

Friday Nov 11th 6:30 pm-9:00 pm
followed by Guru Ka Langar

Sunday Nov 13th 11:00 am-1:30 pm
followed by Guru Ka Langar

# Sikh Temple of North Texas

506 Gatewood Drive Garland, TX 75043 ( 972 ) 240 - 5348

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਦੀ

# ਕੋਟਾਨਿ ਕੋਟਿ ਵਧਾਈ



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਗਾਖਲ ਭਰਾਵਾਂ ਅਤੇ ਸਮੂਹ ਪਰਿਵਾਰ ਵਲੋਂ

## ਕੁਲ ਲੋਕਾਈ ਨੂੰ ਪ੍ਰਥਮ ਪਾਤਸ਼ਾਹ


## ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

ਆਓ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ 'ਸਰਬ ਸਾਂਝੀਵਾਲਤਾ ਦਿਵਸ' ਵਜੋਂ ਮਨਾਉਂਦਿਆਂ ਪ੍ਰਕਾਸ਼ ਪੁਰਬ ਵਾਲੇ ਦਿਨ ਆਪਣੇ ਘਰਾਂ ਤੇ ਕਾਰੋਬਾਰੀ ਸਥਾਨਾਂ 'ਤੇ ਰੌਸ਼ਨੀ ਕਰੀਏ ਤੇ ਇਹ ਖੁਸ਼ੀ ਸਾਰੀ ਮਨੁੱਖਤਾ ਨਾਲ ਸਾਂਝੀ ਕਰੀਏ। ਇਸ ਦਿਨ ਪਰਿਵਾਰਾਂ ਸਮੇਤ ਗੁਰੂ ਘਰ ਪਹੁੰਚ ਕੇ ਗੁਰੂ ਸਾਹਿਬ ਦੇ ਸਮੁੱਚੀ ਲੋਕਾਈ ਲਈ ਕੀਤੇ ਪਰਉਪਕਾਰਾਂ ਦਾ ਸ਼ੁਕਰਾਨਾ ਕਰੀਏ ਤੇ ਗੁਰੂ ਸਾਹਿਬ ਦੇ ਮਹਾਨ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਅਪਣਾਈਏ।




ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ


# A & I Transport Inc.

123 E Lee Rd Watsonville, CA Ph: 831-763-7805

# ਸ਼ਬਦਾਂ ਰਾਹੀਂ ਉਘੜਦੇ ਨਕਸ਼ ਨਕਾਸ਼

## ਕਲਾ ਪਰਿਕਰਮਾ

ਵਾਰਤਕ ਦੇ ਵਿਭਿੰਨ ਰੂਪਾਂ ਵਿਚੋਂ ਰੇਖਾ ਚਿੱਤਰ ਵੱਖਰੀ ਕਿਸਮ ਦਾ ਰੂਪ ਹੈ। ਜੀਵਨੀ ਤੇ ਸਵੈ-ਜੀਵਨੀ ਵਾਂਗ ਇਸ ਵਿਚ ਵੀ ਕਿਸੇ ਪ੍ਰਸਿੱਧ ਵਿਅਕਤੀ, ਲੇਖਕ, ਕਲਾਕਾਰ, ਰਾਜਨੀਤੀਵੇਤਾ, ਗਾਇਕ ਤੇ ਕਿਸੇ ਵੀ ਵਿਅਕਤੀ ਦੇ ਗੁਣਾਂ/ਔਗੁਣਾਂ ਨੂੰ ਗਲਪੀ ਪਾਠ ਵਾਂਗ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਸੰਜਮ,



ਸਹਿਜ ਤੇ ਗਲਪੀ ਭਾਸ਼ਾ ਦੀ ਸਮਝ ਜ਼ਰੂਰੀ ਹੈ। ਵਿਅੰਗ ਵਿਧੀ ਨੂੰ ਇਸ ਵਿਚ ਹਥਿਆਰ ਵਾਂਗ ਵਰਤਿਆ ਜਾਂਦਾ ਹੈ ਤਾਂ ਜੋ ਵਿਅਕਤੀ ਵਿਚਲੇ

**ਪਰਮਜੀਤ ਢੀਂਗਰਾ**
**ਫੋਨ: +91-94173-58120**

ਵਿਸਥਾਰ ਤੇ ਉਹਦੇ ਅੰਦਰਲੇ ਨੂੰ ਪੇਸ਼ ਕੀਤਾ ਜਾ ਸਕੇ।

ਗੁਰਮੀਤ ਕੜਿਆਲਵੀ ਉੱਘਾ ਕਹਾਣੀਕਾਰ ਹੈ। ਕਹਾਣੀ ਦੇ ਖੇਤਰ ਵਿਚ ਉਹਨੇ ਨਵੇਂ ਨਵੇਂ ਵਿਸ਼ਿਆਂ ਉੱਤੇ ਕਹਾਣੀਆਂ ਦੀ ਰਚਨਾ ਕੀਤੀ ਹੈ। ਇਸ ਦੇ ਨਾਲ ਹੀ ਉਹਨੇ ਵਾਰਤਕ ਵਿਧਾ 'ਤੇ ਵੀ ਹੱਥ ਅਜ਼ਮਾਇਆ ਹੈ। ਹੱਥਲੀ ਕਿਤਾਬ 'ਨਕਸ਼ ਨੱਕਾਸ਼' ਰੇਖਾ ਚਿੱਤਰਾਂ ਨਾਲ ਸੰਬੰਧਿਤ ਹੈ। ਇਸ ਨੂੰ ਉਹਨੇ ਰੇਖਾਕਾਰੀ ਦੀ ਥਾਂ ਨਕਸ਼ਾਂ ਦੀ ਨੱਕਾਸ਼ੀ ਵਜੋਂ ਪੇਸ਼ ਕੀਤਾ ਹੈ। ਨਕਸ਼ ਨੱਕਾਸ਼ੀ ਵੀ ਰੇਖਾਕਾਰੀ ਵਰਗੇ ਵਿਹਾਰ ਨੂੰ ਪ੍ਰਗਾਟਾਉਣ ਵਾਲੀ ਕਲਾਕਾਰੀ ਹੈ। ਇਸ ਵਿਚ ਲੇਖਕ ਨੇ ਉਨ੍ਹਾਂ ਵਿਅਕਤੀਆਂ ਦੀ ਨੱਕਾਸ਼ੀ ਕਰਨ ਦਾ ਜਤਨ ਕੀਤਾ ਹੈ ਜਿਨ੍ਹਾਂ ਨੂੰ ਉਹ ਨੇੜਿਓਂ ਜਾਣਦਾ/ ਪਛਾਣਦਾ/ ਪਰਖਦਾ ਹੈ। ਉਹ ਉਨ੍ਹਾਂ ਨੂੰ ਗਲਪੀ ਪਾਠਾਂ ਵਿਚ ਢਾਲ ਕੇ ਨਾ ਸਿਰਫ਼ ਉਨ੍ਹਾਂ ਬਾਰੇ ਜਾਣਕਾਰੀ ਦਿੰਦਾ ਹੈ ਸਗੋਂ ਉਨ੍ਹਾਂ ਦੀ ਦੇਣ ਨੂੰ ਵੀ ਚਿਤਾਰਦਾ ਹੈ।

ਇਨ੍ਹਾਂ ਵਿਚ ਗੋਰਖਨਾਥ ਦਾ ਚੇਲਾ-ਦੇਵ ਥਰੀਕੇ, ਰਾਂਝਣ ਮਿਲਵਾਦੇ ਰੱਬਾ-ਹਾਕਮ ਸੂਫੀ, ਪੰਜਾਬੀਅਤ ਦਾ ਚਿਤੇਰਾ-ਜਰਨੈਲ ਸਿੰਘ ਆਰਟਿਸਟ, ਦੌਧਰ ਦਾ ਦੋਹਤਾ-ਕੇ.ਐਲ.ਗਰਗ, ਸੇਖਾ ਚਾਚਾ-ਜਰਨੈਲ ਸਿੰਘ, ਸ਼ਿਵਾਲਿਕ ਦਾ ਝਰਨਾ-ਬਲਬੀਰ ਪਰਵਾਨਾ, ਮਸ਼ਾਲਾਂ ਬਾਲ ਕੇ ਚਲਣਾ-ਮਹਿੰਦਰ ਸਾਥੀ, ਨੱਥੂਵਾਲੀਆ ਨਾਹਰ-ਜੋਗਿੰਦਰ ਨਾਹਰ, ਸਾਹਿਤ ਦਾ ਡਰਾਈਵਰ-ਬਲਦੇਵ ਸਿੰਘ, ਕਿਥੇ ਕੱਟੇਂਗਾ ਰਾਤ ਵੇ ਟੁੱਟਿਆ ਤਾਰਿਆ-ਤਾਰਾ ਸਿੰਘ ਸੰਧੂ, ਪਾਰੇ ਵਰਗਾ ਆਦਮੀ-ਬਾਬੂ ਸਿੰਘ ਆਦਿ ਗਿਆਰਾਂ ਨਕਸ਼ ਸ਼ਾਮਲ ਹਨ।

ਇਨ੍ਹਾਂ ਦੇ ਸਿਰਲੇਖਾਂ ਤੋਂ ਪਤਾ ਲੱਗਦਾ ਹੈ ਕਿ ਹਰ ਲੇਖਕ, ਕਲਾਕਾਰ, ਗਾਇਕ, ਗੀਤਕਾਰ ਤੇ ਨੇੜਲੇ ਵਿਅਕਤੀ ਦੇ ਗੁਣਾਂ ਨੂੰ ਆਧਾਰ ਬਣਾ ਕੇ ਸਿਰਲੇਖ ਦਿੱਤੇ ਹਨ। ਸਿਰਲੇਖ ਕਿਸੇ ਵੀ ਰਚਨਾ ਦਾ ਪਛਾਣ ਚਿੰਨ੍ਹ ਹੁੰਦਾ ਹੈ।




*ਗੁਰਮੀਤ ਕੜਿਆਲਵੀ ਦੀ ਰੇਖਾ ਚਿੱਤਰਾਂ ਦੀ ਨਵੀਂ ਛਪੀ ਕਿਤਾਬ 'ਨਕਸ਼ ਨੱਕਾਸ਼' ਦਾ ਮੁਖੜਾ।*



*ਲਿਖਾਰੀ ਗੁਰਮੀਤ ਕੜਿਆਲਵੀ ਜਿਸ ਨੇ ਗਲਪ ਦੇ ਖੇਤਰ ਵਿਚ ਨਵੀਆਂ ਮੱਲਾਂ ਮਾਰੀਆਂ ਹਨ।*


ਦੇਵ ਥਰੀਕਿਆਂ ਵਾਲੇ ਬਾਰੇ ਉਹ ਲਿਖਦਾ ਹੈ- 'ਉਹਨੇ ਲੰਮਾ ਸਮਾਂ ਪੰਜਾਬੀ ਗੀਤਕਾਰੀ ਦਾ ਅਕਾਸ਼ ਮੱਲੀ ਰਖਿਆ ਹੈ। ਉਹ ਗੋਰਖਨਾਥ ਦੇ ਟਿੱਲੇ ਤੋਂ ਪੰਜਾਬੀ ਜਨਮਾਨਸ ਨੂੰ ਉਨ੍ਹਾਂ ਦੇ ਦਿਲਾਂ 'ਚ ਡੂੰਘੀ ਧਸੀ ਪਈ ਹੀਰ ਦੇ ਦਰਸ਼ਨ ਕਰਾਉਂਦਾ ਹੈ। ਮੈਂ ਉਹਨੂੰ ਓਦੋਂ ਤੋਂ ਜਾਣਦਾ ਹਾਂ ਜਦੋਂ ਅਜੇ ਚੌਥੀ ਜਮਾਤ ਵਿਚ ਪੜ੍ਹਦਾ ਸਾਂ।' ਇਸ ਦੇ ਨਾਲ ਹੀ ਉਹ ਉਸ ਨਾਲ ਜੁੜੀਆਂ ਕਈ ਯਾਦਾਂ/ ਘਟਨਾਵਾਂ/ ਪਲ/ ਸਿਮਰਤੀਆਂ ਸਾਂਝੀਆਂ ਕਰਦਾ ਹੈ। ਉਹਦੇ ਲਿਖੇ ਵੱਖ ਵੱਖ ਗੀਤਾਂ ਤੇ ਉਨ੍ਹਾਂ ਨੂੰ ਗਾਉਣ ਵਾਲੇ ਗਾਇਕਾਂ ਬਾਰੇ ਜਾਣਕਾਰੀ ਸਾਂਝੀ ਕਰਦਾ ਹੈ। ਇਸ ਤਰ੍ਹਾਂ ਕੁਝ ਸਫਿਆਂ ਦੀ ਇਸ ਨਕਾਸ਼ੀ ਵਿਚ ਉਹਦੀ ਜ਼ਿੰਦਗੀ ਦੇ ਭਰਪੂਰ ਵੇਰਵੇ ਲੇਖਕ ਸਾਂਝੇ ਕਰਦਾ ਹੈ।


ਜਰਨੈਲ ਸਿੰਘ ਆਰਟਿਸਟ ਬਾਰੇ ਉਹਦਾ ਵਾਹਿਆ ਸ਼ਬਦ ਨਕਾਸ਼ ਵੀ ਵੇਖਣਯੋਗ ਹੈ। ਇਸ ਵਿਚ ਉਹ ਜਰਨੈਲ ਸਿੰਘ ਨਾਲ ਰਸ਼ਕ ਕਰਦਾ ਹੈ ਕਿ ਉਹ ਖੁਸ਼ਕਿਸਮਤ ਹੈ ਜਿਸ ਦੀ ਜੀਵਨੀ ਸਕੂਲਾਂ ਵਿਚ ਪੜ੍ਹਾਈ ਜਾ ਰਹੀ ਹੈ। ਉਹਨੇ ਪੰਜਾਬੀ ਸਭਿਆਚਾਰ ਨੂੰ ਆਪਣੇ ਚਿੱਤਰਾਂ ਵਿਚ ਖ਼ਾਸ ਪੰਜਾਬੀ ਰੰਗਾਂ ਵਿਚ ਚਿਤਰਿਆ ਹੈ। ਲੇਖਕ ਨੂੰ ਵੀ ਚਿਤਰਕਾਰੀ ਦਾ ਮੋਹ ਹੈ ਖ਼ਾਸ ਕਰਕੇ ਪੁਰਾਣੇ ਪੇਂਡੂ ਸਭਿਆਚਾਰ ਨਾਲ ਸਬੰਧਿਤ ਤਸਵੀਰਾਂ ਦਾ। ਇਸੇ ਕਰਕੇ ਉਹਨੂੰ ਜਰਨੈਲ ਸਿੰਘ ਦੇ ਚਿੱਤਰ ਮੋਂਹਦੇ ਨੇ।


ਕੇ.ਐਲ. ਗਰਗ ਦੀ ਨੱਕਾਸ਼ੀ ਉਹ ਨਿੱਕੀਆਂ ਨਿੱਕੀਆਂ ਛੋਹਾਂ ਨਾਲ ਕਰਦਾ ਹੈ। ਸ਼ਾਇਦ ਇਹ ਲੰਮੇ ਸਾਥ ਦਾ ਅਸਰ ਹੈ ਕਿਉਂਕਿ ਮੋਗੇ ਨੂੰ ਲੇਖਕਾਂ ਦਾ ਘਰ ਕਿਹਾ ਜਾਂਦਾ ਹੈ। ਇਸ ਸ਼ਹਿਰ ਦੇ ਸਾਰੇ ਲੇਖਕ ਇਕ ਦੂਜੇ ਨੂੰ ਨੇੜਿਓਂ ਜਾਣਦੇ/ਪਰਖਦੇ ਤੇ ਆਦਤਾਂ ਤੋਂ ਜਾਣੂ ਹਨ। ਗਰਗ ਦਾ ਰੇਖਾ ਚਿੱਤਰ ਕਹਾਣੀ ਦਾ ਪ੍ਰਭਾਵ ਸਿਰਜਦਾ ਹੈ।

ਬਲਦੇਵ ਸਿੰਘ ਪੰਜਾਬੀ ਦਾ ਉੱਘਾ ਨਾਵਲਕਾਰ ਤੇ ਮੋਗੇ ਦੀ ਜਿੰਦਜਾਨ ਹੈ। ਸੜਕਨਾਮਾ ਲਿਖਣ ਤੋਂ ਬਾਅਦ ਉਹ ਪੰਜਾਬੀ ਸਾਹਿਤ ਵਿਚ ਬਲਦੇਵ ਸੜਕਨਾਮਾ ਨਾਲ ਹੀ ਮਸ਼ਹੂਰ ਹੋ ਗਿਆ। ਇਸੇ ਕਰ ਕੇ ਲੇਖਕ ਉਹਨੂੰ ਸਾਹਿਤ ਦਾ ਡਰਾਈਵਰ ਕਹਿ ਕੇ ਉਹਦੀ ਨਕਸ਼ ਨੱਕਾਸ਼ੀ ਕਰਦਾ ਹੈ। ਉਹਦੇ ਬਾਰੇ ਲੇਖਕ ਦਾ ਕਥਨ ਹੈ- 'ਡਰਾਈਵਰੀ ਬਲਦੇਵ ਸਿੰਘ ਦੇ ਖ਼ੂਨ ਵਿਚ ਰਚ ਚੁੱਕੀ ਹੈ। ਸਾਹਿਤਕ ਰਚਨਾਵਾਂ ਬਾਰੇ ਉਸ ਦੀਆਂ ਡਰਾਈਵਰਾਂ ਵਾਲੀਆਂ ਸਟੀਕ ਟਿੱਪਣੀਆਂ ਹੁੰਦੀਆਂ ਹਨ। ਠਾਹ ਸੋਟਾ ਮਾਰਨ ਵਾਲੀਆਂ।'

ਇਨ੍ਹਾਂ ਤੋਂ ਇਲਾਵਾ ਵੀ ਬਾਕੀ ਨਕਸ਼ ਰੌਚਕ ਤੇ ਸਵਾਦਲੇ ਹਨ। ਲੇਖਕ ਕੋਲ ਕਹਿਣ ਦਾ ਢੰਗ ਮਠਾਰਣ ਵਾਲਾ ਹੈ। ਉਹ ਗੱਲ ਨੂੰ ਨਾ ਬਹੁਤਾ ਲਮਕਾਉਂਦਾ ਹੈ ਨਾ ਸੁੰਗੇੜਦਾ ਹੈ। ਆਸ ਹੈ ਪੰਜਾਬੀ ਪਾਠਕ ਇਨ੍ਹਾਂ ਨੂੰ ਪੜ੍ਹ ਕੇ ਲੇਖਕਾਂ/ ਗਾਇਕਾਂ/ ਕਲਾਕਾਰਾਂ ਬਾਰੇ ਹੋਰ ਜ਼ਿਆਦਾ ਜਾਣਨ ਦੇ ਸਮਰੱਥ ਹੋਣਗੇ।




*ਗੁਰਮੀਤ ਕੜਿਆਲਵੀ ਦੀਆਂ ਕੁਝ ਹੋਰ ਕਿਤਾਬਾਂ ਦੇ ਮੁਖੜੇ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਨਵੰਬਰ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-559



**ਭਾਰੀ ਮੀਂਹ ਪਏ ਹੜ੍ਹ ਆਇਆ ਹੈ ਗੋਡੇ ਗੋਡੇ ਪਾਣੀ,**
**ਰੋਕਣੀ ਨਹੀਂ ਪੜ੍ਹਾਈ ਪੁੱਤ ਦੀ ਹੈ ਬਾਪੂ ਨੇ ਮਨ ਠਾਣੀ।**
**ਸਾਈਕਲ ਉੱਤੇ ਬਿਠਾ ਬੱਚੇ ਨੂੰ ਨਿੱਤ ਸਕੂਲ ਲੈ ਜਾਂਦਾ,**
**ਹਰ ਹਾਲ ਉਸਨੂੰ ਪੜ੍ਹਾ ਕੇ ਹੈ ਬਾਪ ਦਾ ਫਰਜ਼ ਨਿਭਾਂਦਾ।**

## ਕੈਪਸ਼ਨ ਮੁਕਾਬਲਾ-557



ਮਿੱਟੀ, ਮਿੱਟੀ ਨਾ ਰਹਿੰਦੀ,
ਕਲਾਕਾਰ ਦੇ ਹੱਥਾਂ ਵਿਚ ਜਾ ਕੇ।
ਦੀਵੇ ਅਤੇ ਘਰੂੰਡੀਆਂ ਬਣ ਕੇ,
ਰੁਸ਼ਨਾ ਦੇਣ ਹਰ ਘਰ ਨੂੰ ਜਾ ਕੇ।
ਲਾਟੂ-ਲੜੀਆਂ ਦਾ ਹੋਇਆ ਬੋਲ-ਬਾਲਾ,
ਚੌਪਟ ਹੋ ਗਿਆ ਧੰਦਾ ਸਾਰਾ।
ਘਰ ਦਾ ਗੁਜ਼ਾਰਾ ਔਖਾ ਹੋ ਗਿਆ,
ਕਿਰਤੀ ਬੈਠਾ ਵਿਹਲਾ, 'ਚਾਨਣ ਬਣਜਾਰਾ'।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ***
***ਫੋਨ: 94176-49275***

---

ਸੜਕ ਕਿਨਾਰੇ ਢੇਰ ਲਾਏ,
ਨੇੜੇ ਆਈ ਦੀਵਾਲ਼ੀ,
ਲੈ ਜਾਓ ਕਰਮਾਂ ਵਾਲਿਓ,
ਭਰਦੋ ਜੇਬ ਹੈ ਖ਼ਾਲੀ
ਛੇ ਮਹੀਨੇ ਤੋਂ ਉਡੀਕਦੇ, ਹੇ ਦਾਤਾ!
ਆਸ ਪੁਗਾਈਂ,
ਹਨ੍ਹੇਰਾ ਦੂਰ ਭਜਾ ਦੇਵੀਂ,
ਸਾਡੇ ਘਰ ਵੀ ਰੁਸ਼ਨਾਈਂ।
***-ਸੇਵਾ ਸਿੰਘ ਨੂਰਪੁਰੀ***

---

ਸੜਕ ਕਿਨਾਰੇ ਆ ਬੈਠੇ ਹਾਂ
ਹੱਟੀ ਆਪਣੀ ਲਾ ਬੈਠੇ ਹਾਂ।
ਕੋਈ ਤਾਂ ਆਊ ਸਾਡੇ ਵਰਗਾ
ਦਿਲ ਨੂੰ ਇਹ ਸਮਝਾ ਬੈਠੇ ਹਾਂ।
ਸਾਡੀ ਵੀ ਬਣ ਜਾਏ ਦਿਵਾਲੀ
ਬੱਸ ਇਹੀ ਆਸ ਲਗਾ ਬੈਠੇ ਹਾਂ।
***-ਜਗਮੀਤ ਸਿੰਘ ਪੰਧੇਰ***
***ਫੋਨ: +91 98783-37222***

---

ਘੁਮਿਆਰਾਂ ਦਾ ਧੰਦਾ ਬਹੁਤ ਪੁਰਾਣਾ,
ਜ਼ਿਮੀਂਦਾਰਾਂ ਨਾਲ ਜੁੜਦਾ ਸੀ ਤਾਣਾ-ਬਾਣਾ।
ਹੱਟੜੀ, ਚੱਪਣ, ਘੜੇ ਤੇ ਦੀਵੇ ਬਣਾ ਕੇ,
ਬੱਟੇ 'ਚ ਘਰ ਲਿਆਉਂਦੇ ਸੀ ਅੰਨ ਦਾਣਾ।
ਜਦੋਂ ਤੋਂ ਕਰੰਸੀ ਬਦਲੇ
ਚੀਜ਼ਾਂ ਦੇ ਮੁੱਲ ਪਏ,
ਗ਼ਰੀਬੀ ਤੋਂ ਕੰਗਾਲੀ ਨਾਲ ਜੂਝ ਰਹੀ।
ਵਧੀਆ ਰੌਸ਼ਨੀਆਂ ਭਾਵੇਂ ਆ ਗਈਆਂ,
ਦੀਵਿਆਂ ਬਿਨਾਂ ਦੀਵਾਲੀ ਝੂਰ ਰਹੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਹੱਥ ਦਸਤਕਾਰੀ, ਹੈ ਲੰਬਾ ਇਤਿਹਾਸ
ਨਾ ਖਤਮ ਹੋਈ, ਨਾ ਖਤਮ ਹੋਣੀ।
ਜਦ ਤਕ ਰਹਿਣਗੇ ਰਸਮਾਂ, ਤਿਉਹਾਰ।
ਦੀਵੇ ਬਣਾਉਣਾ ਹੈ ਇਕ ਕਲਾ
ਜੋ ਘੁਮਿਆਰ ਲਈ
ਰੋਜ਼ੀ-ਰੋਟੀ ਦਾ ਸਾਧਨ
ਸੰਭਾਲ ਸੰਭਾਲ
ਚਿਣ ਚਿਣ ਲਾਉਣੀ ਨੁਮਾਇਸ਼
ਆ ਗਏ ਭਾਵੇਂ ਰੌਸ਼ਨੀ ਦੇ ਬੜੇ ਸਾਧਨ
ਪਰ ਰਸਮ ਦੀਵੇ ਬੱਤੀ ਜੋ ਲੋਅ ਹੈ
ਸ਼ਮਸ਼ਾਨਘਾਟਾਂ ਤਕ ਦਗ ਦਗ,
ਪਿੱਤਰਾਂ ਦੀ ਯਾਦ
ਅਭੁੱਲ ਅੱਖਾਂ ਸਾਹਵੇਂ ਆ ਜਾਂਦੀ।
ਕਿੱਤਾ ਨਹੀਂ ਰਿਹਾ ਲਾਹੇਵੰਦ ਭਾਵੇਂ
ਐਪਰ ਖੁਸ਼ੀਆਂ ਨਾਲ ਹੈ ਭਰਪੂਰ।
***-ਦਰਸ਼ਨ ਪਾਲ ਦੋਸਾਂਝ।***

*To Advertise with Punjab Times Call:*
*847-359-0746*
*E-mail:punjabtimes1@gmail.com*

# ਵਾਈਸ ਚਾਂਸਲਰ ਦੀ ਨਿਯੁਕਤੀ ਅਤੇ ਕਾਨੂੰਨੀ ਪੱਖ

***ਪੰਜਾਬ ਦੇ ਗਵਰਨਰ ਦੇ ਹਾਲੀਆ ਫੈਸਲਿਆਂ ਨੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਵਿਵਾਦ ਛੇੜਿਆ ਹੈ। ਮੁੱਖ ਮੰਤਰੀ ਅਤੇ ਗਵਰਨਰ ਨੇ ਆਪੋ-ਆਪਣਾ ਪੱਖ ਰੱਖ ਕੇ ਖੁਦ ਨੂੰ ਸਹੀ ਸਾਬਤ ਕਰਨ ਦਾ ਯਤਨ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜ਼ਨਲ ਕੈਂਪਸ, ਜਲੰਧਰ ਦੇ ਕਾਨੂੰਨ ਵਿਭਾਗ ਦੇ ਸਾਬਕਾ ਪ੍ਰੋਫੈਸਰ ਅਤੇ ਮੁਖੀ ਡਾ. ਦਲਜੀਤ ਸਿੰਘ ਨੇ ਇਸ ਲੇਖ ਵਿਚ ਇਸ ਮਸਲੇ ਦੇ ਵੱਖ-ਵੱਖ ਕਾਨੂੰਨੀ ਪੱਖਾਂ ਬਾਰੇ ਵਿਸਥਾਰ ਚਰਚਾ ਕੀਤੀ ਹੈ।***

ਵਿੱਦਿਆ ਵੀਚਾਰੀ ਤਾਂ ਪਰਉਪਕਾਰੀ॥ ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਜੋ ਵਿਵਾਦ ਪੈਦਾ ਹੋਇਆ ਹੈ, ਉਸ ਨਾਲ ਸਿੱਖਿਆ ਖੇਤਰ ਵਿਚ ਮੰਦਭਾਗੀ ਅਤੇ ਨਿਰਾਸ਼ਾ ਵਾਲੀਹਾਲਤ ਬਣੀ ਹੋਈ ਹੈ।ਇਸ ਵਿਵਾਦ ਲਈ ਪੰਜਾਬ ਦੇ ਗਵਰਨਰ ਅਤੇ ਮੁੱਖ ਮੰਤਰੀ, ਦੋਵੇਂ ਬਰਾਬਰ ਦੇ ਭਾਗੀਦਾਰ ਹਨ।ਜਦੋਂ ਅਜਿਹੇ ਅਹਿਮਸੰਵਿਧਾਨਕ ਅਹੁਦਿਆਂ 'ਤੇ ਬਿਰਾਜਮਾਨ ਸ਼ਖਸੀਅਤਾਂ ਦੇ ਨਿਗੂਣੀ ਕਾਨੂੰਨੀ ਜਾਣਕਾਰੀ ਵਾਲੇ ਸਲਾਹਕਾਰ ਹੋਣ ਤਾਂ ਅਜਿਹਾ ਵਰਤਾਰਾ ਸੁਭਾਵਿਕ ਹੈ। ਅਸੀਂ ਇੱਥੇ ਪੰਜਾਬ ਖੇਤੀਬਾੜੀ



ਡਾ. ਦਲਜੀਤ ਸਿੰਘ

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਕਾਨੂੰਨੀ ਪੱਖ ਤੋਂ ਗਵਰਨਰ ਜਾਂ ਮੁੱਖ ਮੰਤਰੀ ਦੇ ਸਹੀ ਜਾਂ ਗਲਤ ਹੋਣ ਦੀ ਪੜਚੋਲ ਕਰਾਂਗੇ।

ਇਸ ਵਿਵਾਦ ਦਾ ਮੁੱਖ ਕਾਰਨ ਭਾਰਤ ਵਿਚ ਵੱਖ-ਵੱਖ ਕਿਸਮ ਦੀਆਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਬਾਰੇ ਕਾਨੂੰਨੀ ਪ੍ਰਬੰਧਾਂ ਦੀ ਡੂੰਘੀ ਜਾਂ ਸਹੀ ਜਾਣਕਾਰੀ ਨਾ ਹੋਣਾ ਹੈ। ਭਾਰਤ ਵਿਚ ਯੂਨੀਵਰਸਿਟੀ ਬਣਾਉਣ ਦੀ ਪ੍ਰਕਿਰਿਆ 'ਤੇ ਆਧਾਰਿਤ ਚਾਰ ਕਿਸਮ ਦੀਆਂ ਯੂਨੀਵਰਸਿਟੀਆਂ ਹਨ। ਪਹਿਲੀ, ਕੇਂਦਰੀ ਯੂਨੀਵਰਸਿਟੀ ਜੋ ਭਾਰਤ ਦੀ ਸੰਸਦ ਵੱਲੋਂ ਐਕਟ ਪਾਸ ਕਰਕੇ ਬਣਾਈ ਜਾਂਦੀ ਹੈ। ਦੂਜੀ ਰਾਜ ਯੂਨੀਵਰਸਿਟੀ ਜੋ ਕਿਸੇ ਰਾਜ ਦੀ ਵਿਧਾਨ ਸਭਾ ਵੱਲੋਂ ਐਕਟ' ਪਾਸ ਕਰਕੇ ਬਣਾਈ ਜਾਂਦੀ ਹੈ। ਤੀਸਰੀ, ਡੀਮਡ ਯੂਨੀਵਰਸਿਟੀਜੋ ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ (ਯੂ.ਜੀ.ਸੀ.) ਦੀ ਸਲਾਹ ਜਾਂ ਸਿਫਾਰਸ਼ 'ਤੇ ਮਾਨਤਾ ਦਿੱਤੀ ਜਾਂਦੀ ਹੈ। ਚੌਥੀ ਕਿਸਮ ਦੀ ਯੂਨੀਵਰਸਿਟੀ ਨੂੰ ਪ੍ਰਾਈਵੇਟ ਯੂਨੀਵਰਸਿਟੀ ਕਿਹਾ ਜਾਂਦਾ ਹੈ ਜੋ ਬਣਾਈ ਤਾਂ ਰਾਜ ਦੀ ਵਿਧਾਨ ਸਭਾ ਵੱਲੋਂ ਐਕਟ ਪਾਸ ਕਰ ਕੇ ਜਾਂਦੀ ਹੈ ਪਰ ਇਹ ਕਿਸੇ ਟਰੱਸਟ, ਕੰਪਨੀ ਜਾਂ ਸੁਸਾਇਟੀ ਵੱਲੋਂ ਬਣਵਾਈ ਜਾਂਦੀ ਹੈ।

ਪੰਜਾਬ ਦੇ ਗਵਰਨਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਾਰੇ ਜੋ ਵਿਚਾਰਕ ਧਾਰਨਾ ਬਣਾਈ ਹੈ, ਉਸ ਦਾ ਮੁੱਢਲਾ ਕਾਰਨ ਇਹ ਹੈ ਕਿ ਉਹ ਇਸ ਯੂਨੀਵਰਸਿਟੀ ਨੂੰ ਰਾਜ ਯੂਨੀਵਰਸਿਟੀ ਸਮਝ ਰਹੇ ਹਨ। ਇਸ ਦਾ ਸਬੂਤ ਇਹ ਹੈ ਕਿ ਉਨ੍ਹਾਂ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਰਾਜ ਭਵਨ ਵਿਚਜੋ ਪ੍ਰੈੱਸ ਕਾਨਫਰੰਸ ਕੀਤੀ ਅਤੇ ਜੋ ਪ੍ਰੈਸ ਨੋਟ ਜਾਰੀ ਕੀਤਾ, ਉਸ ਵਿਚ ਇਸ ਨੂੰ ਰਾਜ ਯੂਨੀਵਰਸਿਟੀ ਵਜੋਂ ਉਭਾਰਿਆ ਗਿਆ। ਇਹ ਬਿਲਕੁਲ ਗਲਤ ਧਾਰਨਾ ਹੈ। ਇਹ ਠੀਕ ਹੈ ਕਿ 1961 ਵਿਚ ਜਦੋਂ ਇਹ ਯੂਨੀਵਰਸਿਟੀ ਬਣਾਈ ਸੀ ਤਾਂ ਉਹ ਰਾਜ ਯੂਨੀਵਰਸਿਟੀ ਸੀ ਕਿਉਂਕਿ ਉਸ ਨੂੰ ਪੰਜਾਬ ਵਿਧਾਨ ਸਭਾ ਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ-1961 ਪਾਸ ਕਰਕੇ ਬਣਾਇਆ ਗਿਆ ਸੀ ਪਰ ਹਰਿਆਣਾ ਬਣਨ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਦੀਆਂ ਵਿਧਾਨ ਸਭਾਵਾਂ ਨੇ ਸੰਵਿਧਾਨ ਦੀ ਧਾਰਾ 252 (1) ਅਨੁਸਾਰ ਮਤੇ ਪਾਸ ਕਰਕੇ ਭਾਰਤ ਸਰਕਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਥਾਂ ਦੋ ਸੁਤੰਤਰ ਯੂਨੀਵਰਸਿਟੀਆਂ ਬਣਾਉਣ ਦੀ ਸਿਫਾਰਸ਼ ਕੀਤੀ ਅਤੇ ਭਾਰਤ ਦੀ ਸੰਸਦ ਨੇ 1970 ਵਿਚ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ ਪਾਸ ਕਰਕੇ ਹਰਿਆਣਾ ਲਈ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਅਤੇ ਪੰਜਾਬ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਬਣਾਈ।1970 ਵਾਲੇ ਐਕਟ ਦੀ ਧਾਰਾ 3 ਅਧੀਨ ਪਹਿਲਾ ਬਣੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਭੰਗ ਕਰ ਦਿੱਤੀ ਗਈ। ਇਸੇ 1970 ਦੇ ਐਕਟ ਦੀ ਧਾਰਾ 45 (1) ਅਨੁਸਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ-1961 ਨੂੰ ਵੀ ਰੱਦ ਕਰ ਦਿੱਤਾ ਗਿਆ।

ਇਹ ਕਾਨੂੰਨੀ ਧਾਰਾਵਾਂ ਘੋਖਣ ਤੋਂ ਸਪਸ਼ਟ ਹੈ ਕਿ ਅੱਜ ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੈ, ਉਹ ਰਾਜ ਯੂਨੀਵਰਸਿਟੀ ਨਹੀਂ ਬਲਕਿ ਕੇਂਦਰੀ ਯੂਨੀਵਰਸਿਟੀ ਹੈ ਅਤੇ ਇਸ ਨੂੰ ਰਾਜ ਯੂਨੀਵਰਸਿਟੀ ਕਹਿਣਾ ਜਾਂ ਸਮਝਣਾ ਕਾਨੂੰਨ ਪੱਖੋਂ ਜਾਇਜ਼ ਨਹੀਂ। ਪੰਜਾਬ ਦੇ ਗਵਰਨਰ ਨੇ ਰਾਜ ਵਿਧਾਨ ਸਭਾ ਜਾਂ ਸਰਕਾਰ ਵੱਲੋਂ ਸਥਾਪਤ ਯੂਨੀਵਰਸਿਟੀਆਂ ਦੇ ਚਾਂਸਲਰ ਦੀਆਂ ਸ਼ਕਤੀਆਂ ਅਤੇ ਕਰਤੱਵਾਂ ਬਾਰੇ ਜੋ ਕਿਹਾ ਹੈ, ਉਹ ਠੀਕ ਹੈ ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਆਪਣੇ ਕੇਂਦਰੀ ਐਕਟ ਨਾਲ ਹੋਂਦ ਵਿਚ ਆਈ ਹੋਣ ਕਰਕੇ ਅਤੇ ਇਸ ਦੇ ਆਪਣੇ ਐਕਟ ਅਤੇ ਵਿਧੀ ਵਿਵਸਥਾ ਕਾਰਨ ਗਵਰਨਰ ਜਾਂ ਚਾਂਸਲਰ ਦੀ ਪੁਜ਼ੀਸ਼ਨ, ਸ਼ਕਤੀਆਂ ਅਤੇ ਕਰਤੱਵ ਬਿਲਕੁਲ ਵੱਖਰੇ ਹਨ। ਇਹ ਠੀਕ ਹੈ ਕਿ ਪੰਜਾਬ ਦੇ ਗਵਰਨਰ ਨੂੰ 1970 ਦੇ ਐਕਟ ਦੀ ਧਾਰਾ 12 (1) ਅਧੀਨ ਯੂਨੀਵਰਸਿਟੀ ਦਾ ਚਾਂਸਲਰ ਬਣਾਇਆ ਗਿਆ ਪਰ ਧਾਰਾ 12(2) ਅਨੁਸਾਰ ਚਾਂਸਲਰ ਨੂੰ ਆਪਣੇ ਅਹੁਦੇ ਕਰਕੇ ਯੂਨੀਵਰਸਿਟੀ ਦਾ ਮੁਖੀ (ਹੈੱਡ) ਕਿਹਾ ਗਿਆ ਹੈ ਅਤੇ ਜੇ ਉਹ ਹਾਜ਼ਰ ਹਨ ਤਾਂ ਉਹ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ। ਇੱਕ ਹੋਰ ਅਹਿਮਤੱਥ ਇਹ ਵੀ ਹੈ ਕਿ ਧਾਰਾ 12(3) ਅਨੁਸਾਰ ਚਾਂਸਲਰਕੋਲ ਉਹੀ ਸ਼ਕਤੀਆਂ ਹੋਣਗੀਆਂ ਜੋ ਉਨ੍ਹਾਂ ਲਈ ਇਸ ਐਕਟ ਅਧੀਨ ਨਿਰਧਾਰਤ ਕੀਤੀਆਂ ਹਨ ਜਾਂ ਦਿੱਤੀਆਂ ਜਾ ਸਕਦੀਆਂ ਹਨ।

ਪੰਜਾਬ ਵਿਚ ਬਣਾਈਆਂ ਰਾਜ ਯੂਨੀਵਰਸਿਟੀਆਂ ਦੇ ਐਕਟਾਂ (ਉਦਾਹਰਨ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਐਕਟ-1969 ਜਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਐਕਟ-1961) ਤੋਂ ਸਪਸ਼ਟ ਹੈ ਕਿ ਇਨ੍ਹਾਂ ਦੋਵੇਂ ਐਕਟਾਂ ਦੀ ਧਾਰਾ 9 ਵਿਚ ਸਿਰਫ ਇੰਨਾ ਲਿਖਿਆ ਹੈ ਕਿ ਪੰਜਾਬ ਦਾ ਗਵਰਨਰ ਯੂਨੀਵਰਸਿਟੀ ਦਾਚਾਂਸਲਰ ਹੋਵੇਗਾ। ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ-1970 ਵਾਂਗ ਉਨ੍ਹਾਂ 'ਤੇ ਕੋਈ ਨਿਰਧਾਰਤ ਸੀਮਾ ਨਹੀਂ ਲਗਾਈ ਗਈ।

ਜੇ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ-1970 ਘੋਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਰੇ ਕੰਮ-ਕਾਜ ਦੀ ਜ਼ਿੰਮੇਵਾਰੀ ਯੂਨੀਵਰਸਿਟੀ ਬੋਰਡ ਨੂੰ ਦਿੱਤੀ ਗਈ ਹੈ। ਬੋਰਡ ਦੀ ਬਣਤਰ ਐਕਟ ਦੀ ਧਾਰਾ 13 ਅਨੁਸਾਰ ਕੀਤੀ ਗਈ ਹੈ ਅਤੇ ਬੋਰਡ ਦੀਆਂ ਸ਼ਕਤੀਆਂ ਤੇ ਕਰਤਵ ਐਕਟ ਦੀ ਧਾਰਾ 14 ਵਿਚਦਰਜ ਹਨ। ਇਸ ਧਾਰਾ 14 (ਜੇ) ਅਨੁਸਾਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਦੀ ਪ੍ਰਵਾਨਗੀ ਬੋਰਡ ਕਰਦਾ ਹੈ। ਵਾਈਸਚਾਂਸਲਰ ਦੀ ਨਿਯੁਕਤੀ ਐਕਟ ਦੀ ਧਾਰਾ 15 ਨੂੰ ਸਟੈਚਿਊਟ 2 (2) ਨਾਲ ਪੜ੍ਹਦੇ ਹੋਏ ਕੀਤੀ ਜਾਂਦੀ ਹੈ। ਧਾਰਾ 15 (1) ਵਿਚ ਸਪਸ਼ਟ ਲਿਖਿਆ ਗਿਆ ਹੈ ਕਿ ਵਾਈਸਚਾਂਸਲਰ ਯੂਨੀਵਰਸਿਟੀ ਦਾ ਪੂਰੇ ਸਮੇਂ ਅਫਸਰ ਹੋਵੇਗਾ ਅਤੇ ਇਸ ਦੀ ਨਿਯੁਕਤੀ ਬੋਰਡ ਕਰੇਗਾ। ਇਥੇ ਇਕ ਹੋਰ ਵਿਵਸਥਾ ਕੀਤੀ ਗਈ ਹੈ ਕਿ ਜੇ ਬੋਰਡ ਦੇ ਮੈਂਬਰ ਵਾਈਸਚਾਂਸਲਰ ਦੀ ਨਿਯੁਕਤੀ ਬਾਰੇ ਇੱਕਮਤ ਨਹੀਂ ਹਨ ਤਾਂ ਵਾਈਸਚਾਂਸਲਰ ਦੀ ਨਿਯੁਕਤੀ ਚਾਂਸਲਰਕਰੇਗਾ। ਹੁਣ ਵਾਲੇ ਵਾਈਸਚਾਂਸਲਰ ਦੀ ਨਿਯੁਕਤੀ ਬਾਰੇ ਅਜਿਹੀ ਕੋਈ ਹਾਲਤ ਪੈਦਾ ਨਹੀਂ ਹੋਈ, ਇਸ ਕਰਕੇ ਗਵਰਨਰ ਦਾ ਇਸ ਵਿਚ ਦਖਲ ਦਾ ਕੋਈ ਕਾਨੂੰਨੀ ਆਧਾਰ ਨਹੀਂ।

ਜਦੋਂ ਅਸੀਂ ਗਵਰਨਰ ਦਾ ਜਾਰੀ ਕੀਤਾ ਪ੍ਰੈੱਸ ਨੋਟ ਘੋਖਦੇ ਹਾਂ ਤਾਂ ਮਾਯੂਸੀ ਹੁੰਦੀ ਹੈ ਕਿ ਕਿਸ ਤਰ੍ਹਾਂ ਤੱਥਾਂ ਨੂੰ ਜਾਂ ਤਾਂ ਅਣਜਾਣੇ ਵਿਚ ਜਾਂ ਗਵਰਨਰ ਦਫਤਰਨੇ ਜਾਣਬੁੱਝ ਕੇ ਤੋੜਿਆ-ਮਰੋੜਿਆ ਹੈ। ਪ੍ਰੈੱਸ ਨੋਟ ਵਿਚ ਲਿਖਿਆ ਹੈ ਕਿ 1970 ਦੇ ਐਕਟ ਦੀ ਧਾਰਾ 13(ਧ1) ਅਨੁਸਾਰ ਗਵਰਨਰ ਯੂਨੀਵਰਸਿਟੀ ਬੋਰਡ' ਦੇਆਨਰੇਰੀ ਚੇਅਰਮੈਨ ਹਨ ਅਤੇ ਵਾਈਸਚਾਂਸਲਰ ਵਰਕਿੰਗ ਚੇਅਰਮੈਨ ਤਾਂ ਉਨ੍ਹਾਂ ਵੱਲੋਂ ਐਕਟ ਦੀ ਕਿਸ ਧਾਰਾ ਅਧੀਨ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਚੇਅਰਮੈਨ (ਅਸਲ ਵਿਚ ਆਨਰੇਰੀ ਚੇਅਰਮੈਨ) ਹੋਣ ਨਾਤੇ ਪੰਜਾਬ ਸਰਕਾਰ ਨੂੰ ਸਾਰੇ ਪ੍ਰੋਗਰਾਮ ਬਾਰੇ ਦੱਸਣਾ ਬਣਦਾ ਸੀ। ਉਹ ਤਾਂ ਬੋਰਡ ਦੇ ਮੈਂਬਰ ਵੀ ਨਹੀਂ ਹਨ ਜਦਕਿ ਵਾਈਸਚਾਂਸਲਰ ਬੋਰਡ ਦੇ ਸਭ ਤੋਂ ਸੀਨੀਅਰ ਮੈਂਬਰ ਹੋਣ ਨਾਤੇ ਮੀਟਿੰਗ ਚੇਅਰ ਕਰਦੇ ਹਨ। ਉਨ੍ਹਾਂ ਤੋਂ ਬਾਅਦ ਪੰਜਾਬ ਦੇ ਚੀਫ ਸੈਕ੍ਰੇਟਰੀ ਦਾ ਨੰਬਰ ਦਰਜਹੈ ਜਿਸ ਕਰਕੇ ਉਹ ਵਾਈਸਚਾਂਸਲਰ ਦੀ ਗੈਰ-ਮੌਜੂਦਗੀ ਵਿਚ ਮੀਟਿੰਗ ਚੇਅਰ ਕਰਦੇ ਹਨ।



*ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ।*

ਪ੍ਰੈੱਸ ਨੋਟ ਵਿਚ ਜੋ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਰੈਗੂਲੇਸ਼ਨ-2018 ਦਾ ਜ਼ਿਕਰ ਕੀਤਾ ਹੈ, ਉਸ ਵਿਚ ਯੂਨੀਵਰਸਿਟੀ ਦੇ ਵਾਈਸਚਾਂਸਲਰ ਦੀ ਹੀ ਨਹੀਂ ਬਲਕਿ ਅਧਿਆਪਨ ਅਤੇ ਹੋਰ ਅਮਲੇ ਦੀ ਨਿਯੁਕਤੀ ਵਗੈਰਾ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ ਗਿਆ ਹੈ। ਇਸ ਕਰਕੇ ਇਹ ਸਾਰੀ ਕਿਸਮ ਦੀਆਂ ਯੂਨੀਵਰਸਿਟੀਆਂ 'ਤੇ ਲਾਗੂ ਹੋਣ ਬਾਰੇ ਲਿਖਿਆ ਹੈ। ਉਂਝ, ਇਕ ਅਹਿਮ ਤੱਥ ਜੋ ਪ੍ਰੈਸ ਨੋਟ ਵਿਚ ਨੰਬਰ 3 'ਤੇ ਲਿਖਿਆ ਹੈ, ਉਹ ਵਿਚਾਰਨ ਵਾਲਾ ਹੈ। ਲਿਖਿਆ ਹੈ ਕਿ ਰੈਗੂਲੇਸ਼ਨ ਅਨੁਸਾਰ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਖੋਜਤੇਚੋਣ ਕਮੇਟੀ ਹੋਵੇਗੀ। ਇਸ ਕਮੇਟੀ ਦਾ ਇਕ ਮੈਂਬਰ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੇ ਚੇਅਰਮੈਨ ਵੱਲੋਂ ਨਿਯੁਕਤ ਕੀਤਾ ਜਾਵੇਗਾ। ਇੱਥੇ ਤੱਥਾਂ ਦਾ ਓਹਲਾ ਰੱਖਿਆ ਹੈ। ਹਕੀਕਤ ਇਹ ਹੈ ਕਿ ਰੈਗੂਲੇਸ਼ਨ 7 (3) (ii) ਅਨੁਸਾਰ ਯੂ.ਜੀ.ਸੀ. ਦੇ ਚੇਅਰਮੈਨ ਵੱਲੋਂ ਸਿਰਫ ਰਾਜ, ਪ੍ਰਾਈਵੇਟ ਅਤੇ ਡੀਮਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਚੋਣ ਕਮੇਟੀ ਲਈ ਮੈਂਬਰ ਨਿਯੁਕਤ ਕੀਤਾ ਜਾਵੇਗਾ, ਨਾ ਕਿ ਕੇਂਦਰੀ ਯੂਨੀਵਰਸਿਟੀ ਬਾਰੇ, ਕਿਉਂਕਿ ਇੱਥੇ ਕੇਂਦਰੀ ਯੂਨੀਵਰਸਿਟੀ ਸ਼ਬਦ ਦਰਜ ਨਹੀਂ ਕੀਤਾ ਗਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਿਉਂਕਿ ਕੇਂਦਰੀ ਯੂਨੀਵਰਸਿਟੀ ਹੈ, ਇਸ ਕਰਕੇ ਯੂ.ਜੀ.ਸੀ. ਚੇਅਰਮੈਨ ਦੇ ਨੁਮਾਇੰਦੇ ਦੀ ਜੋ ਗੱਲ ਕਹੀ ਗਈ ਹੈ, ਉਹ ਇਥੇ ਲਾਗੂ ਨਹੀਂ ਹੁੰਦੀ।

ਪ੍ਰੈੱਸ ਨੋਟ ਦੇ ਅਗਲੇ ਪੈਰੇ ਵਿਚ ਜੋ ਕਿਹਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਗਵਰਨਰ ਦਫਤਰ ਵਿਚ ਕਾਨੂੰਨ ਦੀ ਜਾਣਕਾਰੀ ਰੱਖਣ ਵਾਲੇ ਕਿੰਨੇ ਕੁ ਸੁਹਿਰਦ ਹਨ। ਇਸ ਪੈਰੇ ਅਨੁਸਾਰ ਯੂ.ਜੀ.ਸੀ. ਰੈਗੂਲੇਸ਼ਨ 'ਅਧੀਨ ਕਾਨੂੰਨ' (Subordinate Legislstion) ਹਨ, ਭਾਰਤੀ ਸੰਵਿਧਾਨ ਦੀ ਧਾਰਾ 254 ਅਨੁਸਾਰ ਇਹ ਰਾਜ ਦੁਆਰਾ ਬਣਾਏ ਐਕਟ ਦੀ ਉਲੰਘਣਾ (Supersede) ਕਰਨਗੇ।ਆਪਣਾ ਪੱਖ ਪੂਰਨ ਲਈ ਉਨ੍ਹਾਂਨੇ ਜੀ.ਕੇ. ਗਾਂਧੀ ਬਨਾਮ ਗੁਜਰਾਤ ਰਾਜ ਅਤੇ ਸੁਪਰੀਮ ਕੋਰਟ ਦੇ 11 ਅਕਤੂਬਰ 2022 ਦੇ ਪੱਛਮੀ ਬੰਗਾਲ ਰਾਜ ਬਾਨਮ ਅਨਿੰਦਿਆ ਸੁੰਦਰ ਦਾਸ ਜਿਨ੍ਹਾਂ ਅਨੁਸਾਰ ਜੇ ਕੇਂਦਰੀ ਕਾਨੂੰਨ ਅਤੇ ਰਾਜ ਕਾਨੂੰਨ ਵਿਚ, ਜੇ ਵਿਪਰੀਤ ਪ੍ਰਬੰਧ ਹਨ ਤਾਂ ਸੰਵਿਧਾਨ ਦੀ ਧਾਰਾ 254 ਅਨੁਸਾਰ ਕੇਂਦਰੀ ਕਾਨੂੰਨ, ਰਿਪਗਨੈਂਸੀ ਅਸੂਲ (Principle/Rule of Repugnancy) ਕਰਕੇ ਰਾਜ ਕਾਨੂੰਨ 'ਤੇ ਭਾਰੂ (Prevail) ਹੋਣਗੇ। ਇਹ ਠੀਕ ਹੈ ਕਿ ਜਦੋਂ ਕੇਂਦਰੀ ਅਤੇ ਰਾਜ ਕਾਨੂੰਨ ਵਿਚ ਟਕਰਾਉ ਹੈ ਤਾਂ ਕੇਂਦਰੀ ਕਾਨੂੰਨ ਹੀ ਭਾਰੂ ਹੋਵੇਗਾ ਪਰ ਦੇਖਣ ਵਾਲੀ ਗੱਲ ਹੈ ਕਿ, ਕੀ ਰਿਪਗਨੈਂਸੀ ਅਸੂਲ ਜਾਂ ਅਦਾਲਤੀ ਫੈਸਲੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸਚਾਂਸਲਰ ਦੀ ਨਿਯੁਕਤੀ ਬਾਰੇ ਲਾਗੂ ਹੁੰਦੇ ਹਨ। ਪਹਿਲਾਂ ਜ਼ਿਕਰ ਹੋ ਚੁੱਕਾ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਰਾਜ ਕਾਨੂੰਨ ਦੁਆਰਾ ਸਥਾਪਿਤ ਯੂਨੀਵਰਸਿਟੀ ਨਹੀਂ ਬਲਕਿ ਭਾਰਤੀ ਸੰਸਦ ਦੁਆਰਾ ਪਾਸ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ-1970 ਦੁਆਰਾ ਸਥਾਪਿਤ ਹੋਈ ਹੈ, ਇਸ ਲਈ ਗਵਰਨਰ ਦਫਤਰ ਵੱਲੋਂ ਉਪਰੋਕਤ ਫੈਸਲੇ ਜਾਂਰੂਲ ਦਾ ਆਧਾਰ ਬਣਾਉਣਾ ਬਿਲਕੁਲ ਬੇਬੁਨਿਆਦ ਅਤੇ ਕਾਨੂੰਨ ਤੌਰ 'ਤੇ ਗੈਰ-ਵਾਜਬ ਹੈ। 1970 ਦਾ ਐਕਟ ਕੇਂਦਰੀ ਐਕਟ ਹੈ ਜਿਸ ਨੂੰ ਸਪੈਸ਼ਲ ਕਾਨੂੰਨ ਕਿਹਾ ਜਾ ਸਕਦਾ ਹੈ ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਐਕਟ ਜਾਂ ਰੈਗੂਲੇਸ਼ਨ ਵੀ ਕੇਂਦਰੀ ਐਕਟ ਤੇ ਅਧੀਨ ਐਕਟ ਹਨ ਜੋ ਜਨਰਲ ਕਾਨੂੰਨ ਹਨ। ਇਸ ਕਰਕੇ ਇੱਥੇ ਕੇਂਦਰੀ ਅਤੇ ਰਾਜ ਕਾਨੂੰਨ ਦੇ ਟਕਰਾਉ ਦੀ ਕੋਈ ਗੱਲ ਹੀ ਨਹੀਂ ਅਦਾਲਤੀ ਫੈਸਲਿਆਂ ਮੁਤਾਬਕ ਸਪੈਸ਼ਲ ਕਾਨੂੰਨ, ਜਨਰਲ ਕਾਨੂੰਨ 'ਤੇ ਭਾਰੂ ਹੁੰਦੇ ਹਨ।

ਇਹ ਸਾਰੇ ਕਾਨੂੰਨੀ ਪੱਖ ਘੋਖਣ ਤੋਂ ਸਪਸ਼ਟ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸਚਾਂਸਲਰ ਦੀ ਨਿਯੁਕਤੀ ਯੂਨੀਵਰਸਿਟੀ ਬੋਰਡ ਵੱਲੋਂ ਇਕਮਤ ਹੋ ਕੇ ਕੀਤੀ ਜਾਣੀ ਕਾਨੂੰਨੀ ਤੌਰ 'ਤੇ ਜਾਇਜ਼ ਹੈ ਅਤੇ ਗਵਰਨਰ, ਚਾਂਸਲਰ ਜਾਂ ਮੁੱਖ ਮੰਤਰੀ ਦਾ ਇਸ ਵਿਚ ਕੋਈ ਰੋਲ ਨਹੀਂ।

ਲੇਖ ਦੇ ਸ਼ੁਰੂ ਵਿਚ ਕਿਹਾ ਸੀ ਕਿ ਇਸ ਵਿਵਾਦ ਲਈ ਦੋਵੇਂ ਧਿਰਾਂ ਜ਼ਿੰਮੇਵਾਰ ਹਨ; ਹੁਣ ਸਪਸ਼ਟ ਕਿਹਾ ਜਾ ਸਕਦਾ ਹੈ ਕਿ ਨਾ ਤਾਂ ਗਵਰਨਰ ਨੂੰ ਇਸ ਯੂਨੀਵਰਸਿਟੀ ਦੇ ਕੇਂਦਰੀ ਯੂਨੀਵਰਸਿਟੀ ਹੋਣ ਬਾਰੇ ਸਪਸ਼ਟਤਾ ਸੀ ਅਤੇ ਨਾ ਹੀ ਮੁੱਖ ਮੰਤਰੀ ਦੇ ਜਵਾਬ ਵਿਚ ਇਸ ਯੂਨੀਵਰਸਿਟੀ ਦੇ ਐਕਟ ਦੀਆਂ ਉਪਰੋਕਤ ਵੱਖ-ਵੱਖ ਧਰਾਵਾਂ ਤਹਿਤ ਸਾਰਾ ਮਾਮਲਾ ਸਪਸ਼ਟ ਕੀਤਾ ਗਿਆ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ-1970 ਦਾ ਸਹੀ ਗਿਆਨ, ਸਮਝ ਅਤੇ ਵਿਖਿਆਨਨਾਲ ਹੀ ਇਸ ਵਿਵਾਦ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਹੋ ਪੰਜਾਬ ਦੀ ਖੁਸ਼ਹਾਲੀ ਅਤੇ ਖੇਤੀਬਾੜੀ ਲਈ ਢੁੱਕਵਾਂ ਯੋਗਦਾਨ ਹੋਵੇਗਾ।

# ਆਓ ਈਮਾਨਦਾਰ ਸਰਕਾਰ ਬਣਾਈਏ! ਪਰ ਕਿਵੇਂ?

ਮੇਰਾ ਇਕ ਬਿਲਡਰ ਮਿੱਤਰ ਹੈ। ਅਸੀਂ ਇਕ ਸ਼ਾਮ ਮੂਡ ਵਿਚ ਬੈਠੇ ਸਾਂ ਤਾਂ ਮੈਂ ਕਿਹਾ "ਭਰਾਵਾ ਮੇਰਾ ਇਕ ਕੰਮ ਕਰ" ਉਹ ਕਹਿੰਦਾ "ਹੁਕਮ ਕਰ" ਮੈਂ ਕਿਹਾ "ਯਾਰਾ ਇਕ ਵਧੀਆ ਜਿਹੀ ਸ਼ਾਨਦਾਰ ਕੋਠੀ ਬਣਾ ਕੇ ਦੇਹ ਜੋ ਹਰ ਪਾਸਿਉਂ ਬੇਨੁਕਸ ਹੋਵੇ। ਬੋਲ ਕਰੇਂਗਾ ਮੇਰਾ ਇਹ ਕੰਮ?" ਉਹ ਹੱਸ ਕੇ ਕਹਿੰਦਾ



ਹਰਜੀਤ ਦਿਓਲ, ਬਰੈਂਪਟਨ

"ਹੋਰ ਮੈਂ ਜੁੱਤੀਆਂ ਗੱਠਦੈਂ। ਤੂੰ ਪਲਾਟ ਵਿਖਾ ਅਤੇ ਮੈਟੀਰੀਅਲ ਸੁਟਵਾ ਤੇ ਦੇਖ ਫੇਰ ਮਿੱਤਰ ਦੇ ਹੱਥ। ਲੋਕੀਂ ਦੂਰੋਂ ਦੂਰੋਂ ਬਣਿਆ ਮਕਾਨ ਦੇਖਣ ਆਇਆ ਕਰਨਗੇ"।

ਮੈਂ ਪੁੱਛਿਆ "ਕਿਹੋ ਜਿਹਾ ਅਤੇ ਕੀ ਕੀ ਮੈਟੀਰੀਅਲ ਚਾਹੀਦੈ"। ਉਸ ਦੱਸਿਆ " ਜਿੱਥੋਂ ਮੈਂ ਕਹਾਂ ਵਧੀਆ ਨੰਬਰ ਵਨ ਕੁਆਲਟੀ ਦੀਆਂ ਇੱਟਾਂ ਅਤੇ ਸੀਮੈਂਟ, ਲੋਹਾ ਅਤੇ ਇਵੇਂ ਹੀ ਬਰਾਂਡਡ ਹੋਰ ਸਾਮਾਨ। ਨਕਸ਼ਾ ਦੱਸ ਮੈਂ ਆਪੇ ਪਾਸ ਕਰਾ ਲਊਂ। ਕਹੇਂ ਤਾ ਅਗਲੇ ਹਫਤੇ ਹੀ ਕੰਮ ਸ਼ੁਰੂ ਕਰਵਾ ਦਿਆਂ।" ਮੈਂ ਕੁਝ ਸੋਚ ਕਿਹਾ "ਪਰ ਭਰਾਵਾ ਇਕ ਦਿੱਕਤ ਹੈ ਕਿ ਪਲਾਟ ਵੀ ਹੈਗਾ ਅਤੇ ਮੈਟੀਰੀਅਲ ਵੀ ਪਰ ਮੈਟੀਰੀਅਲ ਸਾਰਾ ਘਟੀਆ ਕੁਆਲਟੀ ਦਾ ਹੈ। ਸਸਤੀਆਂ ਇੱਟਾਂ ਮਿਲਾਵਟੀ ਸੀਮੈਂਟ ਅਤੇ ਹੋਰ ਸਾਰਾ ਕੁਝ ਵੀ ਇਵੇਂ ਦਾ ਹੈ।" ਉਹ ਭੜਕ ਪਿਆ। ਕਹਿੰਦਾ "ਮੈਨੂੰ ਗਧਾ ਸਮਝਦੈਂ। ਹਾਲੇ ਤਾਂ ਇਕੋ ਪੀਤੈ। ਕਿਤੇ ਚੜ੍ਹ ਤਾਂ ਨਹੀਂ ਗਈ?" ਮੈਂ ਕਿਹਾ "ਦੱਸ ਤਾਂ ਸਹੀ ਕੀ ਸਮੱਸਿਆ ਹੈ?" ਕਹਿੰਦਾ "ਕਿੱਕਰਾਂ 'ਤੇ ਕਦੇ ਅੰਬ ਲੱਗੇ ਆ? ਭੈੜੇ ਮੈਟੀਰੀਅਲ ਨਾਲ ਕਦੇ ਵਧੀਆ ਮਕਾਨ ਬਣ ਸਕਦੈ? ਸਿਆਣਾ ਬਿਆਣਾ ਹੈਂ ਕੀ ਸਮਝਦਾ ਨਹੀਂ।" ਮੈਂ ਮੇਜ 'ਤੇ ਪਿਆ ਗਲਾਸ ਖਾਲੀ ਕੀਤਾ ਅਤੇ ਕਿਹਾ "ਤੂੰ ਟਰੱਕਾਂ ਪਿੱਛੇ ਲਿਖਿਆ ਨਹੀਂ ਪੜ੍ਹਿਆ "ਸੌ ਮੇਂ ਸੇ ਨੱਬੇ ਬੇਈਮਾਨ ਫਿਰ ਵੀ ਮੇਰਾ ਭਾਰਤ ਮਹਾਨ"। ਜ਼ਾਹਰ ਹੈ ਅਸੀਂ ਮੰਨਦੇ ਹਾਂ ਕਿ ਸਾਡੇ ਵਿਚੋਂ ਬਹੁਗਿਣਤੀ ਬੇਈਮਾਨਾਂ ਦੀ ਹੈ। ਤਾਂ ਫੇਰ ਦੱਸ ਬੇਈਮਾਨਾਂ ਵਿਚੋਂ ਚੁਣੀ ਸਰਕਾਰ ਅਸੀਂ ਈਮਾਨਦਾਰ ਭਾਲਦੇ ਹਾਂ। ਜੇ ਇਹ ਬਣ ਸਕਦੀ ਹੈ ਤਾਂ ਭੈੜੇ ਮੈਟੀਰੀਅਲ ਤੋਂ ਚੰਗਾ ਮਕਾਨ ਕਿਵੇਂ ਨਹੀਂ ਬਣ ਸਕਦਾ?" ਹੁਣ ਉਸ ਆਪਣਾ ਗਲਾਸ ਖਾਲੀ ਕੀਤਾ ਅਤੇ ਸੋਚੀਂ ਪੈ ਗਿਆ। ਫਿਰ ਬੋਲਿਆ "ਤੂੰ ਤਾਂ ਯਾਰ ਹੋਰ ਈ ਸਟੇਸ਼ਨ ਤੋਂ ਬੋਲਣ ਡਿਹੈਂ"।

ਮੈਂ ਦੂਜਾ ਪੈਗ ਬਣਾਉਂਦਿਆਂ ਕਿਹਾ, "ਅਸੀਂ ਸਾਰੇ ਭਾਰਤੀ (ਸਮੇਤ ਪੰਜਾਬ-ਇਹ ਇਸ ਲਈ ਕਿਹੈ ਕਿ ਪੰਜਾਬੀ ਅੰਦੋਲਨਾਂ ਵਿਚ ਸਭ ਤੋਂ ਮੂਹਰੇ ਅਤੇ ਕਿਰਦਾਰ ਪੱਖੋਂ ਸਭ ਤੋਂ ਥੱਲੇ) ਆਪਣੇ ਵਿਚੋਂ ਹੀ ਚੁਣੀ ਸਰਕਾਰ ਦੀਆਂ ਲੱਤਾਂ ਖਿੱਚਣ ਵਿਚ ਬਹੁਤ ਮਾਹਰ ਹਾਂ। ਸਰਕਾਰੀ ਪੈਸੇ ਦੇ ਘਪਲਿਆਂ ਵਿਚ ਅਸੀਂ ਵਧ-ਚੜ੍ਹ ਕੇ ਸ਼ਾਮਲ ਹੁੰਦੇ ਹਾਂ। ਉੱਪਰ ਤੋਂ ਥੱਲੇ ਤੱਕ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਅਹੁਦਿਆਂ 'ਤੇ ਬੈਠੇ ਲੋਕ ਸਾਡੇ ਵਿਚੋਂ ਹੀ ਹਨ ਕਿਤੇ ਮੰਗਲ ਗ੍ਰਹਿ ਤੋਂ ਨਹੀਂ ਆਏ। ਫੇਰ ਇਹ ਧਰਨੇ ਪ੍ਰਦਰਸ਼ਨ ਕਿਸ ਲਈ। ਦਰਅਸਲ ਇਹ ਧਰਨੇ, ਪ੍ਰਦਰਸ਼ਨ, ਸੜਕਾਂ ਜਾਮ ਸੱਤਾ ਲੋਭੀ ਵਿਰੋਧੀਆਂ ਦੁਆਰਾ ਵੀ ਉਕਸਾਏ ਜਾਂਦੇ ਹਨ। ਸਰਕਾਰਾਂ ਬਦਲੀਆਂ ਰਾਜਨੀਤਕ ਦਲ ਬਦਲੇ ਪਰ ਖੋਤੀ ਬੋਹੜ ਹੇਠਾਂ ਹੀ ਰਹੀ ਕਿਉਂ?" ਉਹ ਦੂਜਾ ਪੈਗ ਸਿਪ ਕਰਦਾ ਸੋਚਦਾ ਰਿਹਾ। ਮੈਂ ਫਿਰ ਕਹਿਣਾ ਸ਼ੁਰੂ ਕੀਤਾ "ਦੇਖ ਜੇ ਮੈਂ ਤੇਰੇ ਦੱਸੇ ਸਥਾਨਾਂ ਤੋਂ ਮੈਟੀਰੀਅਲ ਚੁੱਕਦਾ ਤਾਂ ਤੇਰਾ ਮੋਟਾ ਕਮਿਸ਼ਨ ਪੱਕਾ ਸੀ। ਫੇਰ ਤੈਨੂੰ ਛੇਤੀ ਨਕਸ਼ਾ ਪਾਸ ਕਰਾਉਣ ਲਈ ਵੀ ਦਫਤਰ ਵਿਚ ਭੇਟਾ ਦੇਣੀ ਪੈਣੀ ਸੀ। ਤੂੰ ਇਹ ਭ੍ਰਸ਼ਟ ਸਿਸਟਮ ਨੂੰ ਚੰਗੀ ਤਰ੍ਹਾਂ ਜਾਣਦੈਂ ਅਤੇ ਜਾਣੇ ਅਣਜਾਣੇ ਇਸ ਦਾ ਹਿੱਸਾ ਵੀ ਬਣ ਜਾਨੈਂ" ਦੂਜਾ ਪੈਗ ਖਤਮ ਕਰ ਉਸ ਕਿਹਾ "ਗੱਲਾਂ ਤੇਰੀਆਂ ਸੋਲਾਂ ਆਨੇ ਸਹੀ ਨੇ ਪਰ ਕਰੀਏ ਕੀ?" ਗਲਾਸ ਮੁਕਾ ਮੈਂ ਕਿਹਾ "ਚੱਲ ਫੇਰ ਲਾ ਨਾਅਰਾ 'ਏਕ ਹਮਾਮ ਮੇਂ ਹਮ ਸਭ ਨੰਗੇ, ਤੋ ਫਿਰ ਕਿਉਂ ਆਏ ਦਿਨ ਯੇ ਧਰਨੇ ਪ੍ਰਦਰਸ਼ਨ ਔਰ ਦੰਗੇ'। ਇਹ ਨਾਅਰਾ ਲਾਉਂਦਿਆ ਅਸੀਂ ਵਿਦਾ ਹੋਏ।

# ਬਾਬੇ ਨਾਨਕ ਦੀ ਬਾਣੀ ਨੂੰ ਵਿਗਿਆਨਕ ਨਜ਼ਰੀਏ ਤੋਂ ਵਾਚਣ ਦੀ ਲੋੜ

**ਇੰਜੀ.ਸਤਨਾਮ ਸਿੰਘ ਮੱਟੂ**
**ਫੋਨ: 97797-08257**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦਾ ਮੁੱਢ ਬੰਨ੍ਹਿਆ। ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ, ਉਸ ਸਮੇਂ ਭਾਰਤ ਵਿਚ ਚਾਰੇ ਪਾਸੇ ਘੋਰ ਅੱਤਿਆਚਾਰ, ਜ਼ੁਲਮ, ਬੇਇਨਸਾਫ਼ੀ, ਰਿਸ਼ਵਤਖੋਰੀ, ਬੇਈਮਾਨੀ, ਝੂਠ, ਵਹਿਮ-ਭਰਮ, ਪਾਖੰਡ, ਕਰਮ ਕਾਂਡ, ਅੰਧ ਵਿਸ਼ਵਾਸ, ਬੇਯਕੀਨੀ ਅਤੇ ਅਗਿਆਨਤਾ ਦਾ ਕੂੜ ਹਨੇਰਾ ਫੈਲਿਆ ਹੋਇਆ ਸੀ। ਗੁਰੂ ਸਾਹਿਬ ਨੇ ਸਿੱਖ ਧਰਮ ਨੂੰ ਨਵੀਂ ਫਿਲਾਸਫੀ ਅਤੇ ਸਿਧਾਂਤਾਂ 'ਤੇ ਆਧਾਰਿਤ ਖੜ੍ਹਾ ਕਰ ਕੇ ਇਕ ਮਾਨਵਵਾਦੀ, ਨਿਵੇਕਲੀ ਅਤੇ ਵਿਲੱਖਣ ਸੋਚ ਨੂੰ ਜੀਵਨ ਜਾਚ ਬਣਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਸਮਾਜਿਕ ਨਾਬਰਾਬਰੀ ਅਤੇ ਜਾਤੀ ਵੰਡ ਨੂੰ ਭੰਡਿਆ, ਇਸ ਵਿਰੁੱਧ ਕ੍ਰਾਂਤੀਕਾਰੀ ਅਤੇ ਦਲੇਰਾਨਾ ਆਵਾਜ਼ ਬੁਲੰਦ ਕਰਦਿਆਂ ਡਟਵਾਂ ਵਿਰੋਧ ਕੀਤਾ।

ਉਸ ਸਮੇਂ ਬਾਕੀ ਧਰਮਾਂ ਅਤੇ ਸਮਾਜ ਵਿਚ ਅਸਥਿਰਤਾ ਅਤੇ ਅਰਾਜਕਤਾ ਫੈਲੀ ਹੋਈ ਸੀ। ਲੋਕ ਦੁੱਖਾਂ ਦਰਦਾਂ 'ਚ ਨਪੀੜੇ ਕਰ੍ਹਾਉਂਦੇ ਤਰ੍ਹਾਅ-ਤਰ੍ਹਾਅ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੀ ਕੁਰਲਾਹਟ ਅਤੇ ਦਰਦ ਨੂੰ ਮਹਿਸੂਸਦਿਆਂ ਅਕਾਲ ਪੁਰਖ ਨੂੰ ਸੰਬੋਧਿਤ ਲਿਖਿਆ ਹੈ:

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸ਼ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦ ਨਾ ਆਇਆ॥"

ਸਮਾਜ 'ਚ ਪ੍ਰਚੱਲਿਤ ਬੁਰਾਈਆਂ, ਝੂਠੇ ਆਡੰਬਰਾਂ, ਗੈਰ ਇਖਲਾਕੀ ਕਾਰਵਾਈਆਂ, ਅੰਧ-ਵਿਸ਼ਵਾਸ, ਸਮਾਜਿਕ ਨਾ-ਬਰਾਬਰੀ, ਛੂਆ-ਛਾਤ, ਜਾਤ-ਪਾਤ, ਔਰਤਾਂ 'ਤੇ ਅੱਤਿਆਚਾਰ, ਜਬਰ ਜ਼ੁਲਮਾਂ ਦਾ ਸ਼ਿਕਾਰ ਲਤਾੜੇ ਲੋਕਾਂ ਦੀ ਆਹ ਨੂੰ ਬਿਆਨਦਿਆਂ ਗੁਰੂ ਸਾਹਿਬ ਨੇ ਬਾਬਰ ਬਾਣੀ 'ਚ ਲਿਖਿਆ ਹੈ:

"ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਉਨ੍ਹਾਂ ਅਜਿਹੀਆਂ ਕੁਰੀਤੀਆਂ ਨੂੰ ਤਿਲਾਂਜਲੀ ਦੇ ਕੇ ਜੜ੍ਹੋਂ ਖਤਮ ਕਰਨ ਲਈ ਇਨਕਲਾਬੀ, ਮਾਨਵਵਾਦੀ, ਅਧਿਆਤਮਵਾਦੀ, ਕਰਮ ਕਾਂਡ ਮੁਕਤ, ਰੂਹਾਨੀਅਤਵਾਦੀ ਅਤੇ ਸਮਾਜਵਾਦੀ ਸੋਚ ਲਈ ਆਵਾਜ਼ ਬੁਲੰਦ ਕੀਤੀ। ਧਰਮਾਂ ਅਤੇ ਜਾਤਾਂ ਦੀ ਚੱਕੀ 'ਚ ਪਿਸ ਰਹੇ ਸਮਾਜ ਨੂੰ "ਮਾਨਸੁ ਕੀ ਜਾਤ ਸਬੈ ਏਕੈ ਪਹਿਚਾਣਬੋ" ਦਾ ਸੰਦੇਸ਼ ਦਿੱਤਾ।

ਉਨ੍ਹਾਂ ਸਮਾਜਿਕ ਬੁਰਾਈਆਂ ਦੇ ਖਾਤਮੇ ਦਾ ਜਿੱਥੇ ਜ਼ੋਰਦਾਰ ਵਿਰੋਧ ਅਤੇ ਖੰਡਨ ਕੀਤਾ, ਉੱਥੇ ਆਤਮਿਕ ਅਤੇ ਰੂਹਾਨੀਅਤ ਪਵਿੱਤਰਤਾ ਅਤੇ ਸ਼ੁੱਧਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ 'ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ' ਦੇ ਸੰਦੇਸ਼ ਨੂੰ

"ਘਾਲਿ ਖਾਇ ਕੁਛ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ॥" ਰਾਹੀਂ ਜੀਵਣ 'ਚ ਪਰਮ ਅਗੇਤ ਦੇਣ ਅਤੇ ਮਨ ਨੂੰ ਨਾਮ ਦੀ ਮੂਲਵਾਦੀ ਧਾਰਨਾ ਨਾਲ ਜੋੜਨ ਦੀ ਜੀਵਨ ਸੇਧ ਦਾ ਸੱਦਾ ਦਿੰਦਿਆਂ ਗੁਰਬਾਣੀ 'ਚ ਲਿਖਿਆ ਹੈ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਗੁਰੂ ਸਾਹਿਬ ਨੇ ਆਕਾਲ ਬਾਣੀ 'ਚ ਜ਼ਿਕਰ ਕੀਤਾ ਹੈ:

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ ॥
ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼ ॥(੧੫)"

ਗੁਰੂ ਸਾਹਿਬ ਨੇ ਇਸ ਬਾਬਤ ਜਾਤਾਂ-ਪਾਤਾਂ ਅਤੇ ਵਰਣਾਂ 'ਚ ਵੰਡੇ ਸਮਾਜ ਪ੍ਰਤੀ ਪਹਿਲ-ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਅਤੇ ਬਾਲਾ ਨੂੰ ਆਪਣਾ ਭਾਈ ਬਣਾ ਕੇ ਆਪਣੀ ਸੰਗਤ ਕਰਨ ਲਈ ਨਿਵਾਜਿਆ ਅਤੇ ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਧੀ ਅਤੇ ਉੱਚ ਜਾਤੀ ਦੇ ਮਲਕ ਭਾਗੋ ਦੇ ਮਾਲ ਪੂੜੇ ਭਰੀ ਸਭਾ ਵਿਚ ਠੁਕਰਾ ਕੇ ਅਮੀਰੀ ਦੀ ਧੌਂਸ ਅਤੇ ਹੰਕਾਰ ਤੋੜਿਆ। ਗੁਰਬਾਣੀ ਦਾ ਫ਼ੁਰਮਾਨ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ..
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ..1..ਰਹਾਉ॥

ਗੁਰੂ ਸਾਹਿਬ ਨੇ ਸਮਾਜ ਦੇ ਨੀਚ, ਦੱਬੇ ਕੁਚਲੇ, ਸਮਾਜ ਦੇ ਦੁਰਕਾਰੇ ਲੋਕਾਂ ਨੂੰ ਇਕੱਠੇ ਕਰ ਕੇ ਸ਼ਕਤੀਸ਼ਾਲੀ ਸਿੱਖ-ਕੌਮ ਦੀ ਸਿਰਜਣਾ ਕੀਤੀ, ਜਿਸਦੀ ਅੱਗੇ ਸਿੱਖ ਗੁਰੂ ਸਾਹਿਬਾਨ ਨੇ ਅਗਵਾਈ ਕੀਤੀ ਅਤੇ ਇਸ ਵਿਚ ਨਵੀਂ ਰੂਹ ਫੂਕੀ। ਉਨ੍ਹਾਂ ਇਸਤਰੀ ਜਾਤ ਨੂੰ ਸਮਾਜਿਕ ਬਰਾਬਰੀ ਦੇਣ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਪੰਨਾ-੪੭੩"

ਅਤੇ "ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥" ਬਾਣੀ ਉਚਾਰ ਕੇ ਇੱਜ਼ਤ ਅਤੇ ਸਮਾਜਿਕ ਰੁਤਬਾ ਬਹਾਲ ਕਰਨ ਦੀ ਨਸੀਹਤ ਦਿੱਤੀ। ਉਨ੍ਹਾਂ ਸਮਾਜਿਕ ਬੁਰਾਈਆਂ ਵਿਰੁੱਧ ਸਿਧਾਂਤਕ ਇਨਕਲਾਬੀ ਲਹਿਰ ਖੜੀ ਕਰ ਦਿੱਤੀ। ਇਸ ਲੋਕ ਲਹਿਰ ਨਾਲ ਲੋਕਾਂ ਵਿਚ ਜਾਗਰੂਕਤਾ ਪੈਦਾ ਹੋਣ ਲੱਗੀ ਅਤੇ ਹਿੰਦੁਸਤਾਨ ਦੇ ਦੱਬੇ ਕੁਚਲੇ ਲੋਕਾਂ ਦੀ ਇੱਜ਼ਤ ਅਤੇ ਸਮਾਜ ਸੁਧਾਰ ਦੀ ਨੀਂਹ ਮਜ਼ਬੂਤ ਹੋਈ। ਉਨ੍ਹਾਂ ਝੂਠੇ ਕਰਮ ਕਾਂਡਾਂ ਅਤੇ ਅੰਧ ਵਿਸ਼ਵਾਸੀ ਰਵਾਇਤਾਂ ਦਾ ਡਟਵਾਂ ਵਿਰੋਧ ਕੀਤਾ ਅਤੇ ਮਨ ਨੂੰ ਪਰਮਾਤਮਾ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਮੂਰਤੀ ਪੂਜਾ, ਤੀਰਥ ਇਸ਼ਨਾਨ ਅਤੇ ਬ੍ਰਾਹਮਣਵਾਦੀ ਰਵਾਇਤਾਂ ਤਿਲਕ ਅਤੇ ਜੰਞੂ ਦੀ ਵਿਚਾਰਧਾਰਾ ਦਾ ਪਰਦਾਫਾਸ਼ ਕੀਤਾ। ਇਹ ਜੰਞੂ ਦੰਭੀ, ਫਰੇਬੀ, ਕਸਾਈ, ਬੇਹੱਕੀ ਦਾ ਮਾਲਕ ਸੀ। ਗੁਰੂ ਸਾਹਿਬ ਨੇ ਝੂਠੇ ਜੰਞੂ ਦੀ ਥਾਂ ਅਸਲੀਅਤ ਵਾਲਾ ਜੰਞੂ ਪਾਉਣ ਲਈ ਸਮਝਾਉਂਦੇ ਹੋਏ ਫੁਰਮਾਇਆ:

"ਦਇਆ ਕਪਾਹ ਸੰਤੋਖ ਸੂਤ
ਜਤ ਗੰਢੀ ਸਤ ਵੱਟ।
ਇਹ ਜਨੇਉ ਜੀਅ ਕਾ,
ਹਈ ਤਾਂ ਪਾਂਡੇ ਘੱਤ।"

ਗੁਰੂ ਸਾਹਿਬ ਸੱਚ ਦਾ ਰਸਤਾ ਅਪਣਾਉਣ ਦੀ ਨਸੀਹਤ ਦਿੰਦੇ ਹਨ। ਉਹ ਝੂਠੇ ਕਰਮ ਕਾਂਡਾਂ ਦੀ ਉਪਾਸਨਾ ਦੀ ਬਜਾਇ ਸੱਚਾਈ ਜਾਣਨ ਅਤੇ ਇਸ 'ਤੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ। ਉਹ ਗੁਰਬਾਣੀ ਦਾ ਹਵਾਲਾ ਦਿੰਦਿਆਂ ਸਮਝਾਉਂਦੇ ਹਨ ਕਿ ਦੰਭੀ, ਫਰੇਬੀ ਅਤੇ ਖੋਟੇ ਮਨ ਨਾਲ ਤੀਰਥਾਂ 'ਤੇ ਜਾਣ ਦਾ ਕੋਈ ਫਾਇਦਾ ਨਹੀਂ। ਮਨ ਦੀ ਮੈਲ ਨੂੰ ਗਿਆਨ ਦੇ ਨੀਰ ਨਾਲ ਸਾਫ ਕਰਨ ਦੀ ਸਿੱਖਿਆ ਦਿੰਦਿਆਂ ਲਿਖਦੇ ਹਨ:

"ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥"

ਗੁਰੂ ਜੀ ਦਾ 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥

ਸਲੋਕ ਹਰ ਮਨੁੱਖ ਨੂੰ ਫਿੱਕਾ ਬੋਲਣ ਤੋਂ ਗੁਰੇਜ਼ ਕਰਨ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਸਾਹਿਬ ਗਿਆਨ ਦੀ ਪ੍ਰਾਪਤੀ ਹਿੱਤ ਸੁਚੇਤ ਕਰਦਿਆਂ ਗੁਰੂ ਦੀ ਮਹਾਨਤਾ ਸਮਝਾਉਂਦੇ ਹੋਏ ਬਾਣੀ 'ਚ ਲਿਖਦੇ ਹਨ:

ਕੁੰਭੇ ਬਧਾ ਜਲ ਰਹੇ,
ਜਲ ਬਿਨੁ ਕੁੰਭ ਨਾ ਹੋਇ ।
ਗਿਆਨ ਕਾ ਬੱਧਾ ਮਨੁ ਰਹੇ,
ਗੁਰ ਬਿਨ ਗਿਆਨ ਨ ਹੋਇ ॥ (ਪੰਨਾ 80)

ਸੱਚੇ, ਗਿਆਨੀ, ਸੂਝਵਾਨ, ਪ੍ਰਭੂ ਪ੍ਰੇਮੀ ਅਤੇ ਸਾਧ ਲੋਕ ਤੀਰਥਾਂ 'ਤੇ ਨਹਾਤੇ ਬਿਨਾਂ ਹੀ ਭਲੇ ਹਨ। ਗੁਰੂ ਸਾਹਿਬ ਦੀ ਬਾਣੀ "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤੱਤੁ" ਜਾਂ "ਨਾਨਕ ਨੀਵਾਂ ਜੋ ਚਲੇ ਲਾਗੇ ਨ ਤਾਤੀ ਵਾਓ" ਰਾਹੀਂ ਪਿਆਰ, ਨਿਮਰਤਾ, ਸਹਿਜਤਾ ਤੇ ਗਿਆਨਤਾ ਦਾ ਸੁਨੇਹਾ ਦਿੰਦਿਆਂ "ਮਨ ਜੀਤੇ ਜਗ ਜੀਤ" ਦੀ ਪ੍ਰੋੜ੍ਹਤਾ ਕਰਦੀ ਹੈ। ਉਨ੍ਹਾਂ ਮਨੁੱਖੀ ਜੀਵਨ ਦੀ ਮੁੱਢਲੀ ਲੋੜ ਪਾਣੀ, ਹਵਾ ਅਤੇ ਧਰਤੀ ਦੀ ਅਹਿਮੀਅਤ ਨੂੰ ਉਜਾਗਰ ਕਰਦਿਆਂ ਗੁਰਬਾਣੀ 'ਚ ਲਿਖਿਆ ਹੈ:

"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ॥ ਅਤੇ ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਿਆਵਾਂ ਨੂੰ ਸਿਧਾਂਤਕ ਅਤੇ ਅਸਲੀਅਤ ਜਾਮਾ ਪਹਿਨਾ ਕੇ ਸਿੱਖ ਫਲਸਫੇ ਦੇ ਅਨੁਕੂਲ ਜੀਵਣ ਜਾਚ ਸਿਖਾਈ ਹੈ। ਉਨ੍ਹਾਂ ਨੇ ਰੂਹਾਨੀ ਗਿਆਨ ਨੂੰ ਸੰਸਾਰ 'ਚ ਫੈਲਾਉਣ, ਝੂਠੇ ਆਡੰਬਰਾਂ ਅਤੇ ਕਰਮ ਕਾਂਡਾਂ ਦਾ ਭਾਂਡਾ ਭੰਨਣ ਲਈ ਉਦਾਸੀਆਂ ਕੀਤੀਆਂ ਸਨ। ਸਿੱਧਾਂ, ਗੋਰਖ-ਮਤੀਆਂ, ਸੱਜਣ ਠੱਗ, ਕੌਡੇ ਰਾਕਸ਼ ਵਰਗਿਆ ਨੂੰ ਸੱਚ ਦੇ ਰਸਤੇ ਤੋਰ ਕੇ ਸਮਾਜ ਸੁਧਾਰਕ ਬਣਾਇਆ। ਉਨ੍ਹਾਂ ਗੁਰਬਾਣੀ ਦੇ ਪ੍ਰਸਾਰ ਲਈ ਮੱਕਾ-ਮਦੀਨਾ, ਢਾਕਾ, ਤਿੱਬਤ, ਕਾਠਮਾਂਡੂ ਤਕ ਯਾਤਰਾਵਾਂ ਕਰ ਕੇ ਸਿੱਖੀ ਦਾ ਸੁਨੇਹਾ ਦਿੱਤਾ।

ਸਮਾਜਿਕ ਬਰਾਬਰੀ ਨੂੰ ਵਧਾਉਣ ਅਤੇ ਛੂਆ-ਛਾਤ ਨੂੰ ਚੁਣੌਤੀ ਦੇਣ ਲਈ ਉਨ੍ਹਾਂ ਕੋਲ ਚੂਹੜਕਾਣਾ (ਪਾਕਿਸਤਾਨ) ਦੇ ਸਥਾਨ 'ਤੇ ਵਿਚਾਰਾਂ ਕਰਨ ਆਏ ਭਗਤਾਂ ਅਤੇ ਸਾਧੂਆਂ ਨੂੰ ਇੱਕੋ ਪੰਗਤ 'ਚ ਬਿਠਾ ਕੇ ਭੋਜਨ ਛਕਾਇਆ। ਪਰਮਾਤਮਾ ਨਾਲ ਸੱਚੀ ਰੂਹ ਨਾਲ ਜੁੜਨ ਦਾ ਸੁਨੇਹਾ ਦੇਣ ਲਈ ਉਹ ਬੇਬੇ ਨਾਨਕੀ ਦੇ ਫੁਲਕਾ ਫੁੱਲਣ 'ਤੇ ਯਾਦ ਆਉਣ 'ਤੇ ਤੁਰੰਤ ਹਾਜ਼ਰ ਹੋ ਗਏ। ਇਸੇ ਕਰਕੇ ਉਹ ਗੁਰੂ, ਪੀਰ, ਸੰਤ ਅਤੇ ਲਾਮੇ ਕਹਿਲਾਏ। ਉਨ੍ਹਾਂ ਹੱਥੀਂ ਖੇਤੀ ਕਰ ਕੇ ਕਰਮ ਕਰਨ ਦਾ ਸਾਰਥਿਕ ਸੁਨੇਹਾ ਦਿੱਤਾ। ਉਨ੍ਹਾਂ ਸਾਰੀਆਂ ਬਾਣੀਆਂ 'ਚ ਮਨੁੱਖਤਾ ਦੀ ਭਲਾਈ ਅਤੇ ਅਨਾਦਿ ਸਚਾਈ ਨੂੰ ਜੀਵਨ ਆਧਾਰ ਬਣਾਉਣ, ਅਧਿਆਤਮਵਾਦ ਅਤੇ ਸਮਾਜਵਾਦੀ ਬਣਨ 'ਤੇ ਜ਼ੋਰ ਦਿੱਤਾ।

ਆਓ! ਸਾਰੇ ਰਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਉਤਸਵ ਮੌਕੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜੀਵਨ 'ਚ ਧਾਰਨ ਕਰ ਕੇ ਸੱਚੇ ਸੁੱਚੇ ਅਧਿਆਤਮਵਾਦੀ, ਸਮਾਜਵਾਦੀ ਸਿੱਖ ਦਾ ਜੀਵਨ ਜਿਉਣ ਦਾ ਸੰਕਲਪ ਅਤੇ ਪ੍ਰਣ ਕਰੀਏ।

## ਗੁਰਪੁਰਬ ਤੇ ਵਿਸ਼ੇਸ਼

### ਗੁਰਦੀਸ਼ ਕੌਰ 'ਦੀਸ਼' ਦੀਆਂ ਦੋ ਰਚਨਾਵਾਂ

### ਧੰਨ ਨਾਨਕ ਤੇਰੀ ਵੱਡੀ ਕਮਾਈ

ਪਾਪਾਂ ਦਾ ਜਦ ਭਾਰ ਵਧ ਗਿਆ,
ਧਰਤੀ ਰੋਈ ਤੇ ਕੁਰਲਾਈ।
'ਸਰਮ ਧਰਮ ਦੋਇ ਛਪਿ ਖਲੋਏ'
ਕੂੜ ਹਨ੍ਹੇਰੀ ਜੱਗ 'ਤੇ ਛਾਈ।
ਸੱਜਣ ਬਣ ਜਦ ਲੁੱਟਣ ਲੱਗੇ,
ਠੱਗਾਂ ਨੇ ਪਹਿਚਾਣ ਲੁਕਾਈ।
ਧੁੰਧ ਗੁਬਾਰ ਸੀ ਚਾਰੇ ਪਾਸੇ, ਮਾਨੁੱਖਤਾ ਕਿਧਰੇ ਮੁਰਝਾਈ।

ਮੱਸਿਆ ਦੀ ਇਸ ਕਾਲੀ ਰਾਤੇ,
ਸਤਿ, ਸੰਤੋਖ ਨਾ ਕਿਤੇ ਸਚਾਈ।
ਪੁੰਨਿਆਂ ਦਾ ਚੰਨ ਬਣ ਤਦ ਆਇਉਂ,
ਧੰਨ ਨਾਨਕ ਤੇਰੀ ਵੱਡੀ ਕਮਾਈ।

'ਜ਼ਾਹਰ ਪੀਰ ਜਗਤ ਗੁਰ ਬਾਬਾ'
ਕਲਯੁੱਗ ਦੇ ਵਿੱਚ ਤਾਰਨ ਆਇਆ।
ਕਰਮ ਕਾਂਡਾਂ 'ਚੋਂ ਕੱਢ ਲੋਕਾਈ,
ਇੱਕ ਓਂਕਾਰ ਦਾ ਸਬਕ ਪੜ੍ਹਾਇਆ।
ਵੀਹ ਰੁਪਏ ਦਾ ਲੰਗਰ ਲਾ ਕੇ,
ਸੱਚਾ ਸੌਦਾ ਕਰ ਦਿਖਲਾਇਆ।
ਲਾਲੋ ਦੀ ਰੁੱਖੀ ਦੇ ਵਿਚੋਂ,
ਸੁੱਚੀ ਕਿਰਤ ਦਾ ਦੁੱਧ ਵਗਾਇਆ।

ਤੇਰਾਂ ਤੇਰਾਂ ਤੋਲਦਿਆਂ ਹੀ,
ਨਿਰੰਕਾਰ ਨਾਲ ਸੁਰਤ ਮਿਲਾਈ।
ਕਾਜ਼ੀ, ਪੰਡਤ ਪੈ ਗਏ ਪੈਰੀਂ,
ਧੰਨ ਨਾਨਕ ਤੇਰੀ ਵੱਡੀ ਕਮਾਈ।

ਬਾਣੀ ਦੇ ਫੁਰਮਾਨ ਜੋ ਤੇਰੇ, ਸਾਡਾ ਰਾਹ ਰੁਸ਼ਨਾਈ ਜਾਂਦੇ।
ਉਨੀਂ ਰਾਗਾਂ ਦੇ ਵਿਚ ਸਾਨੂੰ, ਜੀਵਨ ਜਾਚ ਸਿਖਾਈ ਜਾਂਦੇ।
ਕਾਦਰ ਦੀ ਕੁਦਰਤ ਦੀ ਸੋਝੀ, ਨਾਲੋ ਨਾਲ ਕਰਾਈ ਜਾਂਦੇ।
'ਨਾਮ ਜਪਣ' ਤੇ 'ਵੰਡ ਛਕਣ' ਦਾ,
ਸੁੱਚਾ ਪਾਠ ਪੜ੍ਹਾਈ ਜਾਂਦੇ।
ਮਰਦਾਨੇ ਵੀ ਸਾਥ ਨਿਭਾਇਆ,
ਰਾਗਾਂ ਵਿੱਚ ਰਬਾਬ ਵਜਾਈ।

ਧੁਰ ਦਰਗਾਹੋਂ ਆਈ ਬਾਣੀ,
ਧੰਨ ਨਾਨਕ ਤੇਰੀ ਵੱਡੀ ਕਮਾਈ।

ਜਿਸ ਔਰਤ ਨੂੰ ਜੁੱਤੀ ਕਹਿ ਕੇ,
ਮਰਦਾਂ ਪੈਰਾਂ ਵਿੱਚ ਬਿਠਾਇਆ।
'ਸੋ ਕਿਉ ਮੰਦਾ ਆਖੀਐ' ਕਹਿ ਕੇ,
ਉਸ ਨਾਰੀ ਨੂੰ ਤੂੰ ਵਡਿਆਇਆ।
ਆਪਣੇ ਹੱਥੀਂ ਹਲ ਚਲਾ ਕੇ,
ਕਿਰਤ ਕਰਨ ਦਾ ਵੱਲ ਸਿਖਾਇਆ।
ਸੇਵਕ ਦੀ ਸੇਵਾ ਤੋਂ ਤੁੱਠ ਕੇ,
ਉਸ ਨੂੰ ਆਪਣਾ ਅੰਗ ਬਣਾਇਆ।

ਬਾਬਰ ਨੂੰ ਵੀ ਜਾਬਰ ਕਹਿ ਕੇ,
ਜ਼ੁਲਮ ਜਬਰ ਨੂੰ ਸੀ ਠੱਲ੍ਹ ਪਾਈ।
ਤੇਰੇ ਜਿਹਾ ਦਲੇਰ ਨਾ ਕੋਈ,
ਧੰਨ ਨਾਨਕ ਤੇਰੀ ਵੱਡੀ ਕਮਾਈ।

ਹਿੰਦੂ ਮੁਸਲਿਮ ਦੋਹਾਂ ਦੇ ਵਿੱਚ,
ਤੈਨੂੰ ਫਰਕ ਰਤਾ ਨਾ ਕੋਈ।
ਦੋਹਾਂ ਨੂੰ ਹੀ ਬਾਣੀ ਆਖੇ, ਸ਼ੁਭ ਅਮਲਾਂ ਦੇ ਬਾਝੋਂ ਰੋਈ।
ਜਾਤ ਪਾਤ ਦਾ ਭੇਦ ਮਿਟਾ ਕੇ,
ਸ੍ਰਿਸ਼ਟੀ ਇੱਕੋ ਸੂਤ ਪਰੋਈ।
ਸਤਿ-ਸੰਗਤ ਦਾ ਫੜ ਕੇ ਚੱਪੂ,
ਭਵ ਸਾਗਰ ਨੂੰ ਤਰ ਲਏ ਕੋਈ।

ਕੌਡੇ ਵਰਗੇ ਰਾਖਸ਼ ਤਾਰੇ,
ਜੋਗੀਆਂ ਸੰਗ ਵੀ ਗੋਸ਼ਟਿ ਰਚਾਈ।
ਸਿੱਧਾਂ ਨੇ ਵੀ ਕਹਿ ਦਿੱਤਾ ਸੀ,
ਧੰਨ ਨਾਨਕ ਤੇਰੀ ਵੱਡੀ ਕਮਾਈ।

ਨਾ ਉੱਚਾ ਨਾ ਨੀਵਾਂ ਕੋਈ, ਨਾਨਕ- ਬਾਣੀ ਦਏ ਦੁਹਾਈ।
'ਸਭਨਾ ਜੀਆ ਕਾ ਇੱਕ ਦਾਤਾ'
ਸਭ ਵਿੱਚ ਇੱਕੋ ਜੋਤਿ ਟਿਕਾਈ।
ਪਵਣ ਗੁਰੂ ਤੇ ਪਿਤਾ ਹੈ ਪਾਣੀ,
ਧਰਤੀ ਮਾਂ ਦੇ ਹਾਂ ਕਰਜ਼ਾਈ।

ਜਪੁਜੀ ਸਾਹਿਬ ਦੀ ਬਾਣੀ ਆਖੇ,
ਚੱਲਣਾ ਪੈਣਾ ਹੁਕਮ ਰਜ਼ਾਈ।

ਸੱਚ ਦਾ ਸੂਰਜ ਚੜ੍ਹ ਕੇ ਆਇਆ,
ਚਾਰੇ ਚੱਕ ਕੀਤੀ ਰੁਸ਼ਨਾਈ।
'ਦੀਸ਼' ਨਹੀਂ ਕੁੱਲ ਆਲਮ ਆਖੇ,
ਧੰਨ ਨਾਨਕ ਤੇਰੀ ਵੱਡੀ ਕਮਾਈ।

### ਛੇੜ ਮਰਦਾਨਿਆਂ ਰਬਾਬ...(ਗੀਤ)

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਹੁਣ ਲੋਕਾਂ ਨੂੰ ਸੁਣਾਈਏ
ਛੇੜ...

ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ...

ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ...

ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਜਾ ਵਜਾਈਏ
ਛੇੜ...

ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

*ਸੰਪਰਕ: +1 403 404 1450,*
*ਵ੍ਹਟਸਐਪ: +91 98728 60488*

---

### ਬਾਬਾ ਨਾਨਕ

ਤੂੰ ਇਨਕਾਰ ਕਰ ਦੇਵੀਂ ਜਦ ਕੋਈ ਕਹੇ ਕਿ
ਬਾਬੇ ਦੇ ਪੈਰਾਂ ਨਾਲ ਮੱਕਾ ਵੀ ਘੁੰਮ ਗਿਆ ਸੀ।
ਬਿਲਕੁਲ ਨਾ ਮੰਨੀਂ ਜੇ ਉਹ ਕਹਿਣ ਕਿ
ਰੋਟੀ 'ਚੋਂ ਦੁੱਧ ਤੇ ਲਹੂ ਦੀਆਂ ਧਾਰਾਂ ਵਗੀਆਂ ਸੀ।
ਜਿਥੇ ਮਾਨਸਿਕਤਾ ਨੂੰ ਖਤਰਾ ਹੋਊ
ਭੱਜ ਕੇ ਬਾਹਰ ਆ ਜਾਵੀਂ ਉੱਥੋਂ
ਜਿੱਥੇ ਹੱਥ ਵਿੱਚ ਮਾਲਾ ਫੜੀ
ਬੀਬੀ ਦਾਹੜੀ ਵਾਲੇ ਬੰਦੇ ਦੀ
ਫੋਟੋ ਨੂੰ ਮੱਥਾ ਟਿਕਦਾ ਹੋਵੇ।
ਠਰੰਮ੍ਹੇ ਨਾਲ ਸਮਝਾਈਂ ਕਿ
ਘੁੰਮਿਆ ਮੱਕਾ ਨਹੀਂ ਸੀ,
ਘੁੰਮਿਆ ਕਾਜੀ ਦਾ ਦਿਮਾਗ ਸੀ।
ਉਹਨੂੰ ਸਮਝ ਆ ਗਈ ਸੀ
ਨਾਨਕ ਦੀਆਂ ਗੱਲਾਂ ਸੁਣ ਕੇ ਸੱਚ ਤੇ ਝੂਠ ਦੀ।
ਯਕੀਨ ਨਾਲ ਕਹੀਂ ਕਿ
ਰੋਟੀ ਵਿੱਚੋਂ ਦੁੱਧ ਤੇ ਲਹੂ ਨਹੀਂ ਨਿਕਲਿਆ ਸੀ
ਉੱਥੇ ਨਿੱਤਰਿਆ ਸੀ ਸੱਚ ਤੇ ਝੂਠ
ਜਿਸ ਨੂੰ ਨਾਨਕ ਦੀਆਂ ਜਹਿਨੀ ਅੱਖਾਂ ਨੇ ਪੜ ਲਿਆ ਸੀ
ਤੇ ਫਰਕ ਸਮਝਿਆ ਸੀ ਰੋਟੀ ਦੀ ਖੁਸ਼ਬੂ ਦਾ
ਜੋ ਹੱਕ ਹਲਾਲ ਤੇ ਲੋਕਾਂ ਦਾ
ਢਿੱਡ ਵੱਢ ਕੇ ਬਣਾਈ ਰੋਟੀ ਵਿੱਚ ਹੁੰਦਾ ਏ।
ਸਭ ਤੋਂ ਜਰੂਰੀ
ਬਿਲਕੁਲ ਤਲਖ ਨਾ ਹੋਈਂ ਮੱਥਾ ਟੇਕਣ ਪਿੱਛੇ
ਉਨ੍ਹਾਂ ਨੂੰ ਦੱਸੀਂ ਕਿ
ਅਸਲੀ ਸਤਿਕਾਰ ਮੱਥਾ ਟੇਕਣ ਵਿੱਚ ਨਹੀਂ
ਸਤਿਕਾਰ ਉਸ ਦੇ ਪਾਏ ਪੂਰਨਿਆਂ ਤੇ ਚੱਲ ਕੇ
ਵਹਿਮਾਂ 'ਚੋਂ ਬਾਹਰ ਆਉਣ ਵਿੱਚ ਹੈ।
ਆਪਣਾ ਬਚਾਅ ਵੀ ਰੱਖੀਂ
ਕੁਝ ਅਜਿਹਾ ਨਾ ਬੋਲੀਂ ਕਿ
ਉਹ ਤੇਰੇ ਪਿੱਛੇ ਪੈ ਜਾਣ।
ਕਿਉਂਕਿ ਬਹੁਤ ਛੇਤੀ ਭਾਵਨਾਵਾਂ
ਭੜਕ ਜਾਂਦੀਆਂ ਧਰਮੀ ਲੋਕਾਂ ਦੀਆਂ।
ਜੇ ਇਹ ਕਹਿਣ ਕਿ ਤੈਨੂੰ ਕਿਵੇਂ ਪਤਾ ਇਹ ਸਭ
ਤਾਂ ਨਿਧੜਕ ਹੋ ਕੇ ਕਹਿ ਦੇਵੀਂ
ਮੈਂ ਨਾਨਕ ਤੋਂ ਸਮਝਿਆ ਇਹ ਸਭ।

*-ਗੁਰਬਿੰਦਰ ਸਿੰਘ*

# ਗੁਰੂ ਨਾਨਕ ਪ੍ਰਕਾਸ਼-ਪੁਰਬ: ਕੱਤਕ ਕਿ ਵਿਸਾਖ ਕਿ ਦੋਵੇਂ?

***ਅਸਲੀਅਤ ਵਿਚ 'ਕੱਤਕ ਕਿ ਵਿਸਾਖ?' ਜਾਂ 'ਵਸਾਖ ਕਿ ਕੱਤਕ?' ਦਾ ਵਿਵਾਦ ਨਿਰਮੂ.ਲ ਹੈ। ਦੋਵੇਂ ਹੀ ਦਿਹਾੜੇ ਗੁਰੂ ਜੀ ਦੇ ਜੀਵਨ-ਇਤਿਹਾਸ ਵਿਚ ਬਹੁਤ ਮਹੱਤਵਪੂਰਨ ਹਨ। ਵਿਸਾਖ ਸੁਦੀ ਤਿੰਨ ਵੀ ਅਤੇ ਕੱਤਕ ਪੂਰਨਮਾਸ਼ੀ ਵੀ। ਵਿਸਾਖ ਸੁਦੀ ਤਿੰਨ ਉਨ੍ਹਾਂ ਦਾ ਜਨਮ-ਦਿਹਾੜਾ ਹੈ ਅਤੇ ਕੱਤਕ ਪੂਰਨਮਾਸ਼ੀ ਨੂੰ ਉਨ੍ਹਾਂ ਦਾ ਪ੍ਰਭ-ਮਿਲਨ ਦਿਹਾੜਾ ਜਾਂ 'ਗੁਰਪਰਮੇਸਰ' ਪ੍ਰਾਪਤੀ ਦਾ ਦਿਹਾੜਾ ਹੈ ਜਾਂ ਪਵਿੱਤਰ-ਵੇਈਂ ਦੇ ਪਾਣੀਆਂ 'ਚੋਂ ਪੁਨਰ-ਜਨਮ ਦਾ ਦਿਹਾੜਾ ਕਿਹਾ ਜਾ ਸਕਦਾ ਹੈ।***

ਸਿੱਖ ਜਗਤ ਨੇ ਭਾਵੇਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕੱਤਕ-ਪੂਰਨਮਾਸ਼ੀ ਨੂੰ ਮਨਾਉਣ ਦੀ ਪਰੰਪਰਾ ਪੂਰੀ ਤਰ੍ਹਾਂ ਸਥਾਪਤ ਕਰ ਲਈ ਹੈ ਪਰ ਵਿਦਵਾਨਾਂ, ਇਤਿਹਾਸਕਾਰਾਂ ਅਤੇ ਤਾਰੀਖ਼ਦਾਨਾਂ ਵਿਚ ਇਹ ਅੱਜ ਵੀ ਵਿਵਾਦ ਦਾ ਵਿਸ਼ਾ ਹੈ ਕਿ ਗੁਰੂ ਜੀ ਦਾ ਜਨਮ-ਦਿਹਾੜਾ ਕੱਤਕ-ਪੂਰਨਮਾਸ਼ੀ ਹੈ ਕਿ ਵਿਸਾਖ ਸੁਦੀ ਤਿੰਨ। ਬਹੁਮੱਤ ਵਿਸਾਖ ਸੁਦੀ ਤਿੰਨ ਦੇ ਹੱਕ ਵਿਚ ਹੈ, ਜਦੋਂਕਿ ਜਨਮ ਦੇ ਸਾਲ ਬਾਰੇ ਕੋਈ ਮਤਭੇਦ ਨਹੀਂ। ਬਾਲੇ ਵਾਲੀ ਜਨਮ-ਸਾਖੀ ਤੋਂ ਬਿਨਾਂ ਬਾਕੀ ਸਭ ਜਨਮ-ਸਾਖੀਆਂ ਮੰਨਦੀਆਂ ਹਨ ਕਿ ਗੁਰੂ ਜੀ ਦਾ ਜਨਮ-

ਡਾ: ਆਸਾ ਸਿੰਘ ਘੁੰਮਣ
ਫੋਨ: 97798-53245

ਦਿਹਾੜਾ ਵਿਸਾਖ ਸੁਦੀ ਤਿੰਨ 1526 ਅਥਵਾ 15 ਅਪਰੈਲ, 1469 ਸੀ। ਕੇਵਲ ਭਾਈ ਬਾਲੇ ਵਾਲੀ ਜਨਮ ਸਾਖੀ ਦਾਅਵਾ ਕਰਦੀ ਹੈ ਕਿ ਗੁਰੂ ਜੀ ਦਾ ਪ੍ਰਕਾਸ਼-ਦਿਹਾੜਾ ਕੱਤਕ ਪੂਰਨਮਾਸ਼ੀ ਸੀ।

ਸਿੱਖ-ਸੰਗਤਾਂ ਵਿਚ ਭਾਈ ਬਾਲੇ ਵਾਲੀ ਜਨਮ-ਸਾਖੀ ਲੋੜੋਂ ਵੱਧ ਪ੍ਰਸਿੱਧ ਰਹੀ ਹੈ। ਇਸਦੇ ਇੱਕ ਤੋਂ ਵੱਧ ਕਾਰਨ ਹਨ। ਸਿੱਖ ਜਗਤ ਵਿਚ ਇਹ ਧਾਰਨਾ ਚਲੀ ਆਈ ਹੈ ਕਿ ਇਹ ਜਨਮ ਸਾਖੀ ਸਭ ਤੋਂ ਵੱਧ ਪੁਰਾਣੀ ਅਤੇ ਭਰੋਸੇਯੋਗ ਹੈ ਕਿਉਂਕਿ ਇਹ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਭਾਈ ਬਾਲੇ ਰਾਹੀਂ ਪੈੜੇ ਮੋਖੇ ਸੁਲਤਾਨਪੁਰੀਏ ਤੋਂ ਲਿਖਵਾਈ ਸੀ। ਭਾਈ ਬਾਲਾ ਇਹ ਜਨਮ-ਸਾਖੀ ਇੰਝ ਲਿਖਵਾਂਦਾ ਹੈ ਜਿਵੇਂ ਉਹ ਹਰ ਸਮੇਂ ਗੁਰੂ ਜੀ ਦੇ ਨਾਲ ਸੀ ਅਤੇ ਘਟਨਾਵਾਂ ਦਾ ਚਸ਼ਮਦੀਦ ਗਵਾਹ ਹੁੰਦਾ ਹੈ। ਇਸ ਦੀ ਭਾਸ਼ਾ ਆਧੁਨਿਕ ਅਤੇ ਰੌਚਿਕ ਹੋਣ ਕਰਕੇ ਅਤੇ ਸਾਖੀਆਂ ਲੋਕ-ਮਾਨਸਿਕਤਾ ਦੇ ਨੇੜੇ ਹੋਣ ਕਰਕੇ ਇਹ ਸਿੱਖ-ਜਗਤ ਵਿਚ ਖੂਬ ਪ੍ਰਵਾਨ ਚੜੀ ਅਤੇ ਪ੍ਰਸਿੱਧ ਹੋਈ। ਇਸ ਦੀ ਕਥਾ ਸ਼ਾਮ ਨੂੰ ਗੁਰਦੁਆਰਿਆਂ ਵਿਚ ਕੀਤੀ ਜਾਂਦੀ ਸੀ, ਜਿਸਨੂੰ ਖਾਸ ਤੌਰ 'ਤੇ ਔਰਤਾਂ ਅਤੇ ਬੱਚੇ ਵੱਧ ਦਿਲਚਸਪੀ ਨਾਲ ਸੁਣਦੇ ਸਨ। ਬਾਅਦ ਵਿਚ 1820-21 ਦੇ ਕਰੀਬ ਮਹਾਂ-ਕਵੀ ਭਾਈ ਸੰਤੋਖ ਸਿੰਘ ਨੇ 'ਨਾਨਕ-ਪ੍ਰਕਾਸ਼' ਵੀ ਭਾਈ ਬਾਲੇ ਵਾਲੀ ਜਨਮ-ਸਾਖੀ ਨੂੰ ਅਧਾਰ ਬਣਾ ਕੇ ਲਿਖਿਆ, ਜੋ ਸਿੱਖ ਸੰਗਤਾਂ ਵਿਚ ਬਹੁਤ ਮਕਬੂਲ ਹੋਇਆ। ਇਸ ਵਿਚ ਵੀ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ-ਪੂਰਨਮਾਸ਼ੀ ਹੀ ਲਿਖਿਆ ਮਿਲਦਾ ਹੈ:

ਉਰਜ ਮਾਸ ਕੀ ਪੂਰਨਮਾਸ਼ੀ। ਬਿੰਸਤ ਸਪਤ ਨਿਛੱਤ੍ਰ ਸੁਰਾਸੀ।

ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਭਾਈ ਗੁਰਦਾਸ ਜੀ ਵੱਲੋਂ ਕੱਤਕ ਪੂਰਨਮਾਸ਼ੀ ਬਾਰੇ ਲਿਖਿਆ ਕਬਿੱਤ ਵੀ ਇਹੀ ਦਰਸਾਂਦਾ ਹੈ ਕਿ ਗੁਰੂ ਜੀ ਦਾ ਅਵਤਾਰ-ਪੁਰਬ ਕੱਤਕ-ਪੂਰਨਮਾਸ਼ੀ ਹੀ ਸੀ:

ਕਾਰਤਕ ਮਾਸ ਰੁਤਿ ਸਰਦ ਪੂਰਨਮਾਸ਼ੀ
ਆਠ ਜਾਮ ਸਾਠ ਘੜੀ ਆਜ ਤੇਰੀ ਬਾਰੀ ਹੈ
ਅਉਸਰ ਅਭੀਚ ਬਹੁ ਨਾਇਕ ਕੀ ਨਾਇਕ ਹੋਇ
ਰੂਪ ਗੁਣ ਜੋਬਨ ਸਿੰਗਾਰ ਅਧਿਕਾਰੀ ਹੈ
ਚਾਤਰ ਚਤੁਰ ਪਾਠ ਸੇਵਕ ਸਹੇਲੀ ਸਾਠ
ਸੰਪਦਾ ਸਮੱਗਰੀ ਸੁਖ ਸਹਿਜ ਸਚਾਰੀ ਹੈ
ਸੁੰਦਰ ਮੰਦਰ ਸ਼ੁਭ ਲਗਨ ਸੰਜੋਗ ਭੋਗ
ਜੀਵਨ ਜਨਮ ਧਨ ਪ੍ਰੀਤਮ ਪਿਆਰੀ ਹੈ
(345)

ਪਰ ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਬਾਰੇ ਲਿਖੀ ਪਹਿਲੀ ਵਾਰ ਵਿਚ ਉਹ ਕੱਤਕ ਪੂਰਨਮਾਸ਼ੀ ਦਾ ਕੋਈ ਜ਼ਿਕਰ ਨਹੀਂ ਕਰਦੇ ਸਗੋਂ ਵਿਸਾਖੀ ਦਾ ਜ਼ਿਕਰ ਕਰਦੇ ਹਨ:

ਘਰਿ ਘਰਿ ਅੰਦਰ ਧਰਮਸਾਲ, ਹੋਵੈ ਕੀਰਤਨ ਸਦਾ ਵਿਸੋਆ॥ ਵਿਸੋਆ ਦਾ ਅਰਥ ਹੈ ਵਿਸਾਖੀ।

ਬਹੁਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਕਾਰਤਿਕ ਵਾਲਾ ਕਬਿੱਤ ਗੁਰੂ ਜੀ ਦੇ ਪ੍ਰਭੂ-ਮਿਲਾਪ ਨੂੰ ਵਰਨਣ ਕਰਦਾ ਹੈ ਜਦੋਂਕਿ 'ਹੋਵੈ ਕੀਰਤਨ ਸਦਾ ਵਿਸੋਆ' ਉਨ੍ਹਾਂ ਦੇ ਸੰਸਾਰ 'ਤੇ ਸਰੀਰਕ ਆਗਮਾਨ ਬਾਰੇ ਹੈ। ਡਾ: ਕਿਰਪਾਲ ਸਿੰਘ ਅਨੁਸਾਰ, 'ਭਾਈ ਗੁਰਦਾਸ ਜੀ ਨੇ ਪ੍ਰਭੂ-ਮਿਲਾਪ ਦੀ ਦ੍ਰਿਸ਼ਟੀ ਤੋਂ ਇਹ ਕਬਿੱਤ ਲਿਖਿਆ ਹੈ। ਇਸ ਵਿਚ ਗੁਰੂ ਨਾਨਕ ਦੇ ਜਨਮ ਦਾ ਕੋਈ ਕਥਨ ਨਹੀਂ ਹੈ'।

ਸਿੰਘ ਸਭਾ ਲਹਿਰ ਸਮੇਂ 'ਪੁਰਾਤਨ ਜਨਮ-ਸਾਖੀ' ਅਥਵਾ 'ਵਲਾਇਤ ਵਾਲੀ ਜਨਮ-ਸਾਖੀ' ਦਾ ਬਹੁਤ ਪ੍ਰਚਾਰ ਹੋਇਆ ਅਤੇ 'ਕੱਤਕ ਕਿ ਵਿਸਾਖ' ਵਾਲਾ ਵਿਸ਼ਾ ਖੂਬ ਭਖਣ ਲੱਗਾ। ਕਰਮ ਸਿੰਘ ਹਿਸਟੋਰੀਅਨ ਨੇ ਇਸ ਵਿਸ਼ੇ 'ਤੇ ਪੂਰੀ ਪੁਸਤਕ ਲਿਖ ਮਾਰੀ ਅਤੇ ਭਾਈ ਬਾਲੇ ਵਾਲੀ ਜਨਮ-ਸਾਖੀ ਨੂੰ ਮੂਲੋਂ ਨਕਾਰ ਦਿੱਤਾ। ਉਨ੍ਹਾਂ ਅਨੁਸਾਰ ਭਾਈ ਬਾਲਾ 'ਕਪੋਲ ਕਲਪਿਤ ਵਸਤੂ' ਹੈ, ਜਿਸਦਾ ਜ਼ਿਕਰ ਨਾਂ ਤਾਂ ਦੂਜੀਆਂ ਜਨਮ-ਸਾਖੀਆਂ ਵਿਚ ਮਿਲਦਾ ਹੈ ਅਤੇ ਨਾਂ ਹੀ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿਚ ਭਾਈ ਬਾਲੇ ਦਾ ਜ਼ਿਕਰ ਕਰਦੇ ਹਨ। ਕਰਮ ਸਿੰਘ ਦੀ ਇਹ ਦਲੀਲ ਵੀ ਸਹੀ ਲੱਗਦੀ ਹੈ ਕਿ ਜੇ ਗੁਰੂ ਅੰਗਦ ਦੇਵ ਜੀ ਨੇ ਅਜਿਹੀ ਜਨਮ-ਸਾਖੀ ਲਿਖਵਾਈ ਹੁੰਦੀ ਤਾਂ ਆਉਣ ਵਾਲੇ ਸਾਰੇ ਗੁਰੂਆਂ ਨੇ ਇਸ ਨੂੰ ਸਤਿਕਾਰ ਸਹਿਤ ਸੰਭਾਲ ਲੈਣਾ ਸੀ। ਪਰ ਭਾਈ ਗੁਰਦਾਸ ਦਾ ਭਾਈ ਬਾਲੇ ਤੋਂ ਅਨਜਾਣ ਹੋਣਾ, ਮੋਹਸਨ ਫਾਨੀ ਦਾ ਅਜਿਹੀ ਜਨਮ-ਸਾਖੀ ਤੋਂ ਨਾ-ਵਾਕਿਫ ਹੋਣਾ, ਸਿੱਖਾਂ ਦਾ ਭਾਈ ਮਨੀ ਸਿੰਘ ਹੁਰਾਂ ਨੂੰ ਨਵੀਂ ਜਨਮ-ਸਾਖੀ ਲਿਖਣ ਲਈ ਕਹਿਣਾ, ਭਲੀ-ਭਾਂਤ ਸਾਬਤ ਕਰਦਾ ਹੈ ਕਿ ਭਾਈ ਬਾਲੇ ਵਾਲੀ ਜਨਮ-ਸਾਖੀ ਕਾਫੀ ਬਾਅਦ ਵਿਚ ਲਿਖੀ ਗਈ। ਅਸਲ ਵਿਚ ਇਹ ਜਨਮ-ਸਾਖੀ ਹਿੰਦਾਲੀਆਂ ਵੱਲੋਂ ਬਾਬਾ ਹਿੰਦਾਲ ਨੂੰ ਬਾਬਾ ਨਾਨਕ ਤੋਂ ਉਪਰ ਸਾਬਤ ਕਰਨ ਲਈ ਲਿਖਵਾਈ ਗਈ ਸੀ। ਹਾਲਾਂਕਿ ਕਰਮ ਸਿੰਘ ਦੀ ਇਕੋ-ਇੱਕ ਇਹ ਦਲੀਲ ਕਿ ਭਾਈ ਬਾਲੇ ਵਾਲੀ ਜਨਮ-ਸਾਖੀ ਵਿਚ ਗੁਰੂ ਜੀ ਦਾ ਜਨਮ-ਦਿਹਾੜਾ ਕੱਤਕ-ਪੂਰਨਮਾਸ਼ੀ ਇਸ ਲਈ ਲਿਖਿਆ ਗਿਆ ਹੈ ਕਿਉਂਕਿ ਕੱਤਕ ਦੀ ਕਨੇਤ ਹੁੰਦੀ ਹੈ ਅਤੇ ਕੱਤਕ ਦਾ ਜੰਮਿਆ ਨਹਿਸ਼ ਹੁੰਦਾ ਹੈ, ਬੜੀ ਕਮਜ਼ੋਰ ਦਲੀਲ ਲੱਗਦੀ ਹੈ।

ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਕੱਤਕ ਕਿ ਵਿਸਾਖ' ਦਾ ਜੁਆਬ-ਦਾਅਵਾ ਗਿਆਨੀ ਈਸ਼ਰ ਸਿੰਘ ਨਾਰਾ ਨੇ 1970 ਵਿਚ 'ਵਸਾਖ ਨਹੀਂ ਕੱਤਕ: ਗੁਰੂ ਨਾਨਕ ਅਵਤਾਰ' ਪੁਸਤਕ ਲਿਖ ਕੇ ਦਿੱਤਾ, ਜਿਸ ਵਿਚ ਲੇਖਕ ਦਾ ਸਾਰਾ ਜ਼ੋਰ 'ਪੁਰਾਤਨ ਜਨਮ ਸਾਖੀ' (ਵਲਾਇਤਵਾਲੀ/ਹਫਜ਼ਾਬਾਦ ਵਾਲੀ/ਮਕਾਲਿਫ ਵਾਲੀ ਜਨਮ-ਸਾਖੀ) ਨੂੰ ਝੁਠਲਾਉਣ 'ਤੇ ਲੱਗਦਾ ਹੈ। ਕੱਤਕ ਪੂਰਨਮਾਸ਼ੀ ਦਾ ਪ੍ਰਕਾਸ਼-ਦਿਹਾੜਾ ਸਾਬਤ ਕਰਨ ਲਈ ਨਾਰਾ ਜੀ ਭਾਈ ਗੁਰਦਾਸ ਦੇ ਕਬਿੱਤ 343 ਤੋਂ 348 'ਤੇ ਸਾਰੀ ਟੇਕ ਲਾਉਂਦੇ ਹਨ। ਉਨ੍ਹਾਂ ਅਨੁਸਾਰ ' ਆਜ ਤੇਰੀ ਬਾਰੀ ਹੈ' ਤੋਂ ਭਾਵ ਹੈ ਕਿ ਜਿਵੇਂ ਭਾਦਰੋਂ ਵਿਚ ਸ਼੍ਰੀ ਕ੍ਰਿਸ਼ਨ ਮਹਾਰਾਜ ਦਾ ਪ੍ਰਗਟ-ਦਿਹਾੜਾ ਸੀ, ਉਸੇ ਤਰ੍ਹਾਂ ਕੱਤਕ ਵਿਚ ਹੁਣ ਗੁਰੂ ਨਾਨਕ ਦੇਵ ਜੀ ਦੀ ਵਾਰੀ ਹੈ।

ਭਾਈ ਨਾਰਾ ਜੀ ਅਨੁਸਾਰ ਸਭ ਤੋਂ ਪੁਰਾਤਨ ਭਾਈ ਮਿਹਰਬਾਨ ਵਾਲੀ ਜਨਮ-ਸਾਖੀ ਮੰਨੀ ਜਾ ਸਕਦੀ ਹੈ। ਭਾਈ ਮਿਹਰਬਾਨ ਕਿਉਂਕਿ ਮੀਨਿਆਂ ਵਿਚੋਂ ਸੀ, ਉਸਨੇ ਗੁਰੂ ਨਾਨਕ ਜੀ ਦਾ ਜਨਮ-ਦਿਹਾੜਾ ਆਪਣੇ ਪਿਤਾ ਪ੍ਰਿਥੀ ਚੰਦ ਵਾਲਾ ਲਿਖ ਦਿੱਤਾ ਤਾਂ ਕਿ ਆਉਣ ਵਾਲੀਆਂ ਪੀੜੀਆਂ ਗੁਰੂ ਨਾਨਕ ਦੇਵ ਜੀ ਦੇ ਭੁਲੇਖੇ ਉਸਦੇ ਪਿਤਾ ਦਾ ਜਨਮ-ਦਿਹਾੜਾ ਮਨਾਉਂਦੀਆਂ ਰਹਿਣ। ਨਾਰਾ ਜੀ ਦੀ ਇਹ ਦਲੀਲ ਤਰਕ-ਸੰਗਤ ਨਹੀਂ, ਸਗੋਂ ਇੱਕ ਅੰਦਾਜ਼ਾ ਜਿਹਾ ਲੱਗਦਾ ਹੈ।

ਹੁਣ ਤੱਕ ਦੇ ਵਿਚਾਰ ਵਟਾਂਦਰੇ ਤੋਂ ਜ਼ਾਹਰ ਹੈ ਕਿ ਕੁਝ ਇਤਿਹਾਸਕਾਰ ਵਿਸਾਖ ਸੁਦੀ ਤਿੰਨ ਦੇ ਹੱਕ ਵਿਚ ਦਲੀਲਾਂ ਦੇਂਦੇ ਹਨ, ਜਦੋਂਕਿ ਕੁਝ ਕੱਤਕ-ਪੂਰਨਮਾਸ਼ੀ ਦੇ ਹੱਕ ਵਿਚ। ਸਭ ਤੋਂ ਨੇੜਲੇ ਅਤੇ ਵਿਸ਼ਵਾਸਯੋਗ ਸ੍ਰੋਤ ਭਾਈ ਗੁਰਦਾਸ ਜੀ ਦੀਆਂ ਲਿਖਤਾਂ ਤੋਂ ਵੀ ਇਹੀ ਜ਼ਾਹਰ ਹੈ। ਜਨਮ-ਸਾਖੀ ਦੇ ਲੇਖਕਾਂ ਬਾਰੇ ਸਾਨੂੰ ਕੁਝ ਨਹੀਂ ਪਤਾ, ਪਰ ਇਹ ਨਿਸ਼ਚਿਤ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਹ ਗੁਰੂ-ਘਰ ਦੇ ਨਜ਼ਦੀਕੀ ਸਨ ਅਤੇ ਉਨ੍ਹਾਂ ਇਹ ਜਨਮ-ਸਾਖੀਆਂ ਸ਼ਰਧਾਵਾਨ ਸਿੱਖਾਂ ਵਾਂਗ ਲਿਖੀਆਂ ਨਾਂ ਕਿ ਇਤਿਹਾਸਕਾਰਾਂ ਵਾਂਗ। ਉਨ੍ਹਾਂ ਨੂੰ ਜੋ ਕੁਝ ਸ਼ਰਧਾਲੂਆਂ ਤੋਂ ਜ਼ਬਾਨੀ-ਕਲਾਮੀ ਪ੍ਰਾਪਤ ਹੋਇਆ, ਉਨ੍ਹਾਂ ਕਾਨੀ-ਬੰਦ ਕਰ ਦਿੱਤਾ। ਕੁਝ ਸ਼ਰਧਾਲੂਆਂ ਨੇ ਸਾਖੀਕਾਰਾਂ ਨੂੰ ਗੁਰੂ ਜੀ ਦਾ ਪ੍ਰਕਾਸ਼-ਪੁਰਬ ਵਿਸਾਖੀ ਦਾ ਦੱਸਿਆ ਅਤੇ ਕੁਝ ਨੇ ਕੱਤਕ ਪੂਰਨਮਾਸ਼ੀ, ਕਿਉਂਕਿ ਗੁਰੂ ਜੀ ਦੇ ਜੀਵਨ ਸੰਬੰਧੀ ਉਨ੍ਹਾਂ ਇਹੀ ਦੋ ਦਿਹਾੜੇ ਸੁਣੇ ਸਨ। ਨਨਕਾਣਾ ਸਾਹਿਬ ਵੱਲ ਵਿਸਾਖ ਸੁਦੀ ਤਿੰਨ (ਵਿਸਾਖੀ ਦਾ ਨੇੜ ਹੋਣ ਕਰਕੇ ਵਿਸਾਖੀ ਹੀ ਕਹਿ ਲਿਆ ਜਾਂਦਾ ਸੀ) ਮਸ਼ਹੂਰ ਸੀ ਅਤੇ ਸੁਲਤਾਨਪੁਰ ਸਾਈਡ ਵੱਲ ਕੱਤਕ-ਪੂਰਨਮਾਸ਼ੀ।

ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਦਾ ਮੰਨਣਾ ਹੈ ਕਿ ਸ਼ਿੰਗਾਰ-ਰਸ ਨਾਲ ਭਰਪੂਰ ਭਾਈ ਗੁਰਦਾਸ ਜੀ ਦਾ ਕਬਿੱਤ 345 ਗੁਰੂ ਜੀ ਦਾ ਪਰਮੇਸ਼ਰ ਨਾਲ ਮਹਾਂ-ਮਿਲਨ ਦਾ ਮਾਹੌਲ ਸਿਰਜਦਾ ਹੈ। ਇਹ ਉਸ ਮੌਕੇ ਦੇ ਸੰਬੰਧ ਵਿਚ ਹੈ, ਜਦੋਂ ਪਵਿੱਤਰ ਕਾਲੀ ਵੇਈਂ ਦੇ ਪਾਣੀਆਂ ਵਿਚ ਇਸ਼ਨਾਨ ਕਰਨ ਉਪਰੰਤ ਗੁਰੁ ਨਾਨਕ ਦੇਵ ਜੀ ਨੂੰ ਪ੍ਰਭੂ-ਪ੍ਰਾਪਤੀ ਦਾ ਅਹਿਸਾਸ ਹੋਇਆ। ਉਨ੍ਹਾਂ ਦੀ ਦਲੀਲ ਹੈ ਕਿ ਭਾਈ ਗੁਰਦਾਸ ਜੀ ਜਨਮ-ਦਿਨ ਬਾਰੇ ਇਹ ਨਹੀ ਸਨ ਕਹਿ ਸਕਦੇ ਕਿ 'ਆਜ ਤੇਰੀ ਬਾਰੀ ਹੈ' ਹਾਲਾਂਕਿ ਇਹ ਗੱਲ ਮੌਤ-ਦਿਹਾੜੇ ਬਾਰੇ ਤਾਂ ਕਹੀ ਜਾ ਸਕਦੀ ਹੈ। ਹਰੀ ਰਾਮ ਗੁਪਤਾ ਅਨੁਸਾਰ ਪਰਮਾਤਮਾ-ਪ੍ਰਾਪਤੀ ਦਾ ਇਹ ਦਿਹਾੜਾ ਕੱਤਕ-ਪੂਰਨਮਾਸ਼ੀ ਦਾ ਦਿਹਾੜਾ ਸੀ। (ਹਿਸਟਰੀ ਆਫ ਦਿ ਸਿੱਖਜ਼, ਪੰਨਾ 54)

ਡਾ: ਕਿਰਪਾਲ ਸਿੰਘ ਵੀ ਇਹ ਮੰਨਦੇ ਹਨ ਕਿ ਇਹ ਕਬਿੱਤ ਪ੍ਰਭੂ-ਮਿਲਾਪ ਸੰਬੰਧੀ ਹੈ। (ਸ਼੍ਰੀ ਗੁਰ ਨਾਨਾਕ ਪ੍ਰਕਾਸ਼ ਪੂਰਬਾਰਧ (ਭਾਗ ਪਹਿਲਾ), ਸਫਾ 27)

ਡਾ: ਐਸ.ਰਾਮ ਕ੍ਰਿਸ਼ਨ ਜੋਧਪੁਰ, ਕਾਨਪੁਰੋਂ ਪ੍ਰਕਾਸ਼ਤ ਹੋਈ 'ਸੈਂਟੇਨਰੀ ਵੋਲਿਊਮ ਮਹਾਰਾਜਾ ਰਣਜੀਤ ਸਿੰਘ' ਦੇ ਪੰਨਾ 85 'ਤੇ ਲਿਖਦੇ ਹਨ, 'ਸਾਨੂੰ ਇਹ ਪਤਾ ਨਹੀਂ ਕਿ ਸਿੱਖਾਂ ਨੇ ਕੱਤਕ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੀ ਪੂਰਨਮਾਸ਼ੀ ਕਿਵੇਂ ਮੰਨ ਲਿਆ। ਮੈਕਾਲਿਫ ਕਹਿੰਦਾ ਹੈ ਕਿ ਸਿੱਖ ਕੱਤਕ ਨੂੰ ਆਪਣੀ ਸੁਵਿਧਾ ਸੁਖਾਲੀ ਲਈ ਮਨਾ ਲੈਂਦੇ ਹਨ।

ਚੰਗੀ ਤਰ੍ਹਾਂ ਸਾਰੀਆਂ ਲਿਖਤਾਂ ਵਾਚਣ ਉਪਰੰਤ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਕੱਤਕ ਪੂਰਨਮਾਸ਼ੀ ਗੁਰੂ ਸਾਹਿਬ ਦਾ ਆਤਮਕ ਜਨਮ ਦਿਨ ਸੀ, ਜਿਸ ਦਿਨ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋਇਆ। ਇਹੋ ਕਾਰਨ ਹੈ ਕਿ ਜਨਮ ਦਿਨ ਉਸ ਤਰੀਖ ਨੂੰ ਹੀ ਮਨਾਇਆ ਜਾਂਦਾ ਹੈ। (ਰਣਜੀਤ ਸਿੰਘ ਖੜਗ: 'ਸਿੱਖ ਇਤਿਹਾਸ ਦੇ ਕੁਝ ਅਣਫਰੋਲੇ ਪੱਤਰੇ' ਸਫਾ 4) ਸੁਰਿੰਦਰ ਕੁਮਾਰ ਦਵੇਸ਼ਵਰ ਅਤੇ ਲਖਵੀਰ ਲੈਜ਼ੀਆ ('ਸ਼੍ਰੀ ਗੁਰੂ ਨਾਨਕ ਦੇਵ ਜੀ: ਜੀਵਨ ਅਤੇ ਦਰਸ਼ਨ') ਵੀ ਜਨਮ-ਦਿਹਾੜੇ ਦੇ ਵਿਵਾਦ ਬਾਰੇ ਇਹੀ ਕਹਿੰਦੇ ਹਨ ਕਿ ਕੱਤਕ ਮਹੀਨੇ ਵਿਚ ਗੁਰੂ ਜੀ ਨੂੰ ਗਿਆਨ-ਪ੍ਰਾਪਤੀ ਹੋਈ।

ਸਾਨੂੰ ਇਹ ਮੰਨਣਾ ਪਵੇਗਾ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਸਭ ਤੋਂ ਅਹਿਮ ਘਟਨਾ ਸੁਲਤਾਨਪੁਰ ਲੋਧੀ ਵਿਖੇ ਪਵਿੱਤਰ ਕਾਲੀ ਵੇਈਂ ਦੇ ਪਾਣੀਆਂ ਕੰਢੇ ਹੋਈ ਜਿਸ ਨੇ ਉਨ੍ਹਾਂ ਦੀ ਜ਼ਿੰਦਗੀ ਵਿਚ ਇਕਦਮ ਵੱਡਾ ਮੋੜ ਲੈ ਆਂਦਾ ਅਤੇ ਉਹ ਆਪਣੇ ਅਨੁਭਵਾਂ ਅਤੇ ਅਹਿਸਾਸਾਂ ਦਾ ਪ੍ਰਚਾਰ/ਪ੍ਰਸਾਰ ਕਰਨ ਲਈ ਉਦਾਸੀਆਂ 'ਤੇ ਚੱਲ ਪਏ। ਜਨਮ-ਸਾਖੀਆਂ ਦਾ ਬੜਾ ਘੋਖ-ਘੋਖ ਕੇ ਵਿਸ਼ਲੇਸ਼ਣ ਕਰਨ ਵਾਲਾ, ਇਤਿਹਾਸ ਦੀ ਹਰ ਗੱਲ ਦਾ ਡਾਕੂਮੈਂਟਰੀ ਸਬੂਤ ਚਾਹੁਣ ਵਾਲਾ, ਮੌਖਿਕ-ਪਰੰਪਰਾਵਾਂ ਪ੍ਰਤੀ ਸ਼ੰਕਾਵਾਦੀ ਨਜ਼ਰੀਆ ਰੱਖਣ ਵਾਲਾ ਅਤੇ ਬਹੁ-ਗਿਣਤੀ ਸਾਖੀਆਂ ਨੂੰ 'ਨਾਂ-ਵਿਸ਼ਵਾਸ਼ਯੋਗ' ਮੰਨਣ ਵਾਲਾ ਡਬਲਿਯੂ.ਐਚ. ਮਕਲੋਡ ਵੀ ਮੰਨਦਾ ਹੈ ਕਿ ਘਟਨਾ ਦਾ ਵੇਰਵਾ ਕੁਝ ਵੀ ਹੋਵੇ, ਪਰ ਸੁਲਤਾਨਪੁਰ ਲੋਧੀ ਵਿਖੇ ਕਿਸੇ ਇੱਕ ਵਿਸ਼ੇਸ਼ ਦਿਨ ਕੁਝ ਅਸਚਰਜ ਜ਼ਰੂਰ ਵਾਪਰਿਆ:


'It would be entirely reasonable to regard the Janamsakhi accounts as the descendants of an authentic tradition concerning a personally decisive and perhaps ecstatic experience, a climactic culmination of years of searching, issuing in illumination, and in the conviction that he had been called to proclaim divine truth in the world.' (Sikhs and Sikhism P.107)


ਜਿਹੜੇ ਲੇਖਕ ਇਹ ਮੰਨਦੇ ਹਨ ਕਿ ਪ੍ਰਭੂ-ਮਿਲਨ ਜਾਂ ਗਿਆਨਵੰਤ/ਚਾਨਣਵੰਤ ਦਿਹਾੜਾ ਕੱਤਕ ਪੂਰਨਮਾਸ਼ੀ ਨੂੰ ਵਾਪਰਿਆ, ਉਹ ਇਸ ਬਾਰੇ ਸਾਨੂੰ ਕੋਈ ਸਬੂਤ ਨਹੀਂ ਦੇਂਦੇ ਕਿ ਇਹ ਦਿਹਾੜਾ ਕੱਤਕ ਪੂਰਨਮਾਸ਼ੀ ਦਾ ਸੀ। ਅਫਸੋਸ ਕਿ ਸਾਡੇ ਇਤਿਹਾਸਕਾਰਾਂ ਨੇ ਇਸ ਦਿਹਾੜੇ ਨੂੰ ਖੋਜਣ ਦੀ ਕੋਈ ਵਿਸ਼ੇਸ਼ ਖੇਚਲ ਵੀ ਨਹੀਂ ਕੀਤੀ, ਹਾਲਾਂ ਕਿ ਥੋੜਾ ਜਿਹਾ ਖੰਗਾਲਣ ਨਾਲ ਹੀ ਜਨਮ-ਸਾਖੀਆਂ ਵਿਚੋਂ ਉਸ ਵਿਸ਼ੇਸ਼ ਦਿਹਾੜੇ ਦਾ ਪਤਾ ਲੱਗ ਜਾਂਦਾ ਹੈ।

ਮਿਹਰਬਾਨ ਵਾਲੀ ਜਨਮ-ਸਾਖੀ ਅਨੁਸਾਰ ਇਹ ਦਿਹਾੜਾ ਭਾਦਰੋਂ ਦੀ ਪੂਰਨਮਾਸ਼ੀ ਦਾ ਸੀ ਅਤੇ ਉਸ ਸਮੇਂ ਗੁਰੂ ਜੀ ਦੀ ਉਮਰ ਸਾਢੇ ਛੱਤੀ ਸਾਲ ਹੋ ਚੁੱਕੀ ਸੀ। ਗੌਰਤਲਬ ਹੈ ਕਿ ਜੇ ਗੁਰੂ ਜੀ ਦਾ ਜਨਮ ਦਿਹਾੜਾ ਇਸ ਸਾਖੀ ਅਨੁਸਾਰ ਵਿਸਾਖ ਦਾ ਸੀ ਤਾਂ ਸਾਢੇ ਛੱਤੀ ਸਾਲ ਭਾਦਰੋਂ ਵਿਚ ਨਹੀਂ, ਸਗੋਂ ਕੱਤਕ ਵਿਚ ਬਣਦੇ ਹਨ। ਭਾਈ ਸਾਹਿਬ ਸਿੰਘ ਵੀ 'ਜੀਵਨ ਬਿਰਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ' ਵਿਚ ਬਿਨਾਂ ਇਸ ਦੀ ਪੜਤਾਲ ਕੀਤੇ ਇਹ ਵਾਕਿਆ ਭਾਦਰੋਂ ਦਾ ਲਿਖ ਦੇਂਦੇ ਹਨ ਅਤੇ ਉਮਰ ਸਾਢੇ ਅਠੱਤੀ ਸਾਲ ਦੱਸਦੇ ਹਨ। ਉਮਰ ਸਾਢੇ ਛੱਤੀ ਹੋਵੇ ਜਾਂ ਸਾਢੇ ਅਠੱਤੀ, ਵਿਸਾਖ ਤੋਂ ਛੇ ਮਹੀਨੇ ਤਾਂ ਕੱਤਕ ਵਿਚ ਹੀ ਬਨਣਗੇ ਨਾਂ ਕਿ ਭਾਦਰੋਂ ਵਿਚ।

ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਵੇਈਂ ਵਾਲਾ ਵਾਕਿਆ ਵਾਪਰਣ ਸਮੇਂ ਗੁਰੂ ਜੀ ਦੀ ਉਮਰ 37 ਸਾਲ ਸੀ। ਭਾਈ ਬਾਲੇ ਅਨੁਸਾਰ ਗੁਰੂ ਜੀ ਦਾ ਜਨਮ-ਦਿਹਾੜਾ ਕੱਤਕ ਪੂਰਨਮਾਸ਼ੀ ਸੀ, ਇਸ ਲਈ ਪੂਰੇ 37 ਸਾਲ ਦੀ ਉਮਰ ਕੱਤਕ ਪੂਰਨਮਾਸ਼ੀ ਨੂੰ ਹੀ ਬਣਨੀ ਸੀ।

ਸਪਸ਼ਟ ਹੈ ਕਿ ਅਸਲੀਅਤ ਵਿਚ 'ਕੱਤਕ ਕਿ ਵਿਸਾਖ?' ਜਾਂ 'ਵਸਾਖ ਕਿ ਕੱਤਕ?' ਦਾ ਵਿਵਾਦ ਨਿਰਮੂ.ਲ ਹੈ। ਦੋਵੇਂ ਹੀ ਦਿਹਾੜੇ ਗੁਰੂ ਜੀ ਦੇ ਜੀਵਨ-ਇਤਿਹਾਸ ਵਿਚ ਬਹੁਤ ਮਹੱਤਵਪੂਰਨ ਹਨ। ਵਿਸਾਖ ਸੁਦੀ ਤਿੰਨ ਵੀ ਅਤੇ ਕੱਤਕ ਪੂਰਨਮਾਸ਼ੀ ਵੀ। ਵਿਸਾਖ ਸੁਦੀ ਤਿੰਨ ਉਨ੍ਹਾਂ ਦਾ ਜਨਮ-ਦਿਹਾੜਾ ਹੈ ਅਤੇ ਕੱਤਕ ਪੂਰਨਮਾਸ਼ੀ ਨੂੰ ਉਨ੍ਹਾਂ ਦਾ ਪ੍ਰਭ-ਮਿਲਨ ਦਿਹਾੜਾ ਜਾਂ 'ਗੁਰਪਰਮੇਸਰ' ਪ੍ਰਾਪਤੀ ਦਾ ਦਿਹਾੜਾ ਹੈ ਜਾਂ ਪਵਿੱਤਰ-ਵੇਈਂ ਦੇ ਪਾਣੀਆਂ 'ਚੋਂ ਪੁਨਰ-ਜਨਮ ਦਾ ਦਿਹਾੜਾ ਕਿਹਾ ਜਾ ਸਕਦਾ ਹੈ।




## ਵੱਡੇ ਦਰੱਖਤ ਵਾਲਾ ਸ਼ਹਿਰ

ਸਤਿਕਾਰ ਬੜਾ ਕਰਦਾ,
ਸੀ ਮੈਂ ਤੇਰੇ ਸ਼ਹਿਰ ਦਾ
ਪਰ ਯਾਦ ਆਲਮ ਹੈ,
ਸਿਤਮ ਢਾਏ ਕਹਿਰ ਦਾ
ਮਨੁੱਖਤਾ ਡੰਗੀ ਗਈ,
ਬਣ ਕੇ ਨਾਗ ਜ਼ਹਿਰ ਦਾ
ਦਰਿੰਦਗੀ ਚੁਫ਼ੇਰੇ ਸੀ,
ਅੱਤ ਜ਼ੁਲਮ ਕਹਿਰ ਦਾ।

ਹਿਸਾਬ ਮੇਰੇ ਪਾਸ ਹੈ,
ਹਰ ਪਲ ਹਰ ਪਹਿਰ ਦਾ।
ਦਿੱਲੀ ਵਿਚ ਜੋ ਵਗਿਆ,
ਕੀ ਖ਼ੂਨ ਸੀ ਗੈਰ ਦਾ?
ਹੈਵਾਨੀਅਤ ਨੱਚੀ ਨੰਗੀ,
ਕੀ ਮੁੱਦਾ ਸੀ ਵੈਰ ਦਾ?
ਨਿਆਂ ਅੰਨ੍ਹਾ ਗੂੰਗਾ ਬੋਲਾ,
ਕਿਉਂ ਸੀ ਸ਼ਹਿਰ ਦਾ?

ਚੁਰਾਸੀ ਤੋਂ ਅਠਾਰ੍ਹਾਂ ਤੱਕ,
ਦੱਸੋ ਇਨਸਾਫ਼ ਹੈ ਕਿੱਥੇ?
ਸਰਕਾਰਾਂ ਚੁੱਪ ਬੈਠੀਆਂ,
ਰਾਜ ਧਰਮ ਗਿਆ ਕਿੱਥੇ?
ਹਜ਼ਾਰਾਂ ਬੇਦੋਸ਼ੇ ਮਾਰੇ ਗਏ,
ਸਾਰੇ ਦੋਸ਼ੀ ਗਏ ਕਿੱਥੇ?
ਨਾਜ਼ੀ ਬਣ ਹਾਕਮ ਗਏ,
ਸਿੱਖ ਯਹੂਦੀ ਜਾਣ ਕਿੱਥੇ?

ਅਫਸੋਸ ਕਾਤਲ ਆਪਣੇ,
ਮਕਤੂਲ ਭੀ ਖੁਦ ਆਪੇ ਹਾਂ।
ਇਨਸਾਫ਼ ਭਾਲੀਏ ਕਿੱਥੋਂ,
ਤੇ ਫਸੇ ਵਿਚ ਸਿਆਪੇ ਹਾਂ।
ਟਾਹਰਾਂ ਨੇਤਾ ਮਾਰਦੇ ਜੋ,
ਹੈ ਇਨ੍ਹਾਂ ਦੀ ਮਿਲੀ ਭੁਗਤ।
ਰੋਟੀਆਂ ਸੇਕੀ ਜਾਵਣ,
ਹਰ ਵਾਰ ਬਣਾ ਨਵੀਂ ਜੁਗਤ।

ਚਾਹੇ ਪੰਜਾਬ ਜਾਂ ਹੈ ਦਿੱਲੀ,
ਜਨਤਾ ਦਾ ਮੱਕੂ ਠੱਪਦੇ।
ਹੱਕਾਂ ਦੀ ਗੱਲ ਜੋ ਕਰੇ,
ਫੜ ਕੇ ਸੰਘੀ ਉਹਦੀ ਨੱਪਦੇ।
ਅੰਨ੍ਹੀ ਚੱਕੀ ਪੀਹ ਰਹੀ,
ਬੱਸ ਕੁੱਤੇ ਚੱਟੀ ਜਾ ਰਹੇ ਨੇ।
ਲੋਕਾਂ ਨੂੰ ਉਲਝਾ ਰੱਖਦੇ,
ਪਰ ਆਪ ਖੱਟੀ ਜਾ ਰਹੇ ਨੇ।

*-ਸੇਵਾ ਸਿੰਘ 'ਨੂਰਪੁਰੀ'*

## ਪੁਰਖਿਆਂ ਦੇ ਦੇਸ਼ (4)

# ਨਨਕਾਣਾ ਸਾਹਿਬ ਵਿਖੇ ਚੰਨ ਦੇ ਦੀਦਾਰੇ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅਗਲੇ ਦਿਨ ਘਰੋਂ ਨਿਕਲੇ ਤਾਂ ਸੜਕ 'ਤੇ ਜਾਂਦਿਆਂ ਸਾਡੇ ਕੋਲ ਆ ਕੇ, ਮੋਟਰ-ਸਾਈਕਲ ਨੂੰ ਰੋਕ ਕੇ ਦੋ ਨੌਜਵਾਨਾਂ ਨੇ ਕਿਹਾ ਕਿ ਸਰਦਾਰ ਜੀ ਕਿਵੇਂ ਹੋ? ਸਾਡੇ ਵਤਨ ਆਓ ਹੋ, ਆਓ ਤੁਹਾਡੀ ਸੇਵਾ ਕਰੀਏ। ਸਾਧਾਰਨ ਵਿਅਕਤੀਆਂ ਦਾ ਇਹ ਮੋਹ ਭਿੱਜਾ ਵਰਤਾਅ ਦੇਖ ਕੇ ਮਨ ਬਾਗੋ-ਬਾਗ ਹੋ ਗਿਆ। ਉਨ੍ਹਾਂ ਦਾ ਸ਼ੁਕਰੀਆ ਕਰਦਿਆਂ, ਉਨ੍ਹਾਂ ਦੀ ਮੁਹੱਬਤ ਲਈ ਬਹੁਤ ਸਾਰੀਆਂ ਦੁਆਵਾਂ ਦਿੱਤੀਆਂ। ਸੁਹੇਲ ਹੁਰਾਂ ਦਾ ਕਹਿਣਾ ਸੀ ਕਿ ਅੱਜ ਲਾਹੌਰ ਵਿਖੇ ਗੁਰਦੁਆਰਾ ਡੇਹਰਾ ਸਾਹਿਬ ਦੇਖਦੇ ਹਾਂ। ਡਾਂ. ਨਬੀਲਾ ਰਹਿਮਾਨ ਨੂੰ ਮਿਲਾਂਗੇ ਤੇ ਫਿਰ ਬਾਅਦ ਦੁਪਹਿਰ ਆਪਾਂ ਨਾਨਕਾਣਾ ਸਾਹਿਬ ਜਾਂਵਾਂਗੇ ਕਿਉਂਕਿ ਨਨਕਾਣਾ ਸਾਹਿਬ ਸਿਰਫ਼ ਲਾਹੌਰ ਤੋਂ ਡੇਢ ਕੁ ਘੰਟੇ ਦੀ ਵਾਟ ਹੈ।

ਲਾਹੌਰ ਵਿਚ ਮੀਨਾਰ-ਏ-ਪਾਕਿਸਤਾਨ, ਸ਼ਾਹੀ ਮਸਜਦ ਅਤੇ ਗੁਰਦੁਆਰਾ ਡੇਹਰਾ ਸਾਹਿਬ ਇਕ ਹੀ ਕੰਪਲੈਕਸ ਵਿਚ ਸਥਿਤ ਹਨ ਜਿਸਦੇ ਚੌਗਿਰਦੇ ਨੂੰ ਫੁੱਲ-ਬੂਟਿਆਂ ਨੇ ਕੁਦਰਤੀ ਦਿੱਖ ਨਾਲ ਸੁੰਦਰਤਾ ਪ੍ਰਦਾਨ ਕੀਤੀ ਹੋਈ ਹੈ। 230 ਫੁੱਟ ਉਚੀ 'ਮੀਨਾਰ-ਏ-ਪਾਕਿਸਤਾਨ' 1960-68 ਦੇ ਦਰਮਿਆਨ ਉਸਾਰੀ ਗਈ ਸੀ। ਇਹ ਆਲ ਇੰਡੀਆ ਮੁਸਲਿਮ ਲੀਗ ਵਲੋਂ 23 ਮਾਰਚ 1940 ਨੂੰ ਲਾਹੌਰ ਵਿਖੇ ਪਾਕਿਸਤਾਨ ਬਣਾਉਣ ਵਾਲੇ ਪਾਸ ਕੀਤੇ ਗਏ ਮਤੇ ਦੀ ਜਗ੍ਹਾ 'ਤੇ ਬਣਾਈ ਗਈ ਹੈ ਜੋ ਲਾਹੌਰ ਦੀ ਰਿੰਗ ਰੋਡ ਤੋਂ ਵੀ ਦਿਖਾਈ ਦਿੰਦਾ ਹੈ।

ਗੁਰਦੁਆਰਾ ਡੇਹਰਾ ਸਾਹਿਬ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਤੱਤੀ ਤਵੀ 'ਤੇ ਬਿਠਾ ਕੇ ਤਸੀਹੇ ਦੇਣ ਅਤੇ ਦੇਗ ਵਿਚ ਉਬਾਲਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਰਾਵੀ ਵਿਚ ਇਸ਼ਨਾਨ ਕਰਨ ਗਏ ਅਤੇ 43 ਸਾਲ ਦੀ ਉਮਰ ਵਿਚ 30 ਮਈ 1606 ਨੂੰ ਗੁਰੂ ਚਰਨਾਂ ਵਿਚ ਜਾ ਕੇ ਸ਼ਹਾਦਤ ਪ੍ਰਾਪਤ ਕਰ ਗਏ। ਮਨ ਵਿਚ ਵਾਰ ਵਾਰ ਆਉਂਦਾ ਸੀ ਕਿ 'ਤੇਰਾ ਕੀਆ ਮੀਠਾ ਲਾਗੈ' ਜਪਦੇ ਹੋਏ ਗੁਰੂ ਜੀ ਨੇ ਤਸੀਹਿਆਂ ਨੂੰ ਹੱਸ ਕੇ ਜਰਦਿਆਂ ਕਿਵੇਂ ਜਹਾਂਗੀਰ ਦੀਆਂ ਗੁਰੂ ਜੀ ਨੂੰ ਡੁਲਾਉਣ ਦੀਆਂ ਚਾਲਾਂ ਨੂੰ ਨਾਕਾਮ ਕੀਤਾ। ਦੀਦਿਆਂ ਸਾਹਵੇਂ ਉਹ ਦ੍ਰਿਸ਼ ਵੀ ਆ ਗਿਆ ਜਦੋਂ ਰੋਹ ਨਾਲ ਭਰੇ-ਭਰੀਤੇ ਸਾਈਂ ਮੀਰ ਜੀ ਗੁਰੂ ਜੀ ਕੋਲ ਆਏ ਹੋਣਗੇ। ਆਪਣੇ ਪਿਆਰੇ ਮਿੱਤਰ ਦੀ ਪੀੜ ਵਿਚ ਪਸੀਜੇ ਹੋਣਗੇ। ਪਰ ਗੁਰੂ ਜੀ ਚੜ੍ਹਦੀ ਕਲਾ ਦੇਖ ਕੇ ਅੰਦਰੋਂ-ਅੰਦਰੀ ਖੁਸ਼ ਵੀ ਹੋਏ ਹੋਣਗੇ ਕਿਉਂਕਿ ਪਹੁੰਚੇ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਅਜੇਹੀ ਸ਼ਹਾਦਤ ਨੇ ਭਵਿੱਖ ਨੂੰ ਕਿਵੇਂ ਨਿਰਧਾਰਤ ਕਰਨਾ ਹੈ? ਇਸ ਵਿਚੋਂ ਕਿਸ ਸੋਚ ਨੇ ਪੈਦਾ ਹੋ ਕੇ ਨਵੀਂ ਪੀੜ੍ਹੀ ਨੂੰ ਜ਼ੁਲਮ ਅਤੇ ਤਸ਼ੱਦਦ ਦਾ ਮੁਕਾਬਲਾ ਕਰਨ ਲਈ ਮੁੱਢ ਬੰਨ੍ਹਣਾ ਹੈ? ਇਸ ਸ਼ਹਾਦਤ ਨੇ ਹੀ ਆਉਣ ਵਾਲੇ ਸਮੇਂ ਵਿਚ ਚਾਰ ਪੀੜ੍ਹੀਆਂ ਤੀਕ ਚੱਲੀ ਸ਼ਹਾਦਤ ਦੀ ਪਿਰਤ ਨੂੰ ਸ਼ੁਰੂ ਕਰਨਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਪੋਤਰੇ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਖੇ 24 ਨਵੰਬਰ 1675 ਨੂੰ 54 ਸਾਲ ਦੀ ਉਮਰ ਵਿਚ ਸ਼ਹਾਦਤ ਪ੍ਰਾਪਤ ਕੀਤੀ, ਪੜਪੋਤਰੇ ਗੁਰੂ ਗੋਬਿੰਦ ਸਿੰਘ ਜੀ 7 ਅਕਤੂਬਰ 1708 ਨੂੰ ਗੁਰਚਰਨਾਂ ਵਿਚ ਜਾ ਬਿਰਾਜੇ। ਪਰ ਪੜਪੋਤਰੇ ਦੀ ਸ਼ਹਾਦਤ ਤੋਂ ਪਹਿਲਾਂ ਹੀ ਪੜ-ਪੋਤਰੇ ਦੇ ਚਾਰ ਪੁੱਤਰ, ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਵਿਖੇ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦ ਹੋਏ। ਦਰਅਸਲ ਇਕ ਸ਼ਹਾਦਤ ਵਿਚੋਂ ਹੀ ਬਹੁਤ ਸਾਰੀਆਂ ਸ਼ਹਾਦਤਾਂ ਜਨਮ ਲੈਂਦੀਆਂ ਨੇ। ਗੁਰੂ ਜੀ ਦੀ ਸ਼ਹਾਦਤ ਨੂੰ ਕੋਟਿ ਕੋਟਿ ਨਮਨ ਕਰਦਿਆਂ, ਜਦ ਨਵੇਂ ਉਸਰ ਰਹੇ ਹਾਲ ਕੋਲ ਪਹੁੰਚੇ ਤਾਂ ਸਾਡੀ ਅਗਵਾਈ ਕਰ ਰਹੇ ਮੁਸਲਮਾਨ ਨੌਜਵਾਨ ਜਿਸਨੂੰ ਸਿੱਖ ਇਤਿਹਾਸ ਬਾਰੇ ਬਾਰੀਕੀ ਨਾਲ ਸਾਰੀ ਜਾਣਕਾਰੀ ਸੀ, ਦੱਸਣ ਲੱਗਾ ਕਿ ਜਦ ਇਸ ਹਾਲ ਦੀ ਉਸਾਰੀ ਹੋਣੀ ਸੀ ਤਾਂ ਅਸੀਂ ਇਹ ਯਕੀਨੀ ਬਣਾਇਆ ਕਿ ਕੇਂਦਰ ਵਿਚ ਬਣੇ ਗੁਰੂ ਜੀ ਦੇ ਸ਼ਹੀਦੀ ਅਸਥਾਨ ਨੂੰ ਪੁਰਾਤਨ ਰੂਪ ਵਿਚ ਰੱਖਣਾ ਹੈ। ਇਸਨੂੰ ਪਹਿਲੇ ਸਰੂਪ ਵਿਚ ਰੱਖਦਿਆਂ ਹੀ ਇਸਦੇ ਚਾਰ-ਚੁਫੇਰੇ ਹਾਲ ਦੀ ਉਸਾਰੀ ਕਰਵਾਈ ਜਾ ਰਹੀ ਹੈ। ਸੋਚਣ ਲੱਗਾ ਕਿ ਜੇ ਪੰਜਾਬ ਹੁੰਦਾ ਤਾਂ ਕਾਰ-ਸੇਵਾ ਵਾਲੇ ਬਾਬਿਆਂ ਨੇ ਸਭ ਤੋਂ ਪਹਿਲਾਂ ਪੁਰਾਣੇ ਅਸਥਾਨ ਨੂੰ ਤਹਿਸ-ਨਹਿਸ ਕਰ ਦੇਣਾ ਸੀ। ਫਿਰ ਪੱਥਰ ਲਾ ਕੇ ਅਜੇਹੀ ਇਮਾਰਤ ਖੜ੍ਹੀ ਕਰ ਦੇਣੀ ਸੀ ਕਿ ਪਤਾ ਹੀ ਨਹੀਂ ਸੀ ਲੱਗਣਾ ਕਿ ਸ਼ਹਾਦਤ ਦੀ ਜਗ੍ਹਾ ਕਿਹੜੀ ਹੈ? ਫਤਹਿਗੜ੍ਹ ਸਾਹਿਬ ਜਾ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਾਲੀ ਪੁਰਾਣੀ ਕੰਧ ਕਿੰਝ ਲੱਭੋਗੇ? ਅਤੇ ਜ਼ਰਾ ਇਨ੍ਹਾਂ ਬਾਬਿਆਂ ਨੂੰ ਪੁੱਛਿਓ ਕਿ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਕਿੱਥੇ ਹੈ? ਸੰਵੇਦਨਸ਼ੀਲ ਸਿੱਖ ਕਦੇ ਵੀ ਇਨ੍ਹਾਂ ਕਾਰ-ਸੇਵਾ ਵਾਲੇ ਕੁਝ ਕੁ ਬਾਬਿਆਂ ਨੂੰ ਮੁਆਫ਼ ਨਹੀਂ ਕਰਨਗੇ।

ਸਾਡਾ ਅਗਲਾ ਪੜਾਅ ਸੀ ਪ੍ਰੋਫੈਸਰ ਡਾ. ਨਬੀਲਾ ਰਹਿਮਾਨ, ਡਾਇਰੈਕਟਰ, ਇੰਸਟੀਚਿਊਟ



ਆਫ਼ ਪੰਜਾਬੀ ਐਂਡ ਕਲਚਰਲ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਲਾਹੌਰ ਨੂੰ ਮਿਲਣਾ। (ਅੱਜ ਕੱਲ ਡਾ. ਨਬੀਲਾ ਰਹਿਮਾਨ, ਝੰਗ ਯੂਨੀਵਰਸਿਟੀ ਦੀ ਵੀਸੀ ਵਜੋਂ ਸੇਵਾਵਾਂ ਨਿਭਾ ਰਹੀ ਹੈ)। ਪੰਜਾਬੀਆਂ ਵਰਗੀ ਖੁਸ਼ਮਿਜ਼ਾਜ਼ੀ ਅਤੇ ਖੁੱਲ੍ਹਦਿਲੀ ਨਾਲ ਉਸਨੇ ਸਾਡਾ ਸੁਆਗਤ ਕੀਤਾ। ਹੱਥਲੇ ਕੰਮ ਨੂੰ ਪਾਸੇ ਛੱਡ ਕੇ, ਸਾਡੇ ਨਾਲ ਹਸਾਸ ਪਲਾਂ ਨੂੰ ਮਾਨਣ ਲੱਗੀ। ਡਾ. ਨਬੀਲਾ ਰਹਿਮਾਨ ਦਾ ਪੰਜਾਬੀ ਅਦਬ ਵਿਚ ਬਹੁਤ ਵੱਡਾ ਮਾਣਮੱਤਾ ਨਾਮ ਹੈ ਜਿਸਨੇ ਆਪਣੀ ਲਗਨ, ਮਿਹਨਤ ਅਤੇ ਪ੍ਰਤੀਬੱਧਤਾ ਨਾਲ ਪੰਜਾਬੀ ਬੋਲੀ ਨੂੰ ਉਚੇ ਮੁਕਾਮ 'ਤੇ ਪਹੁੰਚਾਇਆ ਹੈ ਅਤੇ ਉਸ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ। ਡਾ. ਨਬੀਲਾ ਦੱਸਣ ਲੱਗੀ ਕਿ ਉਸਨੇ ਇਸ ਮੁਕਾਮ 'ਤੇ ਪਹੁੰਚਣ ਲਈ ਸਖ਼ਤ ਮਿਹਨਤ ਵੀ ਕੀਤੀ ਹੈ ਅਤੇ ਆਪਣੇ ਜਿਗਰ ਦਾ ਲਹੂ ਵੀ ਪਾਇਆ ਹੈ। ਉਸਦੀ ਅੱਖ ਨਮ ਹੋ ਗਈ ਜਦ ਉਸਨੇ ਦੱਸਿਆ ਕਿ ਜਦ ਉਸਦੇ ਘਰ ਬੇਟੇ ਨੇ ਜਨਮ ਲਿਆ ਤਾਂ ਉਸਨੂੰ ਸਿਰਫ਼ ਇਕ ਮਹੀਨੇ ਦੀ ਹੀ ਛੁੱਟੀ ਮਿਲੀ ਸੀ। ਉਸਦਾ ਬੇਟਾ ਬਿਮਾਰ ਹੋ ਗਿਆ। ਛੁੱਟੀ ਨਾ ਮਿਲਣ ਕਰਕੇ ਆਪਣੇ ਬੱਚੇ ਦੀ ਪੂਰੀ ਤਾਮੀਰਦਾਰੀ ਨਾ ਕਰ ਸਕੀ ਅਤੇ ਉਹ ਨਿੱਕੀ ਜਹੀ ਉਮਰੇ ਇਸ ਜਹਾਨ ਤੋਂ ਤੁਰ ਗਿਆ ਅਤੇ ਮੇਰੇ ਪੱਲੇ ਹਿਰਖ਼ ਪਾ ਗਿਆ। ਪਰ ਮੈਨੂੰ ਆਪਣੀਆਂ ਤਿੰਨ ਧੀਆਂ ਦੀਆਂ ਪ੍ਰਾਪਤੀਆਂ 'ਤੇ ਨਾਜ਼ ਹੈ।

ਸਾਡਾ ਵਿਚਾਰ ਸੀ ਕਿ ਚਾਹ ਦਾ ਕੱਪ ਪੀ ਕੇ ਡਾ. ਨਬੀਲਾ ਜੀ ਕੋਲੋਂ ਜਾਣ ਦੀ ਆਗਿਆ ਲੈ ਲਵਾਂਗੇ। ਪਰ ਉਸਨੇ ਪੰਜਾਬੀਆਂ ਵਾਲੀ ਪ੍ਰਾਹੁਣਚਾਰੀ ਦਿਖਾਉਂਦਿਆ ਕਿਹਾ ਕਿ ਹੁਣ ਲੰਚ ਦਾ ਟਾਈਮ ਹੈ। ਆਪਾਂ ਦਫ਼ਤਰ ਵਿਚ ਹੀ ਲੰਚ ਕਰਾਂਗੇ ਅਤੇ ਢੇਰ ਸਾਰੀਆਂ ਗੱਲਾਂ ਕਰਾਂਗੇ। ਉਹ ਬਹੁਤ ਹੀ ਮਿਲਣਸਾਰ, ਨਰਮਦਿਲ, ਦਲੇਰ ਅਤੇ ਆਪਣੇ ਹੱਕਾਂ ਲਈ ਡਟਣ ਵਾਲੀ ਸ਼ਖ਼ਸੀਅਤ ਦੀ ਮਾਲਕ ਹੈ। ਆਪਣੀ ਬੀਤੀ ਜ਼ਿੰਦਗੀ ਦੇ ਕੁਝ ਵਰਕੇ ਫਰੋਲਦਿਆਂ, ਉਸਨੇ ਦੱਸਿਆ ਕਿ ਐਮ.ਏ ਪੰਜਾਬੀ ਵਿਚ ਉਹ ਪਹਿਲੇ ਸਥਾਨ 'ਤੇ ਆ ਰਹੀ ਸੀ। ਪਰ ਫਾਈਨਲ ਨਤੀਜਿਆਂ ਵਿਚ ਉਸਨੂੰ ਦੂਸਰੀ ਪੁਜ਼ੀਸ਼ਨ 'ਤੇ ਤਿਲਕਾ ਦਿੱਤਾ ਗਿਆ। ਮਨ ਵਿਚ ਬੜਾ ਰੋਹ ਤੇ ਰੋਸ ਪੈਦਾ ਹੋਇਆ। ਉਸਨੇ ਇਸ ਬਾਰੇ ਘਰ ਆ ਕੇ ਦੱਸਿਆ ਤਾਂ ਉਸਦਾ ਵੱਡਾ ਭਰਾ ਕਹਿਣ ਲੱਗਾ ਕਿ ਸਾਡੇ ਕੋਲ ਰੋਂਦੂ ਮੂੰਹ ਬਣਾ ਕੇ ਆਉਣ ਦੀ ਕੋਈ ਲੋੜ ਨਹੀਂ। ਆਹ ਫੜ ਇਕ ਲੱਖ ਰੁਪਇਆ। ਆਪਣੇ ਹੱਕ ਲਈ ਲੜ, ਭਾਵੇਂ ਕੋਰਟ-ਕਚਹਿਰੀ ਜਾ। ਉਸ ਸਮੇਂ ਦੇ ਸਭ ਤੋਂ ਮਹਿੰਗੇ ਵਕੀਲ (ਜਿਸਨੇ ਭੁੱਟੋ ਦਾ ਕੇਸ ਲੜਿਆ ਸੀ) ਨੂੰ ਉਹ ਮਿਲੀ ਅਤੇ ਆਪਣੀ ਕਹਾਣੀ ਦੱਸੀ। ਵਕੀਲ ਉਸਦੀ ਕਹਾਣੀ ਸੁਣ ਕੇ ਅਤੇ ਦਲੇਰੀ ਤੋਂ ਇੰਨਾ ਮੁਤਾਸਰ ਹੋਇਆ ਕਿ ਉਸਨੇ ਬਗੈਰ ਫੀਸ ਦੇ ਕੇਸ ਲੜਨ ਦੀ ਹਾਮੀ ਭਰੀ। ਇੰਨਾ ਕਹਿ ਕੇ ਉਸਦਾ ਗਲਾ ਭਰ ਆਇਆ। ਕਹਿਣ ਲੱਗੀ, "ਜਦ ਕੁਝ ਸਮੇਂ ਬਾਅਦ ਮੈਂ ਪ੍ਰੋਫੈਸਰ ਬਣਨ ਲਈ ਇਮਤਿਹਾਨ ਦੇਣ ਗਈ ਤਾਂ ਦੇਖਿਆ ਕਿ ਐਮ ਏ ਵਿਚ ਪਹਿਲੀ ਪੁਜ਼ੀਸ਼ਨ 'ਤੇ ਆਉਣ ਵਾਲੇ ਵਿਦਿਆਥੀ ਨੂੰ ਉਸਦਾ ਬਾਪ ਵ੍ਹੀਲ ਚੇਅਰ 'ਤੇ ਬਿਠਾ ਕੇ ਇਮਤਿਹਾਨ ਹਾਲ ਵਿਚ ਲੈ ਕੇ ਆਇਆ। ਪਤਾ ਲੱਗਾ ਕਿ ਉਸਦੇ ਦਿਮਾਗ ਦੀ ਨਾੜੀ ਵਿਚ ਕੋਈ ਨੁਕਸ ਪੈਣ ਕਾਰਨ ਉਸਦੀਆਂ ਦੋਵੇਂ ਲੱਤਾਂ ਚੱਲਣ ਤੋਂ ਅਸਮਰਥ ਹੋ ਗਈਆਂ ਅਤੇ ਉਹ ਵ੍ਹੀਲ ਚੇਅਰ ਦਾ ਮੁਥਾਜ ਹੋ ਗਿਆ ਸੀ। ਮਨ ਬਹੁਤ ਹੀ ਉਦਾਸ ਹੋਇਆ ਅਤੇ ਮੈਂ ਅਗਲੇ ਦਿਨ ਹੀ ਵਕੀਲ ਨੂੰ ਮਿਲ ਕੇ ਆਪਣਾ ਕੇਸ ਵਾਪਸ ਲੈ ਲਿਆ।"

ਬਹੁਤ ਹੀ ਪਾਕਦਿਲ ਡਾ. ਨਬੀਲਾ ਰਹਿਮਾਨ ਦੱਸਣ ਲੱਗੀ, 'ਮੇਰੀ ਅੰਮੀ ਦੀ ਮੌਤ ਜਵਾਨੀ ਵਿਚ ਹੀ ਹੋ ਗਈ ਸੀ ਜਦ ਅਸੀਂ ਭੈਣ-ਭਰਾ ਛੋਟੇ ਸਾਂ। ਮੇਰੇ ਬਾਪ ਨੇ ਸਾਡੀ ਪਰਵਰਿਸ਼ ਖਾਤਰ ਮੁੜ ਵਿਆਹ ਨਹੀਂ ਸੀ ਕਰਵਾਇਆ। ਮੈਂ ਆਪਣੇ ਅੱਬੂ ਨੂੰ ਬਹੁਤ ਪਿਆਰ ਕਰਦੀ ਹਾਂ ਅਤੇ ਅੱਜ ਕੱਲ੍ਹ ਉਹ ਮੇਰੇ ਕੋਲ ਲਾਹੌਰ ਆਏ ਹੋਏ ਹਨ। 'ਕੇਰਾਂ ਮੈਂ ਪੇਕੇ ਗਈ ਸਾਂ ਤਾਂ ਅੱਬੂ ਨੂੰ ਕਿਹਾ ਕਿ ਅਸੀਂ ਸਾਰੇ ਭੈਣ ਭਰਾ ਹੁਣ ਆਪਣੇ ਆਪਣੇ ਥਾਂ ਸੈੱਟ ਹਾਂ। ਤੁਸੀਂ ਹੁਣ ਦੂਸਰਾ ਨਿਕਾਹ ਕਰਵਾ ਲਓ। ਉਹ ਚੁੱਪ ਰਹੇ ਅਤੇ ਅਗਲੇ ਦਿਨ ਜਦ ਮੈਂ ਆਪਣੀ ਅੰਮੀ ਦੀ ਕਬਰ 'ਤੇ ਅਕੀਦਤ ਭੇਟ ਕਰਨ ਗਈ ਤਾਂ ਮੇਰੇ ਅੱਬਾ ਨੇ ਮੇਰੀ ਅੰਮੀ ਦੀ ਕਬਰ ਵੱਲ ਇਸ਼ਾਰਾ ਕਰ ਕੇ ਕਿਹਾ ਕਿ ਤੈਨੂੰ ਪਤਾ ਹੈ ਕਿ ਤੂੰ ਰਾਤੀਂ ਮੈਨੂੰ ਕੀ ਕਿਹਾ ਸੀ? ਦੱਸ! ਮੈਂ ਇਸ ਕਬਰ ਵਿਚ ਬੈਠੀ ਤੇਰੀ ਅੰਮੀ ਨੂੰ ਕੀ ਜਵਾਬ ਦੇਵਾਂਗਾ ਜੇ ਦੁਬਾਰਾ ਨਿਕਾਹ ਕਰਵਾ ਲਿਆ। ਮੈਂ ਆਪਣੇ ਬਾਪ ਦੇ ਗੱਲ ਲੱਗ ਕੇ ਸਿਸਕਣ ਲੱਗ ਪਈ ਸਾਂ।'

ਡਾ. ਨਬੀਲਾ ਰਹਿਮਾਨ ਹਸਾਸ ਵੀ ਬਹੁਤ ਹੈ। ਪੰਜਾਬੀ ਅਦਬ ਦੀਆਂ ਗੱਲਾਂ ਦੇ ਨਾਲ ਨਾਲ, ਉਸ ਦੀਆਂ ਠਹਾਕੇ ਭਰੀਆਂ ਪੰਜਾਬੀਆਂ ਵਾਲੀਆਂ ਠੇਠ ਗੱਲਾਂ ਅਤੇ ਵਰਤਾਅ ਨੇ ਸਾਨੂੰ ਅਪਣੱਤ ਨਾਲ ਭਰ ਦਿੱਤਾ। ਦੱਸਣ ਲੱਗੀ ਕਿ ਇਕ ਵਾਰ ਮੈਂ ਅੱਬੂ ਕੋਲ ਗਈ ਸਾਂ। ਕੋਈ ਮੰਗਣ ਵਾਲੀ ਘਰ ਆਈ। ਅੱਬੂ ਬਾਹਰ ਦੇਖਣ ਗਏ ਅਤੇ ਜਦ ਵਾਪਸ ਆਏ ਤਾਂ ਮੁਸਕਰਾ ਰਹੇ ਸਨ। ਪੁੱਛਣ 'ਤੇ ਅੱਬੂ ਨੇ ਦੱਸਿਆ ਕਿ ਕੋਈ ਔਰਤ ਮੰਗਣ ਆਈ ਸੀ ਅਤੇ ਕਹਿੰਦੀ ਸੀ ਕਿ ਮੈਂ ਬੇਵਾ ਹਾਂ। ਮੈਂ ਉਸ ਔਰਤ ਨੂੰ ਕਿਹਾ ਕਿ ਮੈਂ ਵੀ ਬੇਵਾ ਹਾਂ। ਇੰਨਾ ਕਹਿ ਕੇ ਡਾ. ਨਬੀਲਾ ਅਤੇ ਅਸੀਂ ਸਾਰੇ ਖੂਬ ਹੱਸੇ।

ਲੰਚ ਕਰਦਿਆਂ ਅਤੇ ਨਿੱਕੀਆਂ ਤੇ ਨਿੱਘੀਆਂ ਗੱਲਾਂ ਵਿਚ ਦੋ ਢਾਈ ਘੰਟੇ ਪਲਾਂ ਵਿਚ ਹੀ ਬੀਤ ਗਏ। ਉਹ ਕਹਿਣ ਲੱਗੀ ਕਿ ਯਕੀਨ ਨਹੀਂ ਆ ਰਿਹਾ ਕਿ ਡਾ. ਭੰਡਾਲ ਮੇਰੇ ਦਫ਼ਤਰ ਵਿਚ ਮੇਰੇ ਕੋਲ ਬੈਠੇ ਹਨ। ਮੇਰਾ ਮਨ ਚਾਹੁੰਦਾ ਹੈ ਕਿ ਤੁਸੀਂ ਨਿਊਕਲੀਅਰ ਫਿਜ਼ਿਕਸ ਬਾਰੇ ਮੁੱਢਲੀ ਜਾਣਕਾਰੀ ਨਾਲ ਭਰਪੂਰ ਕਿਤਾਬ ਲਿਖੋ। ਇਸਨੂੰ ਛਪਵਾਉਣ ਦੀ ਜ਼ਿੰਮੇਵਾਰੀ ਮੇਰੀ ਹੋਵੇਗੀ। ਮੈਂ ਉਸਦੀ ਇਸ ਪੇਸ਼ਕਸ਼ ਨੂੰ ਮੰਨਦਿਆਂ ਬਹੁਤ ਹੀ ਅਦਬ ਨਾਲ ਉਸ ਕੋਲੋਂ ਰੁਖ਼ਸਤ ਹੋਣ ਦੀ ਇਜਾਜ਼ਤ ਲਈ। ਉਸ ਦੀ ਮੁਸਕਰਾਹਟ ਭਰੀ ਤੱਕਣੀ ਬਹੁਤ ਦੂਰ ਤੀਕ ਸਾਡਾ ਪਿੱਛਾ ਕਰਦੀ ਰਹੀ।

ਯੂਨੀਵਰਸਿਟੀ ਤੋਂ ਬਾਹਰ ਸੜਕ 'ਤੇ ਆਏ ਤਾਂ ਅਸ਼ਰਫ ਸੁਹੇਲ ਹੁਰੀਂ ਕਹਿਣ ਲੱਗੇ ਕਿ ਆਓ ਤੁਹਾਨੂੰ ਲਾਹੌਰ ਦਾ ਮਸ਼ਹੂਰ ਅਨਾਰਕਲੀ ਬਾਜ਼ਾਰ ਦਿਖਾਵਾਂ। ਤੁਰ ਕੇ ਚੱਲਦੇ ਹਾਂ ਕਿਉਂਕਿ ਇਸ ਬਾਜ਼ਾਰ ਵਿਚ ਵਹੀਕਲ ਤਾਂ ਜਾਂਦਾ ਨਹੀਂ। ਕਿਤਾਬਾਂ ਵਿਚ ਪੜ੍ਹਿਆ ਅਨਾਰਕਲੀ ਬਾਜ਼ਾਰ ਕਿੱਧਰੇ ਨਜ਼ਰੀਂ ਨਹੀਂ ਆਇਆ। ਇਉਂ ਲੱਗਾ ਜੀਕੂੰ ਇਹ ਬਾਜ਼ਾਰ ਬੀਤੇ ਦੀ ਕਹਾਣੀ ਬਣ ਕੇ ਰਹਿ ਗਿਆ ਹੋਵੇ। ਭੀੜ ਭੜੱਕੇ ਅਤੇ ਰੌਲਾ-ਰੱਪਾ।

ਇਕ ਸਿਰੇ 'ਤੇ ਜਾ ਕੇ ਅਸੀਂ ਆਟੋ ਲਿਆ ਅਤੇ ਲਾਹੌਰ ਵਿਚ ਬਾਬਾ ਸ਼ਾਹ ਅਨਾਇਤ ਅਲੀ ਦੀ ਦਰਗਾਹ 'ਤੇ ਨਤਮਸਤਕ ਹੋਣ ਲਈ ਚੱਲ ਪਏ। ਮੇਰੇ ਪਿੰਡ ਦੇ ਹਰ ਬਾਸ਼ਿੰਦੇ ਲਈ ਅਦਬ ਅਤੇ ਸਤਿਕਾਰ ਦੇ ਪਾਤਰ ਅਤੇ ਪਿੰਡ ਨੂੰ ਨਿਆਮਤਾਂ ਬਖਸ਼ਣ ਵਾਲੇ ਬਾਬਾ ਸ਼ਾਹ ਅਨਾਇਤ ਅਲੀ ਦੀ ਦਰਗਾਹ 'ਤੇ ਜਾ ਕੇ ਇਉਂ ਜਾਪਿਆ ਜਿਵੇਂ ਮੈਂ ਸਮੁੱਚੇ ਪਿੰਡ ਵਲੋਂ ਉਨ੍ਹਾਂ ਦੀ ਦਰਗਾਹ 'ਤੇ ਅਕੀਦਤ ਦੇ ਫੁੱਲ ਚੜ੍ਹਾਉਣ ਅਤੇ ਉਨ੍ਹਾਂ ਦੀਆਂ ਬਖਸ਼ਿਸ਼ਾਂ ਲਈ ਦੁਆਵਾਂ ਕਰ ਰਿਹਾ ਹੋਵਾਂ ਜਿਹੜੀਆਂ ਉਨ੍ਹਾਂ ਨੇ ਮੇਰੇ ਗਰਾਈਆਂ ਨੂੰ ਝੋਲੀਆਂ ਭਰ ਕੇ ਵੰਡਣਨੀਆਂ ਨੇ, ਵੰਡ ਵੀ ਰਹੇ ਨੇ ਅਤੇ ਵੰਡੀਆਂ ਵੀ ਨੇ।

ਇੰਨੇ ਚਿਰ ਨੂੰ ਮੁਹੰਮਦ ਇਰਫ਼ਾਨ ਦਾ ਫ਼ੋਨ ਆਇਆ ਕਿ ਮੈਂ ਹੁਣ ਵਿਹਲਾ ਹੋ ਗਿਆ ਹਾਂ। ਮੈਂ ਆਉਂਦਾ ਹਾਂ ਅਤੇ ਫਿਰ ਆਪਾਂ ਨਨਕਾਣਾ ਸਾਹਿਬ ਦੇ ਦਰਸ਼ਨ ਕਰ ਕੇ ਆਉਂਦੇ ਹਾਂ। ਅਸ਼ਰਫ਼ ਹੁਰੀਂ ਕੋਲ ਹੀ ਰਹਿੰਦੇ ਪੰਜਾਬੀ ਪਬਲਿਸ਼ਰ ਨੂੰ ਮਿਲਾਉਣ ਲਈ ਨਾਲ ਲੱਗਦੀ ਬਿਲਡਿੰਗ ਵਿਚ ਵੜ ਗਏ। ਪੰਜਾਬੀ ਨਾਲ ਮੁਹੱਬਤ ਕਰਨ ਵਾਲਿਆਂ ਦੀ ਲਾਹੌਰ ਵਿਚ ਕੋਈ ਕਮੀ ਨਹੀਂ ਅਤੇ ਉਹ ਪੰਜਾਬੀ ਅਦਬ ਦੀ ਪ੍ਰਫੁਲੱਤਾ ਲਈ ਨਿੱਠ ਕੇ ਕੰਮ ਕਰ ਰਹੇ ਹਨ।

ਨਨਕਾਣਾ ਸਾਹਿਬ, ਲਾਹੌਰ ਤੋਂ 60 ਕੁ ਮੀਲ ਦੂਰ। ਸ਼ੇਖੂਪੁਰ ਦੇ ਕੋਲ। ਜਦ ਅਸੀਂ ਨਨਕਾਣਾ ਸਾਹਿਬ ਪਹੁੰਚੇ ਤਾਂ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ। ਪਾਠ ਸੁਣਿਆ, ਅਰਦਾਸ ਵਿਚ ਸ਼ਾਮਲ ਹੋਏ ਅਤੇ ਹੁਕਮਨਾਮਾ ਸੁਣ ਕੇ ਖੁਦ ਨੂੰ ਧੰਨ ਭਾਗਾਂ ਵਾਲੇ ਸਮਝਿਆ। ਚਿਰੋਕਣੀ ਰੀਝ ਸੀ ਜਿਹੜੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰ ਕੇ ਪੂਰੀ ਹੋਈ। ਰਾਏ ਭੋਇੰ ਦੀ ਤਲਵੰਡੀ ਕਰਕੇ ਜਾਣੇ ਜਾਂਦੇ ਨਗਰ ਨੂੰ ਚੌਧਰੀ ਰਾਏ ਬੁਲਾਰ ਨੇ ਨਨਕਾਣਾ ਸਾਹਿਬ ਦਾ ਨਾਮ ਦਿੱਤਾ ਸੀ ਜੋ ਗੁਰੂ ਨਾਨਕ ਦੇ ਪਲੇਠੇ ਸ਼ਰਧਾਲੂਆਂ ਵਿਚੋਂ ਇਕ ਸੀ।

ਮੱਥਾ ਟੇਕ ਅਤੇ ਪ੍ਰਸ਼ਾਦ ਲੈ ਕੇ ਬਾਹਰ ਨਿਕਲੇ ਤਾਂ ਇਸਦੇ ਕੋਲ ਹੀ ਉਹ ਜੰਡ ਦਿਖਾਈ ਦਿਤਾ ਜਿਸ ਨਾਲ ਬੰਨ੍ਹ ਨੇ ਭਾਈ ਲਛਮਣ ਸਿੰਘ ਧਾਰੋਵਾਲ ਨੂੰ ਮਹੰਤ ਨਰੈਣ ਦਾਸ ਦੇ ਗੁੰਡਿਆਂ ਵਲੋਂ ਜਿੰਦਾ ਸਾੜਿਆ ਗਿਆ ਸੀ। ਅੱਖਾਂ ਸਾਹਵੇਂ ਸਾਖਸ਼ਾਤ ਹੋਣ ਲੱਗਾ ਕਿ ਕੇਹੀ ਭਿਆਨਕ ਸਵੇਰ ਹੋਵੇਗੀ 20 ਫਰਵਰੀ 2021 ਦੀ, ਜਦ ਮਹੰਤ ਨਰੈਣ ਦਾਸ ਅਤੇ ਉਸਦੇ ਗੁੰਡਿਆਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠਿਆ ਅਤੇ ਉਸਦੀ ਹਜ਼ੂਰੀ ਵਿਚ ਬੈਠੀ ਸਿੱਖ-ਸੰਗਤ ਨੂੰ ਗੋਲੀਆਂ ਨਾਲ ਭੁੰਨਿਆ ਹੋਵੇਗਾ, ਤਲਵਾਰਾਂ ਨਾਲ ਵੱਢਿਆ ਅਤੇ ਨੇਜਿਆਂ 'ਚ ਪਰੋਇਆ ਹੋਵੇਗਾ। ਲਹੂ-ਲੁਹਾਣ ਹੋਈ ਬਾਬਾ ਨਾਨਕ ਦੀ ਜਨਮ ਭੂਮੀ ਨੇ ਖ਼ੁਦ ਨੂੰ ਅੱਥਰੂਆਂ ਨਾਲ ਗਾਲਿਆ ਹੋਵੇਗਾ। ਬਾਬੇ ਨਾਨਕ ਦਾ ਤਾਂ ਕਦਾਚਿੱਤ ਅਜੇਹਾ ਪੈਗ਼ਾਮ ਨਹੀਂ ਸੀ ਕਿ ਬੇਦੋਸ਼ਿਆਂ ਦੇ ਲਹੂ ਵਿਚ ਹੱਥ ਰੰਗੇ ਜਾਣ ਅਤੇ ਖ਼ੁਦ ਨੂੰ ਪਾਕੀਜ਼ ਸਮਝਿਆ ਜਾਵੇ। ਦਰਅਸਲ ਮਹੰਤਾਂ ਨੇ ਬਹੁਤ ਸਾਰੇ ਗੁਰਦੁਆਰਿਆਂ ਨੂੰ ਨਿੱਜੀ ਜਾਗੀਰਾਂ ਬਣਾ ਲਿਆ ਸੀ। ਇਨ੍ਹਾਂ ਅਸਥਾਨਾਂ ਨੂੰ ਐਸ਼ੋ-ਇਸ਼ਰਤ ਅਤੇ ਕੁਕਰਮਾਂ ਲਈ ਵਰਤਦੇ ਸਨ। ਭਾਵੇਂ ਕਿ ਕੁਝ ਮਹੰਤ ਜਿਵੇਂ ਕੇਸਗੜ੍ਹ ਦੇ ਮਹੰਤ ਭਗਵਾਨ ਦਾਸ ਨੇ ਖੁਦ ਹੀ ਕੇਸਗੜ੍ਹ ਤਖਤ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ। ਉਸਦਾ ਬੇਟਾ ਭਾਈ ਕਰਮ ਸਿੰਘ ਪੰਜਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਵੀ ਹੋਇਆ ਸੀ। ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਸਿੱਖਾਂ ਦੀ ਇਸ ਅਜ਼ੀਮ ਕੁਰਬਾਨੀ ਨੂੰ ਨਤਮਸਤਕ ਹੁੰਦਿਆਂ, ਅਸੀਂ ਵਾਪਸ ਮੁੜਨ ਲੱਗੇ। ਗੁਰਦੁਆਰੇ ਵੱਲ ਝਾਤੀ ਮਾਰੀ ਤਾਂ ਚੰਦਰਮਾ ਦੀ ਚਿੱਪਰ ਗੁਰਦੁਆਰੇ ਦੇ ਉਪਰ ਦੀ ਚਾਨਣ ਬਰਸਾ ਰਹੀ ਸੀ। ਈਕੂੰ ਲੱਗਾ ਜੀਕੂੰ ਬਾਬਾ ਨਾਨਕ ਜੀ ਖੁਦ ਸਾਡੀ ਆਮਦ 'ਤੇ ਖੁਸ਼ ਹੋ ਕੇ ਸਾਨੂੰ ਚਾਨਣੀ ਨਾਲ ਵਰਸੋ ਰਹੇ ਹੋਣ। ਅਸੀਂ ਚਾਨਣ-ਰੱਤੇ ਹੋ ਕੇ ਘਰ ਨੂੰ ਚਾਲੇ ਪਾਉਣ ਦੀ ਤਿਆਰੀ ਕਰਨ ਲੱਗੇ।

ਸੂਰਜ ਡੁੱਬਣ ਕਾਰਨ ਹਨੇਰਾ ਪਸਰ ਰਿਹਾ ਸੀ। ਤੁਰਨ ਲੱਗੇ ਤਾਂ ਸਕਿਉਰਿਟੀ ਵਾਲਿਆਂ ਨੇ ਕਿਹਾ ਕਿ ਤੁਸੀਂ ਹੁਣ 'ਕੱਲੇ ਲਾਹੌਰ ਨਹੀਂ ਜਾ ਸਕਦੇ। ਤੁਹਾਡੇ ਨਾਲ ਸਾਡੀ ਐਸਕਾਰਟ ਜਾਵੇਗੀ ਜੋ ਤੁਹਾਨੂੰ ਹਾਈਵੇਅ 'ਤੇ ਚਾੜ੍ਹ ਕੇ ਸ਼ੇਖੂਪੁਰ ਦੀ ਐਸਕਾਰਟ ਦੇ ਹਵਾਲੇ ਕਰੇਗੀ ਤਾਂ ਕਿ ਤੁਸੀਂ ਸੁਰੱਖਿਅਤ ਰੂਪ ਵਿਚ ਵਾਪਸ ਲਾਹੌਰ ਪਹੁੰਚ ਸਕੋ। ਸਾਡੀ ਕਾਰ ਦੇ ਅੱਗੇ ਅੱਗੇ ਜਾ ਰਹੀ ਕਮਾਂਡੋਜ਼ ਨਾਲ ਭਰੀ ਹੋਈ ਐਸਕਾਰਟ ਨੇ ਸਾਨੂੰ ਹਾਈਵੇਅ 'ਤੇ ਚਾੜ੍ਹਿਆ ਅਤੇ ਸ਼ੇਖੂਪੁਰ ਦੀ ਐਸਕਾਰਟ ਨੂੰ ਸੂਚਨਾ ਦੇ ਦਿੱਤੀ। ਰਾਹ ਵਿਚ ਸਾਡੇ ਡਰਾਈਵਰ ਮੁਹੰਮਦ ਇਰਫ਼ਾਨ ਨੂੰ ਕਈ ਵਾਰ ਫੋਨ ਆਇਆ ਕਿ ਤੁਸੀਂ ਕਿੱਥੇ ਪਹੁੰਚੇ ਹੋ? ਅਖੀਰ ਵਿਚ ਜਦ ਮੁਹੰਮਦ ਇਰਫ਼ਾਨ ਨੇ ਦੱਸਿਆ ਕਿ ਅਸੀਂ ਲਾਹੌਰ ਪਹੁੰਚ ਗਏ ਤਾਂ ਸਕਿਉਰਿਟੀ ਵਾਲਿਆਂ ਨੇ ਸੁੱਖ ਦਾ ਸਾਹ ਲਿਆ। ਅਸੀਂ ਰਾਤ ਨੂੰ ਦਸ ਕੁ ਵਜੇ ਲਾਹੌਰ ਵਿਖੇ ਅਸ਼ਰਫ਼ ਸੁਹੇਲ ਹੁਰਾਂ ਦੇ ਘਰ ਪਹੁੰਚ ਗਏ।

# ਖੇਤੀ ਵੰਨ-ਸੁਵੰਨਤਾ ਅਤੇ ਕਾਰਪੋਰੇਟ ਕੰਪਨੀਆਂ

**ਸੁੱਚਾ ਸਿੰਘ ਗਿੱਲ**
**ਫੋਨ: 98550-82857**

ਪੰਜਾਬ ਦੇ ਕਿਸਾਨਾਂ ਦੀ ਖੇਤੀ, ਪਾਣੀ ਅਤੇ ਵਾਤਾਵਰਨ ਨੂੰ ਬਚਾਉਣ ਵਾਸਤੇ ਖੇਤੀ ਵੰਨ-ਸੁਵੰਨਤਾ ਦਾ ਮਾਡਲ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਸੁਝਾਇਆ ਜਾ ਰਿਹਾ ਹੈ। ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਤਜਵੀਜ਼ਾਂ ਦਿੱਤੀਆਂ ਜਾ ਰਹੀਆਂ ਹਨ ਕਿ ਖੇਤੀ ਵੰਨ-ਸੁਵੰਨਤਾ ਨੂੰ ਕਾਮਯਾਬ ਕਰਨ ਵਾਸਤੇ ਕਾਰਪੋਰੇਟ ਕੰਪਨੀਆਂ ਨੂੰ ਖੇਤੀ ਉਤਪਾਦਨ ਦੇ ਪ੍ਰਾਸੈਸਿੰਗ ਅਤੇ ਮਾਰਕੀਟਿੰਗ ਲਈ ਇਕਾਈਆਂ ਕਾਇਮ ਕਰਨ ਅਤੇ ਸਹੂਲਤਾਂ ਦੇਣ ਦੇ ਪ੍ਰੋਗਰਾਮ ਬਣਾਏ ਜਾਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦੇ ਕਿਸਾਨ ਮਾਰੂ ਅਤੇ ਵਾਤਾਵਰਨ ਖਰਾਬ ਕਰਨ ਵਿਚ ਪਾਏ ਰੋਲ ਦੇ ਬਾਵਜੂਦ ਕੁਝ ਮਾਹਿਰ ਅਤੇ ਵਿਚਾਰਵਾਨ ਅਜੇ ਵੀ ਇਸ ਪ੍ਰੋਗਰਾਮ ਦੀ ਵਕਾਲਤ ਕਰ ਰਹੇ ਹਨ। ਇਸ ਕਰਕੇ ਪੰਜਾਬ ਦੇ ਤਜਰਬੇ ਤੋਂ ਸਬਕ ਸਿੱਖਣ ਅਤੇ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦੇ ਰੋਲ ਨੂੰ ਮੁੜ ਵਿਚਾਰਨ ਦੀ ਲੋੜ ਹੈ।

ਪੰਜਾਬ ਵਿਚ ਖੇਤੀ ਵੰਨ-ਸੁਵੰਨਤਾ ਦਾ ਸੁਝਾਅ ਜੌਹਲ ਕਮੇਟੀ (1) ਨੇ 1986 ਵਿਚ ਪੰਜਾਬ ਸਰਕਾਰ ਨੂੰ ਸੌਂਪੀ ਰਿਪੋਰਟ ਵਿਚ ਦਿੱਤਾ ਸੀ। ਇਸ ਆਧਾਰ 'ਤੇ ਪੰਜਾਬ ਸਰਕਾਰ ਨੇ ਪ੍ਰਾਈਵੇਟ ਬਹੁ-ਕੌਮੀ ਪੈਪਸੀ ਕੰਪਨੀ ਨਾਲ ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ 1988 ਵਿਚ ਸਮਝੌਤਾ ਕੀਤਾ। ਇਹ ਸਮਝੌਤਾ ਪੰਜਾਬ ਸਰਕਾਰ ਦੀ ਮਾਲਕੀ ਵਾਲੀ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਅਤੇ ਪੈਪਸੀ ਕੰਪਨੀ ਵਿਚਾਲੇ ਕੀਤਾ ਗਿਆ ਸੀ। ਸਮਝੌਤੇ ਅਨੁਸਾਰ ਪੰਜਾਬ ਦੇ ਖੇਤੀ ਅਧੀਨ ਕੁਲ ਰਕਬੇ ਦਾ 20% ਹਿੱਸਾ ਕਣਕ-ਝੋਨੇ ਤੋਂ ਹਟਾ ਕੇ ਫਲਾਂ, ਸਬਜ਼ੀਆਂ, ਡੇਅਰੀ, ਦਾਲਾਂ, ਤੇਲ ਬੀਜਾਂ ਆਦਿ ਅਧੀਨ ਕਰਨਾ ਸੀ। ਨਵੀਆਂ ਫ਼ਸਲਾਂ ਦੀ ਪ੍ਰਾਸੈਸਿੰਗ ਵਾਸਤੇ ਕੰਪਨੀ ਨੇ ਫ਼ਸਲਾਂ ਦਾ ਉਤਪਾਦਨ ਪੰਜਾਬ ਵਿਚੋਂ ਹੀ ਖਰੀਦਣਾ ਸੀ ਅਤੇ ਇਨ੍ਹਾਂ ਤੋਂ ਤਿਆਰ ਮਾਲ ਦਾ ਘੱਟੋ-ਘੱਟ 50% ਵਿਦੇਸ਼ੀ ਮੰਡੀ ਵਿਚ ਵੇਚਣ ਦਾ ਇਕਰਾਰ ਕੀਤਾ ਗਿਆ। ਇਹ ਵੀ ਦੱਸਿਆ ਗਿਆ ਸੀ ਕਿ ਸੂਬੇ ਦੇ ਲਗਭਗ 40,000 ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਪੈਪਸੀ ਕੰਪਨੀ ਨੇ ਦੋ ਪਲਾਂਟ ਸ਼ੁਰੂ ਕੀਤੇ ਸਨ; ਇਕ ਸੰਗਰੂਰ ਜ਼ਿਲ੍ਹੇ ਦੇ ਪਿੰਡ ਚੰਨੋਂ ਵਿਚ ਪੈਪਸੀ ਕੋਲਾ ਕੰਸੈਂਟਰੇਟ ਬਣਾਉਣ ਲਈ ਲਾਇਆ ਗਿਆ ਅਤੇ ਦੂਜਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜਹੂਰਾ ਵਿਚ ਫਲਾਂ ਅਤੇ ਸਬਜ਼ੀਆਂ ਦੀ ਪ੍ਰਾਸੈਸਿੰਗ ਵਾਸਤੇ ਸੀ। ਸੌਫਟ ਡਰਿੰਕ ਕੰਸੈਂਟਰੇਟ ਵਾਲਾ ਪਲਾਂਟ ਅਜੇ ਵੀ ਚਾਲੂ ਹੈ ਪਰ ਫਲਾਂ ਸਬਜ਼ੀਆਂ ਦੀ ਪ੍ਰਾਸੈਸਿੰਗ ਵਾਲੇ ਪਲਾਂਟ ਨੂੰ ਦੋ-ਤਿੰਨ ਸਾਲਾਂ ਬਾਅਦ ਪੈਪਸੀ ਕੰਪਨੀ ਨੇ ਵੇਚ ਦਿੱਤਾ ਜਿਹੜਾ ਅੱਜ-ਕੱਲ੍ਹ ਬੰਦ ਪਿਆ ਹੈ।

ਖੇਤੀ ਵੰਨ-ਸੁਵੰਨਤਾ ਦੇ ਕਾਰੋਬਾਰ ਤੋਂ ਪੈਪਸੀ ਕੰਪਨੀ ਨੇ ਆਪਣੇ ਪੈਰ ਪਿੱਛੇ ਖਿੱਚ ਲਏ ਸਨ। ਇਸ ਦਾ ਕਾਰਨ ਇਹ ਸੀ ਕਿ ਕੰਪਨੀ ਅਤੇ ਕਿਸਾਨਾਂ ਵਿਚ ਟਮਾਟਰ ਅਤੇ ਆਲੂ ਖਰੀਦਣ ਬਾਰੇ ਸਮਝੌਤੇ ਠੀਕ ਨਹੀਂ ਚੱਲ ਸਕੇ। ਜਦੋਂ ਮੰਡੀ ਵਿਚ ਇਨ੍ਹਾਂ ਦੇ ਭਾਅ ਵੱਧ ਹੋ ਗਏ ਤਾਂ ਕੰਪਨੀ ਨੇ ਤੈਅ ਕੀਤੇ (ਘੱਟ) ਰੇਟਾਂ 'ਤੇ ਹੀ ਆਲੂ-ਟਮਾਟਰ ਸਪਲਾਈ ਕਰਨ ਵਾਸਤੇ ਕਿਸਾਨਾਂ ਨੂੰ ਕਿਹਾ। ਜਦੋਂ ਮੰਡੀ ਵਿਚ ਇਨ੍ਹਾਂ ਦੇ ਰੇਟ ਘਟ ਗਏ ਤਾਂ ਪੈਪਸੀ ਕੰਪਨੀ ਨੇ ਆਲੂ ਟਮਾਟਰ ਘੱਟ ਰੇਟਾਂ 'ਤੇ ਕਿਸਾਨਾਂ ਤੋਂ ਖਰੀਦਣ ਵਾਸਤੇ ਜ਼ੋਰ ਪਾਇਆ। ਇਸ ਤੋਂ ਬਾਅਦ ਕਿਸਾਨਾਂ ਨੇ ਇਹ ਸਬਜ਼ੀਆਂ ਇਸ ਕੰਪਨੀ ਨੂੰ ਸਪਲਾਈ ਕਰਨੀਆਂ ਬੰਦ ਕਰ ਦਿੱਤੀਆਂ। ਕਿਸਾਨਾਂ ਨੇ ਵਿਰੋਧ ਜਤਾਉਣ ਲਈ ਜਲੰਧਰ ਸ਼ਹਿਰ ਦੀਆਂ ਸੜਕਾਂ 'ਤੇ ਕਦੀ ਆਲੂ ਅਤੇ ਕਦੀ ਟਮਾਟਰ ਖਲਾਰੇ। ਹੁਣ ਇਹ ਕੰਪਨੀ ਸੌਫਟ ਡਰਿੰਕ-ਪੈਪਸੀ ਕੋਲਾ ਅਤੇ ਬੋਤਲਾਂ ਵਿਚ ਬੰਦ ਪਾਣੀ ਦੇ ਵਪਾਰ ਵਿਚ ਮਸਰੂਫ ਹੈ।

ਜੌਹਲ ਕਮੇਟੀ (2) ਦੀ ਰਿਪੋਰਟ 2002 ਵਿਚ ਪੰਜਾਬ ਸਰਕਾਰ ਨੂੰ ਪੇਸ਼ ਹੋਣ ਤੋਂ ਬਾਅਦ ਸੂਬਾ ਸਰਕਾਰ ਨੇ ਖੇਤੀ ਵੰਨ-ਸੁਵੰਨਤਾ ਦਾ ਪ੍ਰੋਗਰਾਮ ਕਈ ਪ੍ਰਾਈਵੇਟ ਕੰਪਨੀਆਂ ਨਾਲ ਮਿਲ ਕੇ ਸ਼ੁਰੂ ਕੀਤਾ। ਇਸ ਪ੍ਰੋਗਰਾਮ ਵਿਚ ਵੋਲਟਾ ਇੰਡੀਆ ਲਿਮਟਿਡ, ਰੈਲੀਜ਼ ਇੰਡੀਆ, ਪੈਪਸੀ ਫੂਡਜ਼, ਮਹਿੰਦਰਾ ਸ਼ੁਭ ਲਾਭ ਅਤੇ ਐਡਵੈਂਟਾ ਇੰਡੀਆ ਨੂੰ ਨਵੀਆਂ ਸੁਝਾਈਆਂ ਫ਼ਸਲਾਂ ਦੇ ਉਤਪਾਦਾਂ ਨੂੰ ਖਰੀਦ ਕੇ ਮਾਰਕੀਟਿੰਗ ਦਾ ਕੰਮ ਸੰਭਾਲਿਆ ਗਿਆ ਸੀ। ਜਿਹੜੀਆਂ ਫ਼ਸਲਾਂ ਰਾਹੀਂ ਖੇਤੀ ਵੰਨ-ਸੁਵੰਨਤਾ ਲਿਆਉਣੀ ਸੀ, ਉਹ ਸਨ ਗੋਭੀ ਸਰ੍ਹੋਂ, ਜੌਂ, ਸਰਦੀਆਂ ਦੀ ਮੱਕੀ, ਡੂਰਮ ਕਣਕ, ਸੂਰਜਮੁਖੀ, ਸਪਰਿੰਗ ਕੌਰਨ, ਜਾਟਰੋਪਾ, ਮੂੰਗਫਲੀ, ਬਾਸਮਤੀ, ਸਬਜ਼ੀਆਂ, ਚਾਰਾ ਅਤੇ ਫਲਾਂ ਦੀ ਕਾਸ਼ਤ। ਇਨ੍ਹਾਂ ਕੰਪਨੀਆਂ ਨੇ ਕਿਸਾਨਾਂ ਨੂੰ ਨਵੇਂ ਬੀਜ, ਖਾਦਾਂ ਅਤੇ ਸਲਾਹ ਮਸ਼ਵਰੇ ਦੇਣ ਬਾਅਦ ਜਿਣਸ ਖਰੀਦਣ ਦਾ ਇਕਰਾਰ ਕੀਤਾ। ਬੀਜਾਂ, ਦਵਾਈਆਂ, ਖਾਦਾਂ ਅਤੇ ਸਲਾਹਕਾਰ ਸੇਵਾਵਾਂ ਬਦਲੇ ਕਿਸਾਨਾਂ ਤੋਂ ਲੋੜੀਂਦੇ ਖਰਚੇ ਵਾਸਤੇ ਅਦਾਇਗੀਆਂ ਪ੍ਰਾਪਤ ਕਰਨੀਆਂ ਸਨ। ਇਸ ਸਬੰਧੀ ਪੰਜਾਬ ਸਰਕਾਰ ਨੇ ਕੰਟਰੈਕਟ ਐਕਟ-2003 ਵਿਚ ਪਾਸ ਕੀਤਾ ਪਰ ਇਹ ਪ੍ਰੋਗਰਾਮ ਪਹਿਲੇ ਸਾਲ ਹੀ ਫੇਲ੍ਹ ਹੋ ਗਿਆ। ਕਈ ਕੰਪਨੀਆਂ ਨੇ ਕਿਸਾਨਾਂ ਨੂੰ ਨੁਕਸਦਾਰ ਬੀਜ ਸਪਲਾਈ ਕੀਤੇ ਜਿਹੜੇ ਬੀਜਣ ਬਾਅਦ ਪੁੰਗਰੇ ਹੀ ਨਹੀਂ ਪਰ ਇਸ ਦੀ ਕਿਸਾਨਾਂ ਨੂੰ ਕੋਈ ਭਰਪਾਈ ਨਹੀਂ ਕੀਤੀ ਗਈ। ਕਿਸਾਨਾਂ ਤੋਂ ਖੇਤੀ ਸਲਾਹਕਾਰ ਸੇਵਾਵਾਂ ਵਾਸਤੇ ਪੈਸੇ ਸਮਝੌਤਾ ਕਰਨ ਸਮੇਂ ਲੈ ਲਏ ਪਰ ਸਲਾਹਕਾਰ ਸੇਵਾਵਾਂ ਦੇਣ ਦਾ ਕੰਮ ਕੁਝ ਕੰਪਨੀਆਂ ਵਲੋਂ ਕਿਸਾਨਾਂ ਦੇ ਫੋਨ ਕਰਨ ਬਾਅਦ ਵੀ ਨਹੀਂ ਕੀਤਾ ਗਿਆ। ਜਦੋਂ ਫ਼ਸਲਾਂ ਪੱਕ ਗਈਆਂ ਤਾਂ ਕੰਪਨੀਆਂ ਨੇ ਜਾਣਬੁੱਝ ਕੇ ਖਰੀਦਦਾਰੀ ਦੇਰ ਨਾਲ ਘੱਟ ਰੇਟਾਂ 'ਤੇ ਕੀਤੀ।

ਤੀਸਰੀ ਵਾਰ 2020 ਵਿਚ ਭਾਰਤ ਸਰਕਾਰ ਨੇ ਤਿੰਨ ਨਵੇਂ ਖੇਤੀ ਕਾਨੂੰਨਾਂ ਨਾਲ ਕਾਰਪੋਰੇਟ ਕੰਪਨੀਆਂ ਨੂੰ ਖੇਤੀ ਜਿਣਸਾਂ ਦੇ ਵਪਾਰ,



ਭੰਡਾਰੀਕਰਨ ਅਤੇ ਪ੍ਰਾਸੈਸਿੰਗ ਦੇ ਕੰਮ ਵਿਚ ਲਿਆਉਣ ਦਾ ਯਤਨ ਕੀਤਾ। ਕਿਸਾਨਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਕਿਸਾਨਾਂ ਨੂੰ ਫ਼ਿਕਰ ਸੀ ਕਿ ਹੁਣ ਉਨ੍ਹਾਂ ਦੀ ਜ਼ਮੀਨ ਇਨ੍ਹਾਂ ਕੰਪਨੀਆਂ ਕੋਲ ਚਲੀ ਜਾਵੇਗੀ। ਕਿਸਾਨਾਂ ਦੇ ਲੰਮੇ ਅੰਦੋਲਨ ਕਾਰਨ ਇਹ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਲੈਣੇ ਪਏ।

ਗੰਭੀਰ ਸਵਾਲ ਇਹ ਹੈ ਕਿ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਖੇਤੀ ਦੇ ਅਰਥਚਾਰੇ ਵਿਚ ਵੰਨ-ਸੁਵੰਨਤਾ ਲਿਆਉਣ ਵਾਸਤੇ ਮਾਫ਼ਕ ਕਿਉਂ ਨਹੀਂ ਹਨ? ਇਸ ਸਵਾਲ ਦੇ ਜਵਾਬ ਵਿਚ ਕੁਝ ਨੁਕਤੇ ਵਿਆਖਿਆ ਦੀ ਮੰਗ ਕਰਦੇ ਹਨ। ਪਹਿਲਾ ਨੁਕਤਾ ਇਹ ਦਲੀਲ ਹੈ ਕਿ ਖੇਤੀ ਵੰਨ-ਸੁਵੰਨਤਾ ਨੂੰ ਪ੍ਰਾਈਵੇਟ ਕੰਪਨੀਆਂ ਦੇ ਦਖਲ ਨਾਲ ਹੀ ਲਿਆਂਦਾ ਜਾ ਸਕਦਾ ਹੈ, ਹੋਰ ਕੋਈ ਰਸਤਾ ਨਹੀਂ ਹੈ। ਇਹ ਨਵ-ਉਦਾਰਵਾਦੀ ਅਰਥ ਵਿਗਿਆਨ ਦਾ ਹੀ ਤਰਕ ਹੈ। ਇਹ ਤਰਕ ਠੀਕ ਇਸ ਕਰਕੇ ਨਹੀਂ ਕਿ ਇਹ ਕੋਆਪਰੇਟਿਵ ਇਕਾਈਆਂ ਅਤੇ ਕਿਸਾਨਾਂ ਦੀਆਂ ਉਤਪਾਦ ਕੰਪਨੀਆਂ ਦੇ ਰੋਲ ਬਾਰੇ ਜ਼ਿਕਰ ਨਹੀਂ ਕਰਦਾ। ਇਸ ਸਬੰਧੀ ਪੂਰਬੀ ਏਸ਼ੀਆ ਅਤੇ ਸਕੈਂਡੀਨੇਵੀਅਨ ਦੇਸ਼ਾਂ ਦੇ ਸਫਲ ਤਜਰਬੇ ਵਿਚਾਰਨ ਵਾਲੇ ਹਨ। ਜੇ ਭਾਰਤ ਵਿਚ ਪਬਲਿਕ ਸੈਕਟਰ ਦੀਆਂ ਇਕਾਈਆਂ ਵਿਚ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਤਾਂ ਇਹ ਪ੍ਰਬੰਧ ਦਾ ਨੁਕਸ ਹੈ। ਇਸ ਨੂੰ ਠੀਕ ਕਰਨ ਦੀ ਜ਼ਿੰਮੇਵਾਰੀ ਹੁਕਮਰਾਨ ਪਾਰਟੀਆਂ ਦੀ ਹੈ। ਸਾਡੇ ਦੇਸ਼ ਵਿਚ ਹੀ ਪਬਲਿਕ ਸੈਕਟਰ ਦੀਆਂ ਕਈ ਇਕਾਈਆਂ ਕਾਫੀ ਕਾਮਯਾਬੀ ਨਾਲ ਕੰਮ ਕਰ ਰਹੀਆਂ ਹਨ। ਤੇਲ ਕੰਪਨੀਆਂ ਇਸ ਦੀ ਪ੍ਰਤੱਖ ਮਿਸਾਲ ਹਨ।

ਦੂਜਾ ਨੁਕਤਾ ਸਿਧਾਂਤਕ ਹੈ। ਅਜੋਕਾ ਦੌਰ ਸਰਮਾਏਦਾਰੀ ਦੇ ਪੂਰਨ ਮੁਕਾਬਲੇ ਦਾ ਦੌਰ ਨਹੀਂ ਹੈ। ਹੁਣ ਸਰਮਾਏਦਾਰੀ ਅਪੂਰਨ ਮੁਕਾਬਲੇ ਦੇ ਦੌਰ ਵਿਚ ਪਹੁੰਚ ਗਈ ਹੈ। ਇਸ ਦੌਰ ਵਿਚ ਇਕ ਜਾਂ ਗਿਣਤੀ ਦੀਆਂ ਕੰਪਨੀਆਂ ਕਿਸੇ ਸੇਵਾ ਜਾਂ ਵਸਤੂ ਦੇ ਉਤਪਾਦਨ ਨੂੰ ਕੰਟਰੋਲ ਕਰਦੀਆਂ ਹਨ। ਇਨ੍ਹਾਂ ਕੰਪਨੀਆਂ ਕੋਲ ਪੂੰਜੀ ਅਤੇ ਮੰਡੀ ਦੀ ਤਾਕਤ ਖਪਤਕਾਰਾਂ ਅਤੇ ਕੱਚਾ ਮਾਲ ਸਪਲਾਈ ਕਰਨ ਵਾਲੇ ਕਿਸਾਨਾਂ ਤੋਂ ਬਹੁਤ ਜ਼ਿਆਦਾ ਹੁੰਦੀ ਹੈ। ਇਸ ਪ੍ਰਸੰਗ ਵਿਚ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਹੋਏ ਅਧਿਐਨ ਦਰਸਾਉਂਦੇ ਹਨ ਕਿ ਅਪੂਰਨ ਮੁਕਾਬਲੇ ਦੀ ਸੂਰਤ ਵਿਚ ਪ੍ਰਾਈਵੇਟ ਕੰਪਨੀਆਂ ਖਪਤਕਾਰਾਂ ਨੂੰ ਗੈਰ-ਵਾਜਬ ਮੁਨਾਫੇ 'ਤੇ ਮਾਲ ਵੇਚਦੀਆਂ ਹਨ। ਜਿਥੇ ਇਕ ਕੰਪਨੀ ਦੀ ਇਜਾਰੇਦਾਰੀ ਹੁੰਦੀ ਹੈ, ਉਥੇ ਖਰੀਦਦਾਰ ਨੂੰ ਮੂੰਹ ਮੰਗੀ ਕੀਮਤ ਦੇਣੀ ਪੈਂਦੀ ਹੈ। ਜਿਥੇ ਥੋੜ੍ਹੀਆਂ ਜਿਹੀਆਂ ਕੰਪਨੀਆਂ ਹੁੰਦੀਆਂ ਹਨ, ਉਹ ਸਲਾਹ ਮਸ਼ਵਰੇ ਨਾਲ ਰਲ-ਮਿਲ ਕੇ ਕੀਮਤਾਂ ਵਧਾ ਦਿੰਦੀਆਂ ਹਨ। ਖਪਤਕਾਰਾਂ ਕੋਲ ਵਧੀਆਂ ਕੀਮਤਾਂ ਅਦਾ ਕਰਨ ਤੋਂ ਬਗੈਰ ਕੋਈ ਚਾਰਾ ਨਹੀਂ ਰਹਿ ਜਾਂਦਾ। ਇਸ ਦੀ ਪ੍ਰਤੱਖ ਮਿਸਾਲ ਭਾਰਤ ਵਿਚ ਟੈਲੀਫੋਨ ਕੰਪਨੀਆਂ ਦੀ ਹੈ। ਇਵੇਂ ਹੀ ਤੇਲ ਅਤੇ ਗੈਸ ਕੰਪਨੀਆਂ ਦੀ ਮਿਸਾਲ ਵੀ ਹੈ। ਅੱਜ-ਕੱਲ੍ਹ ਦਵਾਈਆਂ ਦੀਆਂ ਕੰਪਨੀਆਂ ਲਾਗਤਾਂ ਤੋਂ ਕਈ ਗੁਣਾ ਜ਼ਿਆਦਾ ਕੀਮਤਾਂ ਉਗਰਾਹ ਰਹੀਆਂ ਹਨ। ਜਦੋਂ ਇਹ ਕੰਪਨੀਆਂ ਪ੍ਰਾਸੈਸਿੰਗ ਵਾਸਤੇ ਕੱਚਾ ਮਾਲ ਖਰੀਦਦੀਆਂ ਹਨ ਤਾਂ ਵੇਚਣ ਵਾਲੇ ਕਿਸਾਨਾਂ ਦਾ ਕਚੂੰਮਰ ਕੱਢ ਦਿੰਦੀਆਂ ਹਨ। ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਕਾਂ ਨੂੰ ਖਪਤਕਾਰਾਂ ਤੋਂ ਚਾਰਜ ਕੀਮਤਾਂ ਦਾ ਬੜੀ ਮੁਸ਼ਕਿਲ ਨਾਲ 20-25% ਦਿੱਤਾ ਜਾਂਦਾ ਹੈ। ਕਿਸਾਨਾਂ ਤੋਂ ਕਣਕ ਖਰੀਦ ਕੇ ਜਦੋਂ ਆਟਾ ਪੈਕਟ ਬਣਾ ਕੇ ਵੇਚਿਆ ਜਾਂਦਾ ਹੈ ਤਾਂ ਉਸ ਦੀ ਕੀਮਤ ਦੁੱਗਣੀ ਹੋ ਜਾਂਦੀ ਹੈ ਜਦਕਿ ਆਟੇ ਦੀ ਪਿਸਾਈ ਦਾ ਰੇਟ ਇਕ ਰੁਪਏ ਪ੍ਰਤੀ ਕਿਲੋ ਹੀ ਹੈ। ਇਸ ਕਰਕੇ ਜਦੋਂ ਅਪੂਰਨ ਮੁਕਾਬਲੇ ਦਾ ਦੌਰ ਆ ਗਿਆ ਹੈ ਤਾਂ ਪ੍ਰਾਈਵੇਟ ਕੰਪਨੀਆਂ ਖੇਤੀ ਵੰਨ-ਸੁਵੰਨਤਾ ਨੂੰ ਆਪਣੇ ਮੁਨਾਫੇ ਵਧਾਉਣ ਵਾਸਤੇ ਮੌਕਾ ਸਮਝਦੀਆਂ ਹਨ। ਅਪੂਰਨ ਮੁਕਾਬਲੇ ਦੇ ਹਾਲਾਤ ਵਿਚ ਇਨ੍ਹਾਂ ਕੰਪਨੀਆਂ ਵਲੋਂ ਕਿਰਤੀਆਂ ਨੂੰ ਵੀ ਉਨ੍ਹਾਂ ਦੀ ਯੋਗਤਾ ਮੁਤਾਬਿਕ ਉਜਰਤਾਂ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਮੌਕੇ ਦੀਆਂ ਸਰਕਾਰਾਂ ਇਨ੍ਹਾਂ ਕੰਪਨੀਆਂ ਦੇ ਧਨ ਦੌਲਤ ਦੀ ਤਾਕਤ ਕਾਰਨ ਉਨ੍ਹਾਂ ਉਪਰ ਕੰਟਰੋਲ ਰੱਖਣ ਤੋਂ ਅਸਮਰੱਥ ਰਹਿੰਦੀਆਂ ਹਨ। ਸਾਡੇ ਦੇਸ਼ ਦਾ ਖੰਡ ਉਦਯੋਗ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ। ਇਹ ਉਦਯੋਗ ਕਿਸਾਨਾਂ ਤੋਂ ਗੰਨਾ ਖਰੀਦ ਕੇ ਖੰਡ ਅਤੇ ਸੀਰੇ ਦਾ ਉਤਪਾਦਨ ਕਰ ਕੇ ਵੇਚਦਾ ਹੈ। ਵਿਕਰੀ ਸਮੇਂ ਖੰਡ ਮਿੱਲਾਂ ਮਿੱਥੀਆਂ ਕੀਮਤਾਂ ਉਗਰਾਹ ਲੈਂਦੀਆਂ ਹਨ ਪਰ ਕਿਸਾਨਾਂ ਨੂੰ ਕਈ ਕਈ ਸਾਲ ਅਦਾਇਗੀ ਨਹੀਂ ਕਰਦੀਆਂ। ਸੂਬਿਆਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਅਦਾਇਗੀ ਕਰਵਾਉਣ ਵਿਚ ਅਸਮਰੱਥ ਲੱਗਦੀਆਂ ਹਨ।

ਕਿਸਾਨਾਂ ਦੀ ਖੇਤੀ, ਪਾਣੀ ਅਤੇ ਵਾਤਾਵਰਨ ਨੂੰ ਬਚਾਉਣ ਵਾਸਤੇ ਫ਼ਸਲੀ ਵੰਨ-ਸੁਵੰਨਤਾ ਲਈ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦੀ ਸ਼ਮੂਲੀਅਤ ਠੀਕ ਨਹੀਂ ਹੈ। ਇਸ ਨਾਲ ਇਹ ਸਮੱਸਿਆਵਾਂ ਹੋਰ ਵਧ ਜਾਣਗੀਆਂ। ਪੰਜਾਬ ਨੂੰ ਬਦਲਵਾਂ ਮਾਡਲ ਅਪਣਾਉਣ ਦੀ ਲੋੜ ਹੈ। ਇਸ ਵਿਚ ਸਾਂਝੀ ਖੇਤੀ, ਗਰੁੱਪ ਖੇਤੀ, ਕੋਆਪਰੇਟਿਵ ਜਾਂ ਕਿਸਾਨਾਂ ਦੀਆਂ ਉਤਪਾਦਨ ਕੰਪਨੀਆਂ ਦਾ ਰੋਲ ਹੋ ਸਕਦਾ ਹੈ। ਇਸ ਨੂੰ ਅਪਣਾਉਣ ਲਈ ਸਰਕਾਰਾਂ ਨੂੰ ਖੇਤੀ ਦੇ ਉਤਪਾਦਨ, ਮੰਡੀਕਰਨ, ਪ੍ਰਾਸੈਸਿੰਗ ਅਤੇ ਬੁਨਿਆਦੀ ਢਾਂਚੇ ਵਿਚ ਕਾਫੀ ਪੂੰਜੀ ਨਿਵੇਸ਼ ਕਰਨਾ ਪਵੇਗਾ। ਇਸ ਤੋਂ ਇਲਾਵਾ ਖੇਤੀ ਵਿਚ ਲੱਗੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਸਾਰੇ ਕਾਰਜਾਂ ਅਤੇ ਪ੍ਰਬੰਧ ਵਿਚ ਸ਼ਮੂਲੀਅਤ ਯਕੀਨੀ ਬਣਾਉਣੀ ਪਵੇਗੀ। ਇਸ ਤਰ੍ਹਾਂ ਕਰਨ ਨਾਲ ਪੇਂਡੂ ਭਾਈਚਾਰੇ ਦੀ ਆਮਦਨ ਕਾਫੀ ਵਧਾਈ ਜਾ ਸਕਦੀ ਹੈ ਅਤੇ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਇਸ ਵਿਚ ਸਰਕਾਰ ਦੇ ਨਾਲ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਨੂੰ ਨਿਰਮਾਣ ਵਿਚ ਅੱਗੇ ਆਉਣਾ ਪਵੇਗਾ। ਇਹ ਤਰੀਕਾ ਜਥੇਬੰਦੀਆਂ ਨੂੰ ਸੰਘਰਸ਼ ਅਤੇ ਨਿਰਮਾਣ ਦੇ ਸਿਧਾਂਤ ਨੂੰ ਅਪਣਾਉਣ ਵਾਲੇ ਪਾਸੇ ਲਿਜਾਂਦਾ ਹੈ। ਇਹ ਸਿਧਾਂਤ ਦੇਸ਼ ਦੇ ਸਰਕਾਰੀ ਬੈਂਕਾਂ ਵਿਚ ਜਥੇਬੰਦੀਆਂ ਵਲੋਂ ਕੁਝ ਹੱਦ ਤੱਕ ਅਪਣਾਇਆ ਹੋਇਆ ਹੈ।

# ਪੰਜਾਬੀ ਸਿਨੇਮਾ ਨੂੰ ਵਿਲੱਖਣਤਾ ਦੇ ਨਵੇਂ ਰੰਗਾਂ ਵਿਚ ਰੰਗੇਗੀ 'ਓਏ ਮੱਖਣਾ'

**ਹਰਜਿੰਦਰ ਸਿੰਘ ਜਵੰਦਾ**
**ਫੋਨ: 94638-28000**

ਪੰਜਾਬੀ ਸਿਨੇਮਾ ਹੁਣ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਤੇ ਨਵੇਂ-ਨਵੇਂ ਵਿਸ਼ਿਆਂ ਦੀਆਂ ਫਿਲਮਾਂ ਦਰਸ਼ਕਾਂ ਦੀ ਝੋਲੀ ਪਾ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ 'ਯੋਡਲੀ ਫ਼ਿਲਮਜ਼' ਬੈਨਰ ਇਕ ਵੱਖਰੇ ਵਿਸ਼ੇ ਦੀ ਫਿਲਮ 'ਓਏ ਮੱਖਣਾ' 4 ਨਵੰਬਰ ਨੂੰ ਦਰਸ਼ਕਾਂ ਦੇ ਰੂਬਰੂ ਕਰਨ ਜਾ ਰਿਹਾ ਹੈ।

ਇਸ ਫ਼ਿਲਮ ਦੀ ਨਾਇਕ ਜੋੜੀ ਪੰਜਾਬੀ ਸਿਨਮੇ ਦੀ ਸੁਪਰ ਸਟਾਰ ਐਮੀ ਵਿਰਕ ਤੇ ਤਾਨੀਆ ਹੈ। ਇਸ ਫ਼ਿਲਮ ਦੀ ਕਹਾਣੀ ਰਾਕੇਸ਼ ਧਵਨ ਨੇ ਲਿਖੀ ਹੈ, ਜੋ ਲਗਾਤਾਰ ਆਪਣੀ ਲੇਖਣੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਰਹੇ ਹਨ ਅਤੇ ਉਨ੍ਹਾਂ ਦੀ ਇਸ ਫਿਲਮ ਵਿਚ ਦਰਸ਼ਕਾਂ ਨੂੰ ਇਕ ਵਿਲੱਖਣ ਅਤੇ ਮਨੋਰੰਜਕ ਪ੍ਰੇਮ



ਕਹਾਣੀ ਦੇਖਣ ਨੂੰ ਮਿਲੇਗੀ।

ਆਪਣੇ ਸੱਚੇ ਪਿਆਰ ਨੂੰ ਪਾਉਣ ਲਈ ਹਰ ਕੋਈ ਜੀਅ ਜਾਨ ਲਾ ਦਿੰਦਾ ਹੈ, ਫਿਰ ਚਾਹੇ ਉਸ ਲਈ ਗ਼ਲਤ, ਬੇਤੁਕਾ, ਅਜੀਬ ਕੋਈ ਵੀ ਤਰੀਕਾ ਕਿਉਂ ਨਾ ਅਪਣਾਉਣਾ ਪਵੇ, ਉਹ ਪਿੱਛੇ ਨਹੀਂ ਹਟਦਾ। ਇਸੇ ਤਰ੍ਹਾਂ ਫਿਲਮ 'ਓਏ ਮੱਖਣਾ' ਵਿਚ ਐਮੀ ਵਿਰਕ ਨੂੰ ਤਾਨੀਆ ਦੀਆਂ ਅੱਖਾਂ ਦੇਖ ਕੇ ਹੀ ਉਸ ਨਾਲ ਪਿਆਰ ਹੋ ਜਾਂਦਾ ਹੈ। ਐਮੀ, ਤਾਨੀਆ ਨਾਲ ਆਪਣੀ ਜੋੜੀ ਫਿੱਟ ਕਰਨ ਲਈ ਵਾਰ ਵਾਰ ਅਜੀਬੋ ਗਰੀਬ ਤਰੀਕੇ ਅਪਣਾਉਂਦਾ ਹੈ। ਇਨ੍ਹਾਂ ਅਜੀਬ ਤਰੀਕਿਆਂ ਨਾਲ ਹੀ ਫਿਲਮ ਵਿਚ ਮਜ਼ੇਦਾਰ ਕਾਮੇਡੀ ਪੈਦਾ ਹੁੰਦੀ ਹੈ। ਹੁਣ ਦੇਖਣਾ ਹੋਵੇਗਾ, ਐਮੀ ਤੇ ਤਾਨੀਆ ਦੀ ਪ੍ਰੇਮ ਕਹਾਣੀ ਕਿਵੇਂ ਪੂਰੀ ਹੋਵੇਗੀ? ਕਿਵੇਂ ਆਪਣੇ ਸੁਪਨਿਆਂ ਦੀ ਰਾਣੀ ਨੂੰ ਐਮੀ ਪਾ ਸਕੇਗਾ? ਹੁਣ ਦਰਸ਼ਕ ਫਿਲਮ ਦੀ ਕਹਾਣੀ ਨੂੰ ਲੈ ਕੇ ਅੰਦਾਜ਼ੇ ਲਗਾ ਰਹੇ ਨੇ ਤੇ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

ਫ਼ਿਲਮ ਵਿਚ ਐਮੀ ਵਿਰਕ ਤੇ ਤਾਨੀਆ ਦੇ ਨਾਲ ਗੁੱਗੂ ਗਿੱਲ, ਸਿੱਧੀਕਾ ਸ਼ਰਮਾ, ਸੁਖਵਿੰਦਰ ਚਾਹਲ, ਹਰਦੀਪ ਗਿੱਲ, ਤਰਸੇਮ ਪੌਲ, ਦੀਦਾਰ ਗਿੱਲ, ਸਤਵੰਤ ਕੌਰ, ਰੋਜ਼ ਜੇ ਕੌਰ, ਮੰਜੂ ਮਾਹਲ ਤੇ ਪਰਮਿੰਦਰ ਗਿੱਲ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਫਿਲਮ ਦਾ ਨਿਰਦੇਸ਼ਨ ਨਿਰਦੇਸ਼ਕ ਸਿਮਰਜੀਤ ਸਿੰਘ ਵਲੋਂ ਕੀਤਾ ਗਿਆ ਹੈ, ਜਿਨ੍ਹਾਂ ਨੇ 'ਅੰਗਰੇਜ਼' ਵਰਗੀ ਬਲਾਕਬਸਟਰ ਫ਼ਿਲਮ ਦਿੱਤੀ ਹੈ।

ੴ ਸਤਿਗੁਰ ਪ੍ਰਸਾਦਿ॥

ਸਤਿਗੁਰੂ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

## ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ



ਮੱਤ ਸਿੰਘ ਢਿੱਲੋਂ

# Azad Driving School

*100 S. Atkinson Road, #116, Grays Lake IL 60030*

*We teach driving car in North West Chicagoland suburbs.*

**English, Hindi, Punjabi, Urdu language, experienced instructors. We have lady instructors too. We teach teens too, Ask for special teen package, with class room and behind the wheel. We have Saturday and Sunday teens program too.**

*Providing all driving school services - Adult, Senior Citizen and Teen programs.*

## ਵਲੋਂ: ਮੱਤ ਸਿੰਘ ਢਿੱਲੋਂ ਅਤੇ ਢਿੱਲੋਂ ਪਰਿਵਾਰ

ਰਾਜਪਾਲ ਸਿੰਘ ਚਾਹਲ ਤੇ ਮਨਦੀਪ ਚਾਹਲ; ਅਮਨਦੀਪ ਤੇ ਕਿਰਨ, ਸੋਨੀ ਢਿੱਲੋਂ ਤੇ ਆਜ਼ਾਦ ਢਿੱਲੋਂ, ਸਤਿੰਦਰ ਕੌਰ, ਅਮਨਦੀਪ ਸਿੰਘ

**Ph: 847-308-5411 or 847-548-8367 WWW.AzadDriving.Com**



ਸ. ਅਵਤਾਰ ਸਿੰਘ
ਫੋਨ: 937-206-4674

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

## ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

**ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ**

## ਅਵਤਾਰ ਸਿੰਘ, ਸਪਰਿੰਗਫੀਲਡ (ਓਹਾਇਓ) ਅਤੇ ਪਰਿਵਾਰ

ਰਵੀ ਕਪੂਰ ਤੇ ਪਰਿਵਾਰ ਅਤੇ ਪਰਾਗ ਇੰਟਰਨੈਸ਼ਨਲ ਦੇ ਸਟਾਫ ਵਲੋਂ
ਸਮੂਹ ਸੰਗਤਾਂ ਨੂੰ ਜਗਤ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਕੋਟਾਨਿ ਕੋਟਿ ਵਧਾਈ

ਸਿਰਫ ਹੋਲਸੇਲ! ਸਿਰਫ ਹੋਲਸੇਲ! ਸਿਰਫ ਹੋਲਸੇਲ!









ਰੈਸਟੋਰੈਂਟ ਨਾਲ ਸਬੰਧਤ ਹਰ ਤਰ੍ਹਾਂ ਦਾ ਸਾਮਾਨ ਤੰਦੂਰ, ਬਰਨਰ, ਐਲੂਮੀਨੀਅਮ ਅਤੇ ਸਟੀਲ ਪਤੀਲਾ, ਲੋਹਾ/ਐਲੂਮੀਨੀਅਮ ਤੇ ਲੋਹੇ ਦੀ ਕੜਾਹੀ, ਟਿੱਕੀ/ਪਾਓ ਭਾਜੀ ਤਵਾ, ਕਮਰਸ਼ੀਅਲ ਪ੍ਰੈੱਸ਼ਰ ਕੂਕਰ, ਕੁਕਿੰਗ ਬਰਤਨ, ਸਰਵਿੰਗ ਭਾਂਡੇ, ਡੋਸੇ ਦਾ ਬੈਟਰ ਬਣਾਉਣ ਲਈ ਗਰਾਇੰਡਰ, ਖੋਆ/ਮਾਵਾ ਬਣਾਉਣ ਵਾਲੀ ਮਸ਼ੀਨ ਉਪਲੱਬਧ ਹੈ।
ਸਾਡੇ ਕੋਲ ਧਾਰਮਿਕ ਸਾਮਾਨ ਅਤੇ ਪੂਜਾ ਨਾਲ ਸਬੰਧਤ ਹਰ ਤਰ੍ਹਾਂ ਦਾ ਸਾਮਾਨ, ਫੋਟੋ ਫਰੇਮਜ਼, ਮੂਰਤੀਆਂ
ਵਿਆਹ ਨਾਲ ਸਬੰਧਤ ਹਰ ਤਰ੍ਹਾਂ ਦਾ ਸਾਮਾਨ:
ਕਿਰਪਾਨ, ਸਿਹਰਾ, ਲਾਈਟ ਅਤੇ ਮਿਊਜ਼ਿਕ ਵਾਲੀ ਜਾਗੋ
ਘਰ ਤੇ ਰੈਸਟੋਰੈਂਟਸ ਲਈ ਬਰਤਨ, ਕੰਬਲ, ਮੰਦਿਰ, ਫੋਲਡਿੰਗ ਬੈੱਡ, ਫੋਲਡਿੰਗ ਗੱਦੇ, ਸੋਫਾ-ਕਮ-ਬੈੱਡ ਤੇ ਹੋਰ ਬਹੁਤ ਸਾਰਾ ਸਾਮਾਨ ਮਿਲਦਾ ਹੈ।

Royal KITCHEN APPLIANCES




Haldiram's · ASIAN SERVING SINCE 1970 · MILTON · Prestige · SVACHH PRESSURE COOKER · Hawkins · Panasonic

ਅਸੀਂ ਹਲਦੀਰਾਮ, ਹਾਕਿਨਜ਼, ਪਰੈਸਟੀਜ, ਮਿਲਟਨ, ਏਸ਼ੀਅਨ ਪਲਾਸਟੋ, ਪੈਨਾਸੋਨਿਕ ਦੇ ਡਿਸਟ੍ਰੀਬਿਊਟਰ ਤੇ ਹੋਲ ਸੇਲਰ ਹਾਂ।

# Prag International

**1125 Howard Street. Elk Grove Village. IL 60007**

**Contact: 847-979-5970, 847-979-5990, 847-228-0150, 847-979-8949**

**Fax: 847-228-0152 Email: raviunited@aol.com.**

# ਤਾਰਾ ਸਿੰਘ ਚਲਾਕੀ: ਲੋਕਾਂ ਲਈ ਸੁਪਨੇ ਲੈਣ ਵਾਲਾ

ਸਾਲ 1967 ਵਿਚ ਬੰਗਾਲ ਦੇ ਕਿਸਾਨਾਂ ਨੇ ਜ਼ਮੀਨ ਦੇ ਮਾਲਕੀ ਹੱਕ ਲੈਣ ਲਈ ਜ਼ਮੀਨਾਂ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਸਨ। ਨਕਸਲਬਾੜੀ ਦੇ ਨਾਂ ਨਾਲ ਮਸ਼ਹੂਰ ਹੋਣ ਵਾਲੀ ਇਹ ਕਿਸਾਨ ਲਹਿਰ ਪੰਜਾਬ ਤਕ ਪੁੱਜਦਿਆਂ ਇਨਕਲਾਬੀ ਤਹਿਰੀਕ ਬਣ ਗਈ ਸੀ। ਫਰਵਰੀ-ਮਾਰਚ 1968 ਵਿਚ ਭਾਰਤੀ ਕਮਿਊਨਿਸਟ ਇਨਕਲਾਬੀ ਤਾਲਮੇਲ ਕਮੇਟੀ ਪੰਜਾਬ ਬਣ ਗਈ ਸੀ। ਕਮੇਟੀ ਨੇ ਫੈਸਲਾ

**ਅਜਮੇਰ ਸਿੱਧੂ**
**ਫੋਨ: 94630-63990**

ਕੀਤਾ ਕਿ ਜਾਗੀਰਦਾਰਾਂ ਅਤੇ ਸੂਦਖੋਰਾਂ ਦੀਆਂ ਜ਼ਮੀਨਾਂ ਉਪਰ ਕਬਜ਼ੇ ਕਰ ਕੇ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਵਿਚ ਵੰਡ ਦਿੱਤੀ ਜਾਵੇ। ਕੁੱਲ ਹਿੰਦ ਤਾਲਮੇਲ ਕਮੇਟੀ ਦੀ ਸੇਧ ਨੂੰ ਮੰਨਦਿਆਂ ਪੰਜਾਬ ਕਮੇਟੀ ਨੇ ਭੀਖੀ-ਸਮਾਓਂ (ਮਾਨਸਾ), ਕਿਲ੍ਹਾ ਹਕੀਮਾਂ (ਸੰਗਰੂਰ) ਆਦਿ ਪਿੰਡਾਂ ਵਿਚ ਜਾਗੀਰਦਾਰਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਲਏ। ਇਸੇ ਤਰ੍ਹਾਂ ਦਾ ਯਤਨ ਹਾਜੀਪੁਰ-ਮੁਕੇਰੀਆਂ (ਹੁਸ਼ਿਆਰਪੁਰ) ਵਿਚ ਵੀ ਹੋਇਆ।

ਰੋਪੜ ਦਰਿਆ ਦੇ ਨਾਲ ਨਾਲ ਹਜ਼ਾਰਾਂ ਏਕੜ ਸਰਕਾਰੀ ਜ਼ਮੀਨ ਪਈ ਸੀ। ਇਹ ਜ਼ਮੀਨ ਸੇਠ ਬਿਰਲਾ ਨੇ 99 ਸਾਲਾ ਪਟੇ 'ਤੇ ਲੈ ਕੇ ਬਿਰਲਾ ਸੀਡ ਫਾਰਮ ਬਣਾਇਆ ਹੋਇਆ ਸੀ। 1968 ਵਿਚ ਪੰਜਾਬ ਕਮੇਟੀ ਨੇ ਇਸ ਫਾਰਮ ਨੂੰ ਆਪਣੀ ਸਿਆਸਤ ਲਈ ਚੁਣਿਆ। ਮਜ਼ਦੂਰਾਂ ਦੀ ਤਨਖਾਹ ਵਧਾਉਣ ਲਈ ਦਿਆ ਸਿੰਘ ਖਰੜ ਦੀ ਅਗਵਾਈ ਹੇਠ ਸੰਘਰਸ਼ ਆਰੰਭ ਕਰ ਦਿੱਤਾ। ਉਨ੍ਹਾਂ ਦੀ ਮਨਸ਼ਾ ਸੀ ਕਿ ਮਜ਼ਦੂਰਾਂ ਦੀ ਮਜ਼ਬੂਤ ਯੂਨੀਅਨ ਬਣਦਿਆਂ ਹੀ ਜ਼ਮੀਨ ਉਤੇ ਮਜ਼ਦੂਰਾਂ ਦਾ ਕਬਜ਼ਾ ਕਰਵਾ ਦਿੱਤਾ ਜਾਵੇਗਾ। ਕਮੇਟੀ ਨੇ ਜਲਦੀ ਹੀ ਮਜ਼ਬੂਤ ਯੂਨੀਅਨ ਵੀ ਬਣਾ ਲਈ ਅਤੇ 10 ਅਪਰੈਲ 1969 ਨੂੰ ਹੜਤਾਲ ਸ਼ੁਰੂ ਹੋ ਗਈ। ਹੜਤਾਲ ਕਾਮਯਾਬ ਹੋਈ ਤਾਂ ਮਾਲਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪ੍ਰਸ਼ਾਸਨ ਅਤੇ ਪੁਲੀਸ ਨੇ ਗ੍ਰਿਫਤਾਰੀਆਂ ਅਤੇ ਤਸ਼ੱਦਦ ਦਾ ਚੱਕਰ ਚਲਾ ਦਿੱਤਾ। ਮਾਸਟਰ



ਹਰਦੇਵ ਸਿੰਘ ਸਲਾਬਤਪੁਰ ਖੇੜੀ ਵਰਗੇ ਅੱਧੀ ਦਰਜਨ ਆਗੂਆਂ 'ਤੇ ਤਸ਼ੱਦਦ ਕੀਤਾ ਗਿਆ। ਤਸ਼ੱਦਦ ਇੰਨਾ ਹੌਲਨਾਕ ਸੀ ਕਿ ਕਮੇਟੀ ਆਗੂ ਸੀਡ ਫਾਰਮ ਦਾ ਸੰਘਰਸ਼ ਵਿਚ-ਵਿਚਾਲੇ ਛੱਡ ਕੇ ਬਦਲੇ ਦੀ ਅੱਗ ਵਿਚ ਭਬਕ ਉਠੇ। ਮਜ਼ਦੂਰਾਂ 'ਤੇ ਜ਼ਿਆਦਾ ਜਬਰ ਚਮਕੌਰ ਸਾਹਿਬ ਥਾਣੇ ਦੀ ਪੁਲੀਸ ਨੇ ਕੀਤਾ ਸੀ। ਇਸ ਥਾਣੇਦਾਰ ਨੂੰ ਸਬਕ ਸਿਖਾਉਣ ਲਈ ਕਮੇਟੀ ਨੇ ਥਾਣੇ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਹਥਿਆਰਬੰਦ ਸਕੁਐਡ ਨੇ 30 ਅਪਰੈਲ 1969 ਨੂੰ ਥਾਣੇ 'ਤੇ ਹਮਲਾ ਕਰਨਾ ਸੀ। ... ਇਹ ਵਿਥਿਆ ਸੁਣਾਉਣ ਵਾਲਾ, ਬਿਰਲਾ ਸੀਡ ਫਾਰਮ ਦਾ ਖਾੜਕੂ ਘੋਲ ਲੜਨ ਵਾਲੀ ਆਗੂ ਟੀਮ ਅਤੇ ਥਾਣੇ 'ਤੇ ਹਮਲਾ ਕਰਨ ਵਾਲੇ ਸਕੁਐਡ ਵਿਚ ਸ਼ਾਮਲ ਤਾਰਾ ਸਿੰਘ ਚਲਾਕੀ 12 ਅਕਤੂਬਰ 2022 ਨੂੰ ਅਕਾਲ ਚਲਾਣਾ ਕਰ ਗਿਆ।

ਤਾਰਾ ਸਿੰਘ ਦਾ ਜੀਵਨ ਸ਼ਾਨਾਮੱਤਾ ਹੈ। ਇਨ੍ਹਾਂ ਇਨਕਲਾਬੀਆਂ ਅੰਦਰ ਜੋਸ਼ ਤਾਂ ਆਰ-ਪਾਰ ਦੀ ਲੜਾਈ ਵਾਲਾ ਸੀ ਪਰ ਫੌਜੀ ਟ੍ਰੇਨਿੰਗ ਪੱਖੋਂ ਕੱਚੇ ਸਨ। ਫਿਰ ਵੀ ਇਨ੍ਹਾਂ ਥਾਣੇ 'ਤੇ ਹਮਲਾ ਕੀਤਾ। ਸਰਕਾਰ ਹਰਕਤ ਵਿਚ ਆ ਗਈ। ਹਮਲੇ ਵਿਚ ਸ਼ਾਮਲ ਬੰਦਿਆਂ ਦੇ ਵਰੰਟ ਕੱਢ ਕੇ ਸਿਰਾਂ ਦੇ ਇਨਾਮ ਰੱਖ ਦਿੱਤੇ। ਤਾਰਾ ਸਿੰਘ ਚਲਾਕੀ ਹੱਥ ਨਾ ਆਇਆ ਤਾਂ ਉਸ ਦੇ 25 ਸਾਲਾ ਭਰਾ ਗੁਰਦਿਆਲ ਸਿੰਘ ਨੂੰ ਕਥਿਤ ਤੌਰ 'ਤੇ ਕਿਤੇ ਖਪਾ ਦਿੱਤਾ ਗਿਆ। ਪੁਲੀਸ ਦੇ ਬਦਲਾ-ਲਊ ਐਕਸ਼ਨਾਂ ਨਾਲ ਮਾਰਕਸੀ-ਲੈਨਿਨੀ ਪਾਰਟੀ ਹੋਰ ਅਤਿ-ਖੱਬੀ ਲਾਈਨ (ਵਿਅਕਤੀਗਤ ਸਫਾਇਆ) ਲੈ ਕੇ ਆ ਗਈ। ਦੋਨਾਂ ਪਾਸਿਆਂ ਤੋਂ ਮਾਰ-ਧਾੜ ਵਧ ਗਈ। ਪੁਲੀਸ ਤਸ਼ੱਦਦ ਵਧਿਆ ਤਾਂ ਪਾਰਟੀ ਨੇ ਬਚੇ ਆਗੂਆਂ ਦੇ ਇਲਾਕੇ ਬਦਲ ਦਿੱਤੇ। ਤਾਰਾ ਸਿੰਘ ਚਲਾਕੀ ਰੂਪੋਸ਼ ਹੋ ਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਜੰਗਲੀ ਇਲਾਕੇ ਅਤੇ ਨਾਲ ਲਗਦੇ ਹਿਮਾਚਲ ਪ੍ਰਦੇਸ਼ ਦੇ ਇਲਾਕੇ ਵਿਚ ਸਰਗਰਮ ਰਿਹਾ।

ਤਾਰਾ ਸਿੰਘ ਨੂੰ ਮੈਂ ਸੰਨ 2000 ਦੇ ਨੇੜੇ ਤੇੜੇ ਮਿਲਿਆ। ਉਦੋਂ ਮੈਂ ਪੰਜਾਬ ਦੀ ਨਕਸਲਬਾੜੀ ਲਹਿਰ ਦਾ ਇਤਿਹਾਸ ਲਿਖਣ ਲਈ ਇਸ ਲਹਿਰ ਦੇ ਪੁਰਾਣੇ ਜੰਗਜੂਆਂ ਨੂੰ ਮਿਲ ਰਿਹਾ ਸੀ। ਤਾਰਾ ਸਿੰਘ ਉੱਚਾ-ਲੰਮਾ, ਭਲਵਾਨਾਂ ਵਰਗੀ ਸਿਹਤ ਅਤੇ ਸੋਹਣਾ ਸੁਨੱਖਾ ਜਚਦਾ ਸੀ। ਜ਼ਿਲ੍ਹਾ ਰੋਪੜ ਤਹਿਸੀਲ ਮੋਰਿੰਡਾ ਦੇ ਪਿੰਡ ਚਲਾਕੀ ਵਿਚ 22 ਅਪਰੈਲ, 1948 ਦਾ ਜਨਮਿਆ ਸੀ। ਇਸ ਦੇ ਕਿਰਤੀ ਬਾਪ ਨੇ ਮਿਹਨਤ ਮੁਸ਼ੱਕਤ ਕਰ ਕੇ ਉਹਨੂੰ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਤੋਂ ਬੀ.ਏ. (1969) ਕਰਵਾ ਦਿੱਤੀ ਸੀ ਪਰ ਭਲੇ ਵੇਲਿਆਂ ਵਿਚ ਵੀ ਇੰਨੀ ਪੜ੍ਹਾਈ ਦੇ ਬਾਵਜੂਦ ਉਸ ਦੇ ਪੱਲੇ ਨੌਕਰੀ ਦੀ ਥਾਂ ਨਿਰਾਸ਼ਾ ਪਈ। ਉਂਝ ਵੀ ਉਦੋਂ ਤਕ ਉਹ ਗਦਰੀਆਂ, ਬੱਬਰਾਂ, ਕਿਰਤੀਆਂ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਰਾਹ ਤੁਰ ਚੁੱਕਾ ਸੀ। ਇਸ ਤੋਂ ਬਾਅਦ ਤਾਂ ਤਹੱਈਆ ਹੀ ਕਰ ਲਿਆ। ਉਨ੍ਹੀਂ ਦਿਨੀਂ 'ਬਸੰਤ ਦੀ ਗਰਜ' ਦੀਆਂ ਗੂੰਜਾਂ ਪੈ ਰਹੀਆਂ ਸਨ। ਇਹ ਬੁਝੇ ਟੁੱਟੇ ਲੋਕਾਂ ਦੀ ਆਵਾਜ਼ ਸੀ। ਉਹ ਆਪਣੇ ਘਰ ਅਤੇ ਦੇਸ਼ ਦੇ ਲੋਕਾਂ ਦੀ ਕੰਗਾਲੀ ਦੂਰ ਕਰਨ ਲਈ ਸਿਆਸੀ ਢਾਂਚਾ ਤਬਦੀਲ ਕਰਨ ਵਿਚ ਲੱਗੇ ਕ੍ਰਾਂਤੀਕਾਰੀਆਂ ਦਾ ਸਾਥੀ ਬਣ ਗਿਆ। ਉਸ ਅਤੇ ਹੋਰ ਆਗੂਆਂ ਦੀ ਅਗਵਾਈ ਵਿਚ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਦੇ ਖਾੜਕੂ ਜਥੇ ਪਾਰਟੀ ਦੀ ਕੁੱਲ ਹਿੰਦ ਪੱਧਰ ਦੀ ਹਥਿਆਰਬੰਦ ਐਕਸ਼ਨਾਂ ਵਾਲੀ ਲਾਈਨ ਲਾਗੂ ਕਰਦੇ ਰਹੇ। ਇਸ ਮਾਰ-ਧਾੜ ਦੌਰਾਨ ਜਬਰ, ਤਸ਼ੱਦਦ ਤੇ ਜੇਲ੍ਹਾਂ ਦਾ ਨਰਕ ਵੱਖਰਾ ਸੀ। ਇਸ ਨੁਕਸਾਨ ਨੂੰ ਦੇਖਦਿਆਂ ਪਾਰਟੀ ਅੰਦਰ ਵਿਅਕਤੀਗਤ ਕਤਲਾਂ ਦਾ ਵਿਰੋਧ ਹੋਣ ਲੱਗਾ। ਇਸੇ ਆਧਾਰ 'ਤੇ ਪਾਰਟੀ ਵਿਚ ਫੁੱਟ ਵੀ ਪੈ ਗਈ। ਤਾਰਾ ਚੰਦ ਵਰਗੇ ਅਨੇਕਾਂ ਆਗੂ ਜੋ ਵਿਅਕਤੀਗਤ ਕਤਲਾਂ ਦੇ ਖ਼ਿਲਾਫ਼ ਹਨ, ਨੇ ਸੀਪੀਆਈ (ਐੱਮਐੱਲ)-ਐੱਸਐੱਨ ਸਿੰਘ ਬਣਾ ਲਈ। ਐਮਰਜੈਂਸੀ ਅਤੇ ਪਾਰਟੀ ਅੰਦਰਲੀਆਂ ਫੁੱਟਾਂ ਨੇ ਲਹਿਰ ਨੂੰ ਭਾਰੀ ਸੱਟ ਮਾਰੀ।

ਕਾਮਰੇਡ ਤਾਰਾ ਸਿੰਘ ਚਲਾਕੀ 17 ਸਾਲ ਰੂਪੋਸ਼ ਰਿਹਾ। ਤਾਰਾ ਸਿੰਘ ਚਲਾਕੀ 1970 ਤੋਂ 1980 ਤਕ ਸੀਪੀਆਈ (ਐੱਮਐੱਲ) ਪੰਜਾਬ-ਹਿਮਾਚਲ ਸੂਬਾ ਕਮੇਟੀ ਮੈਂਬਰ, 1980 ਤੋਂ 1990 ਤਕ ਸੀਪੀਆਈ (ਐੱਮਐੱਲ)-ਐੱਸਐੱਨ ਸਿੰਘ ਪੰਜਾਬ ਦਾ ਸੂਬਾ ਸਕੱਤਰ ਤੇ ਕੇਂਦਰੀ ਕਮੇਟੀ ਮੈਂਬਰ ਅਤੇ 1990 ਤੋਂ ਸੀਪੀਆਈ (ਐੱਮਐੱਲ)-ਐਨਡੀ ਦੇ ਸੂਬਾ ਕਮੇਟੀ ਰਹੇ। ਬੁਢਾਪੇ ਵਿਚ ਇਨ੍ਹਾਂ ਸਵੈ-ਇੱਛਾ ਨਾਲ ਪਾਰਟੀ ਤੋਂ ਛੁੱਟੀ ਲੈ ਲਈ ਅਤੇ ਆਮ ਜੀਵਨ ਜਿਊਣ ਲੱਗੇ। ਉਸ ਵਲੋਂ ਇਨਕਲਾਬੀ ਤਹਿਰੀਕ ਵਿਚ ਪਾਏ ਯੋਗਦਾਨ ਨੂੰ ਲੋਕ ਯਾਦ ਰੱਖਣਗੇ।

---

## ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ!

(ਸਫਾ 14 ਦਾ ਬਾਕੀ)

ਵਾਲਾ ਛੋਟਾ ਜਿਹਾ ਸਾਹਿਤਕ ਮੰਚ ਕਾਇਮ ਕੀਤਾ। ਇਹ ਅੱਠ-ਦਸ ਲੇਖਕ ਮਹੀਨੇ-ਦੋ ਮਹੀਨੇ ਬਾਅਦ ਕਿਸੇ ਨਾ ਕਿਸੇ ਸ਼ਹਿਰ ਵਿਚ, ਕਿਸੇ ਮੈਂਬਰ ਦੇ ਘਰ ਜੁੜ ਬੈਠਦੇ। ਕਦੀ ਜਲੰਧਰ, ਕਦੀ ਅੰਬਰਸਰ, ਕਦੀ ਲੁਧਿਆਣੇ ਤੇ ਕਦੀ ਕਿਤੇ ਹੋਰ। ਸਾਹਿਤ ਸਿਧਾਂਤ, ਛਪ ਰਹੀਆਂ ਰਚਨਾਵਾਂ, ਲੇਖਕ ਦੀ ਪ੍ਰਤੀਬੱਧਤਾ ਬਾਰੇ ਅਤੇ ਹੋਰ ਅਨੇਕਾਂ ਚਲੰਤ ਸਾਹਿਤਕ ਮਸਲਿਆਂ 'ਤੇ ਵਿਚਾਰ-ਚਰਚਾ ਹੁੰਦੀ। ਹੋਰਨਾਂ ਨਾਲ ਔਲਖ ਤੇ ਮੈਂ ਵੀ ਉਹਨਾਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ। ਇਹਨਾਂ ਮੀਟਿੰਗਾਂ ਵਿਚ ਮੈਨੂੰ ਔਲਖ ਦੇ ਵਿਚਾਰ ਤਾਂ ਚੰਗੇ ਲੱਗਦੇ ਹੀ ਪਰ ਇਸ ਤੋਂ ਵੀ ਵੱਧ ਉਹਦੀ ਸਾਦਗੀ, ਸਾਫ਼ਗੋਈ ਤੇ ਸਾਧਾਰਨਤਾ ਵਧੇਰੇ ਮੋਹਦੀ।

ਜਿਵੇਂ ਅਸੀਂ ਕੇਂਦਰੀ ਪੰਜਾਬੀ ਲੇਖਕ ਸਭਾ (ਗੈਰ-ਸਰਕਾਰੀ) ਬਣਾ ਲਈ ਸੀ, ਓਸੇ ਤਰਜ਼ 'ਤੇ ਔਲਖ ਨੇ ਮਾਨਸਾ ਵਿਖੇ ਪੁਰਾਣੀ ਤੇ ਇੱਕ ਤਰ੍ਹਾਂ ਨਾਲ ਮਰ ਚੁੱਕੀ 'ਸਾਹਿਤ ਸਭਾ' ਦੇ ਮੁਕਾਬਲੇ 'ਲਿਖਾਰੀ ਸਭਾ' ਮਾਨਸਾ ਬਣਾ ਲਈ ਜਿਸ ਦੇ ਬੈਨਰ ਅਤੇ ਔਲਖ ਦੀ ਸਰਪ੍ਰਸਤੀ ਹੇਠ ਕਈ 'ਇਨਕਲਾਬੀ' ਸਾਹਿਤਕ ਤੇ ਸਭਿਆਚਾਰਕ ਸਮਾਗਮ (ਗੋਸ਼ਟੀਆਂ, ਕਵੀ ਦਰਬਾਰ ਆਦਿ) ਕਰਵਾਏ ਗਏ। ਇਹਨਾਂ ਸਮਾਗਮਾਂ ਵਿਚ ਨਕਸਲੀ ਲੇਖਕਾਂ, ਕਵੀਆਂ ਤੇ ਪ੍ਰਬੰਧਕਾਂ ਦਾ ਹੀ ਬੋਲ-ਬਾਲਾ ਹੁੰਦਾ। ਕਵੀ ਦਰਬਾਰਾਂ ਵਿਚ ਪਾਸ਼, ਉਦਾਸੀ, ਜੈਮਲ ਪੱਡਾ ਵਰਗੇ ਸ਼ਾਇਰ ਜ਼ਰੂਰ ਬੁਲਾਏ ਜਾਂਦੇ। ਇੱਕ ਵਾਰ ਜਲੰਧਰ ਤੋਂ ਕੇਵਲ ਕੌਰ ਵੀ ਕਵੀ ਦਰਬਾਰ ਵਿਚ ਹਿੱਸਾ ਲੈਣ ਪਹੁੰਚੀ।

ਔਲਖ ਦੀ ਏਸੇ ਸਭਾ ਵੱਲੋਂ ਪੰਜਾਬ ਪੱਧਰ ਦੇ ਕਰਵਾਏ ਵੱਡੇ ਸਾਹਿਤਕ ਤੇ ਸਭਿਆਚਾਰਕ ਸਮਾਗਮ ਦੀ ਯਾਦ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਇਕੱਠ ਵਿਚ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿਚੋਂ ਲੇਖਕ ਹੁੰਮ-ਹੁਮਾ ਕੇ ਪਹੁੰਚੇ ਸਨ। ਹਰਭਜਨ ਹਲਵਾਰਵੀ ਉਹਨੀਂ ਦਿਨੀਂ ਅੰਡਰ-ਗਰਾਊਂਡ ਸੀ ਤੇ ਪਿਛਲੇ ਕੁਝ ਦਿਨਾਂ ਤੋਂ ਮੇਰੇ ਪਿੰਡ ਮੇਰੇ ਕੋਲ ਹੀ ਟਿਕਿਆ ਹੋਇਆ ਸੀ। ਅਸੀਂ ਦੋਵੇਂ ਸੁਰ ਸਿੰਘ ਤੋਂ ਚੱਲ ਕੇ ਮਾਨਸਾ ਪਹੁੰਚੇ। ਜੇ ਹਲਵਾਰਵੀ ਉਹਨੀਂ ਦਿਨੀਂ ਮੇਰੇ ਕੋਲ ਨਾ ਹੁੰਦਾ ਤਾਂ ਸ਼ਾਇਦ ਮੈਂ ਆਪਣੇ ਪਿੰਡ ਤੋਂ ਚੱਲ ਕੇ, ਬੱਸਾਂ ਵਿਚ ਧੱਕੇ ਖਾਂਦਾ, ਏਨੀ ਦੂਰ ਮਾਨਸੇ ਨਾ ਹੀ ਜਾਂਦਾ।

ਓਥੇ ਮੇਲੇ ਵਰਗਾ ਮਾਹੌਲ ਸੀ। ਦਿਨ ਦੇ ਸਮਾਗਮ ਵਿਚ ਮਾਹੌਲ ਭਖਿਆ ਹੋਇਆ ਸੀ। ਲੇਖਕਾਂ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ। ਔਲਖ ਨੇ ਮਘਦੇ ਹੋਏ ਦਿਲਾਂ ਦੀ ਲੋਅ ਨੂੰ ਇੱਕ ਹਾਲ ਵਿਚ ਲਿਸ਼ਕਣ ਦਾ ਮੌਕਾ ਮੁਹੱਈਆ ਕਰਵਾ ਕੇ ਪੁੰਨ ਦਾ ਕੰਮ ਕੀਤਾ ਸੀ। ਏਥੇ ਮੈਨੂੰ ਕਈ ਹੋਰ ਨਵੇਂ ਲੇਖਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਸੰਤ ਰਾਮ ਉਦਾਸੀ ਨੇ ਗੀਤ ਗਾਇਆ:

ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,
ਖ਼ੈਰ ਸੁੱਖ ਦਾ ਸੁਨੇਹੜਾ ਲਿਆ।
ਓਸ ਮਾਂ ਦਾ ਬਣਿਆ ਕੀ ਆਂਦਰਾਂ ਦੀ ਅੱਗ ਜਿਹਦੀ
ਗਈ ਕਸਤੂਰੀਆਂ ਖਿੰਡਾ!

ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਨਕਸਲੀ ਮਿੱਤਰਾਂ ਦੀ ਯਾਦ ਦੀ ਪੀੜ ਅੱਗ ਵਰਗੇ ਹਉਕੇ ਵਿਚ ਤਬਦੀਲ ਹੋ ਰਹੀ ਸੀ। ਵਾਰ-ਵਾਰ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲੱਗਦੇ ਤੇ ਅਸਮਾਨ ਵੱਲ ਬਾਹਾਂ ਉੱਲਰਦੀਆਂ। ਰਾਤ ਦੇ ਸਮਾਗਮ ਵਿਚ ਕਵੀ ਦਰਬਾਰ ਤੇ ਨਾਟਕ ਹੋਏ। ਮਘੇ ਹੋਏ ਮਾਹੌਲ ਦਾ ਜਾਦੂ ਹੀ ਸੀ ਕਿ ਕਵੀ ਦਰਬਾਰ ਵਿਚ ਮੈਂ ਵੀ ਆਪਣਾ ਗੀਤ 'ਲਾਲੋਆਂ ਦਾ ਯਾਰ, ਦੇ ਕੇ ਭਾਗੋ ਨੂੰ ਵੰਗਾਰ, ਗੱਲ ਸੱਚ ਦੀ ਕਹੇ' ਗਾਉਣ ਲੱਗ ਪਿਆ। ਅੰਡਰ-ਗਰਾਊਂਡ ਹੋਣ ਕਰ ਕੇ ਹਲਵਾਰਵੀ ਤਾਂ ਸਟੇਜ 'ਤੇ ਨਹੀਂ ਸੀ ਜਾ ਸਕਦਾ। ਰਾਤ ਦੇ ਸਮਾਗਮ ਤੋਂ ਵਿਹਲੇ ਹੋਣ ਤੋਂ ਬਾਅਦ ਅਸੀਂ ਉਹ ਰਾਤ ਅਜਮੇਰ ਔਲਖ ਦੀ ਸੰਗਤ ਵਿਚ ਕੱਟੀ। ਲੰਮੀਆਂ ਗੱਲਾਂ ਹੋਈਆਂ। ਅਜਿਹਾ ਬਾ-ਕਮਾਲ ਤੇ ਬੇਮਿਸਾਲ ਸਮਾਗਮ ਕਰਵਾ ਸਕਣ ਦੀ, ਔਲਖ ਦੀ ਸਮਰੱਥਾ ਬਾਰੇ ਹਲਵਾਰਵੀ ਤੇ ਮੈਂ, ਔਲਖ ਦੀ ਤਾਰੀਫ਼ ਕਰ ਰਹੇ ਸਾਂ ਪਰ ਇਹ ਔਲਖ ਦੀ ਨਿਰਮਾਣਤਾ ਸੀ ਕਿ ਉਹਨੇ ਥੋੜੀ ਕੁ ਧੌਣ ਟੇਢੀ ਕੀਤੀ ਤੇ ਇੱਕ ਅੱਖ ਮੀਟ ਕੇ ਮੁਸਕਰਾਉਂਦੇ ਹੋਏ ਏਨਾ ਆਖ ਕੇ ਗੱਲ ਮੁਕਾ ਦਿੱਤੀ, "ਹਾਂ, ਠੀਕ ਈ ਹੋ ਗਿਐ! ਤੁਸੀਂ ਸਾਰੇ ਆ'ਗੇ। ਮੇਲਾ ਬਣ ਗਿਆ। ਮੈਂ ਤਾਂ ਤੁਹਾਨੂੰ 'ਕੱਠੇ ਕਰਨ ਲਈ ਵਸੀਲਾ ਬਣਿਆਂ। ਹੋਰ ਕੁਸ ਨੀਂ।"

ਦਿਨ ਚੜ੍ਹਿਆ। ਛਾਹ ਵੇਲਾ ਕਰਨ ਤੋਂ ਬਾਅਦ ਤੁਰਨ ਲੱਗੇ ਤਾਂ ਅਸੀਂ ਔਲਖ ਦੇ ਪਰਿਵਾਰ ਨੂੰ ਮਿਲ ਰਹੇ ਸਾਂ। ਇੱਕ ਗੱਲ ਮੇਰੇ ਚੇਤਿਆਂ ਵਿਚ ਅੱਜ ਵੀ ਜਗ ਰਹੀ ਹੈ। ਔਲਖ ਨੇ ਆਪਣੀ ਵੱਡੀ ਧੀ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਸਾਡੀ ਵੱਡੀ ਧੀ ਸੁਪਨਦੀਪ।"

ਹਲਵਾਰਵੀ ਨੇ ਬਾਲੜੀ ਧੀ ਦੇ ਗੋਭਲੇ ਚਿਹਰੇ ਨੂੰ ਹੱਥਾਂ ਵਿਚ ਲੈ ਕੇ ਮੁਸਕਰਾਉਂਦਿਆਂ ਕਿਹਾ, "ਇਹ 'ਸੁਪਨਦੀਪ' ਕਿੱਥੇ ਏ, ਇਹ ਤਾਂ 'ਵਾਸਤਵ-ਦੀਪ' ਏ।"

ਹਲਵਾਰਵੀ ਦੀ ਗੱਲ ਸੱਚੀ ਸੀ। ਔਲਖ ਨੇ ਆਪਣੀਆਂ ਧੀਆਂ ਦੀ ਅਜਿਹੀ ਪਰਵਰਿਸ਼ ਕੀਤੀ ਕਿ ਉਹ 'ਵਾਸਤਵ-ਦੀਪ' ਬਣ ਕੇ ਜਗੀਆਂ। ਪਿਤਾ ਦੀ ਬਾਲੀ ਜੋਤ ਨੂੰ ਆਪਣੇ ਹੱਥਾਂ ਵਿਚ ਲੈ ਕੇ ਪਹਿਲਾਂ ਉਹਦੇ ਬਰਾਬਰ ਦੌੜਦੀਆਂ ਰਹੀਆਂ ਤੇ ਉਹਦੇ ਜਾਣ ਤੋਂ ਬਾਅਦ ਵੀ ਇਹ ਜੋਤ ਜਗਦੀ ਰੱਖੀ।

ਇਹ ਵੀ ਦੱਸਦਾ ਜਾਵਾਂ ਕਿ 'ਸੁਪਨਦੀਪ' ਨਾਂ ਮੈਨੂੰ ਏਨਾ ਚੰਗਾ ਲੱਗਾ ਕਿ ਜਦ ਮੇਰੇ ਘਰ ਪੁੱਤ ਜੰਮਿਆਂ ਤਾਂ ਮੈਂ ਉਹਦਾ ਨਾਂ ਵੀ 'ਸੁਪਨਦੀਪ' ਰੱਖਿਆ।

ਸਾਡੇ ਪਰਿਵਾਰਾਂ ਦੀ ਮੁਕੰਮਲ ਮਿਲਣੀ ਹਰਭਜਨ ਹਲਵਾਰਵੀ ਦੇ ਪਹਿਲੇ ਵਿਆਹ ਮੌਕੇ ਹੋਈ। ਮੇਲ ਵਾਲੇ ਦਿਨ ਔਲਖ ਦੰਪਤੀ ਤੇ ਬੱਚੀਆਂ ਅਤੇ ਅਸੀਂ ਦੋਵੇਂ ਜੀਅ ਆਪਣੀ ਬੱਚੀ ਰੂਪ ਸਮੇਤ ਹਲਵਾਰਵੀ ਦੇ ਸੁਧਾਰ ਵਾਲੇ ਘਰ ਪਹੁੰਚੇ। 'ਦੋਵੇਂ ਭੈਣਾਂ', ਸਾਡੀਆਂ ਪਤਨੀਆਂ ਆਪਸ ਵਿਚ ਘੁਲ-ਮਿਲ ਗਈਆਂ। ਕੋਈ ਓਪਰਪਨ ਨਾ ਰਿਹਾ। ਉਸ ਤੋਂ ਬਾਅਦ ਜਦ ਵੀ ਮਿਲੇ ਮਨਜੀਤ ਭੈਣ ਨੇ ਸਦਾ ਵੱਡੀ ਭੈਣ ਵਾਲਾ ਮੋਹ ਤੇ ਅਪਣੱਤ ਜਤਾਈ। ਜਦ ਵੀ ਮਿਲਦੇ ਲੱਗਦਾ, ਜਿਵੇਂ ਆਪਣੇ ਹੀ ਪਰਿਵਾਰ ਦੇ ਕਿਸੇ ਜੀਅ ਨੂੰ ਮਿਲ ਰਹੇ ਹੋਈਏ।

1981 ਵਿਚ ਪੰਜਾਬੀ ਸਾਹਿਤ ਅਕਾਦਮੀ ਨੇ ਜਿਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਨੂੰ ਇਨਾਮ ਦਿੱਤਾ, ਉਹਨਾਂ ਵਿਚ ਸੁਰਜੀਤ ਪਾਤਰ ਤੇ ਅਜਮੇਰ ਔਲਖ ਦੇ ਨਾਲ ਮੇਰਾ ਨਾਂ ਵੀ ਸ਼ਾਮਲ ਸੀ। ਅਗਲੇ ਦਿਨ ਇੰਡੀਅਨ ਐਕਸਪ੍ਰੈੱਸ, ਅੰਗਰੇਜ਼ੀ ਤੇ ਪੰਜਾਬੀ ਟ੍ਰਿਬਿਊਨ ਦੇ ਪਹਿਲੇ ਸਫ਼ਿਆਂ 'ਤੇ ਸਾਡੀ ਛੇ ਕਾਲਮੀ ਤਸਵੀਰ ਛਪੀ। ਇਨਾਮ ਮਿਲਣ 'ਤੇ ਮੈਂ ਇਹ ਕਿਹਾ ਸੀ, "ਮੈਨੂੰ ਇਹ ਇਨਾਮ ਮਿਲਣ ਦੀ ਇਸ ਕਰ ਕੇ ਵੀ ਬਹੁਤ ਖੁਸ਼ੀ ਹੈ ਕਿ ਮੈਨੂੰ ਇਹ ਇਨਾਮ ਮੇਰੇ ਸਮਕਾਲੀ ਦੋ ਵੱਡੇ ਲੇਖਕਾਂ- ਪਾਤਰ ਤੇ ਔਲਖ ਦੇ ਨਾਲ ਮਿਲ ਰਿਹਾ ਹੈ। ਇਹਨਾਂ ਦੋਵਾਂ ਲੇਖਕਾਂ ਦੇ ਬਰਾਬਰ ਖਲੋਣਾ ਹੀ ਮੇਰੀ ਵੱਡੀ ਪ੍ਰਾਪਤੀ ਹੈ।"

ਨਿਰਸੰਦੇਹ ਇਹ ਦੋਵੇਂ ਲੇਖਕ ਉਦੋਂ ਵੀ ਤੇ ਹੁਣ ਵੀ ਮੇਰੇ ਨਾਲੋਂ ਕਿਤੇ ਵੱਡੇ ਸਨ/ਹਨ ਪਰ ਇਹ ਇਹਨਾਂ ਦੀ ਵਡਿਆਈ ਹੈ ਕਿ ਮੈਨੂੰ 'ਬੈਠੇ' ਹੋਏ ਨੂੰ ਬਾਹੋਂ ਫੜ ਕੇ ਆਪਣੇ ਨਾਲ ਬਰਾਬਰ ਖੜ੍ਹਾ ਕਰ ਲੈਂਦੇ ਰਹੇ ਹਨ।

ਮੈਨੂੰ ਕੋਈ ਇਨਾਮ ਸਨਮਾਨ ਮਿਲਣਾ ਹੁੰਦਾ ਤਾਂ ਔਲਖ ਆਪਣੀ ਹਾਜ਼ਰੀ ਨਾਲ ਸਮਾਗਮ ਨੂੰ 'ਸ਼ਾਨਾਂਮੱਤਾ ਬਣਾ ਦਿੰਦਾ। ਜਦ ਕਦੀ ਉਹਨੂੰ ਕਾਲਜ ਵਿਚ ਰੂਬਰੂ ਕਰਨ ਲਈ ਬੁਲਾਇਆ, ਉਹ ਮਾਨਸੇ ਤੋਂ ਜਲੰਧਰ ਤੱਕ ਆਪਣੀ ਮਾਰੂਤੀ ਕਾਰ ਭਜਾਉਂਦਾ ਸਮੇਂ ਤੋਂ ਪਹਿਲਾਂ ਪਹੁੰਚਿਆ ਹੁੰਦਾ। ਜਦ ਕਿਤੇ ਨਾਟਕ ਕਰਨ ਲਈ ਬੇਨਤੀ ਕਰਦਾ, ਉਹ ਆਪਣੀ ਟੀਮ ਨਾਲ ਉੱਡਿਆ ਆਉਂਦਾ। ਅਸੀਂ ਆਪਣੇ ਪਿੰਡ ਦੇ ਗ਼ਦਰੀ ਸ਼ਹੀਦਾਂ ਦੀ ਯਾਦ ਵਿਚ ਹਾਲ ਉਸਾਰਿਆ। ਉਸ ਹਾਲ ਦਾ ਉਦਘਾਟਨ ਕਰਨ ਵਾਸਤੇ ਕੀਤੇ ਜਾਣ ਵਾਲੇ ਸਮਾਗਮ ਵਿਚ ਅਸੀਂ ਅਜਮੇਰ ਔਲਖ ਦਾ ਨਾਟਕ ਕਰਵਾਉਣ ਦਾ ਫ਼ੈਸਲਾ ਕੀਤਾ। ਜਦੋਂ ਤੱਕ ਅਸੀਂ ਜਲੰਧਰੋਂ ਚੱਲ ਕੇ ਸਮਾਗਮ ਸਥਾਨ 'ਤੇ ਪਹੁੰਚੇ, ਉਦੋਂ ਕਿਤੇ ਪਹਿਲਾਂ ਔਲਖ ਦੰਪਤੀ ਆਪਣੀ ਟੀਮ ਸਮੇਤ ਸੈਂਕੜੇ ਮੀਲ ਦਾ ਪੈਂਡਾ ਕਰ ਕੇ ਸਾਡੇ ਪਿੰਡ ਪਹੁੰਚ ਚੁੱਕੀ ਸੀ ਤੇ ਔਲਖ ਨਾਟਕ ਲਈ ਸਟੇਜ ਤਿਆਰ ਕਰਨ ਵਿਚ ਰੁੱਝਾ ਹੋਇਆ ਸੀ। ਓਥੇ ਉਹਨੇ ਮੇਰੀ ਹੀ ਕਹਾਣੀ 'ਤੇ ਆਧਾਰਿਤ ਨਾਟਕ 'ਆਪਣਾ ਆਪਣਾ ਹਿੱਸਾ' ਖੇਡ ਕੇ ਪਿੰਡ ਦੇ ਦਰਸ਼ਕਾਂ ਨੂੰ ਕੀਲ ਲਿਆ।

ਮੇਰੇ ਬੇਟੇ ਸੁਪਨਦੀਪ ਨੇ ਕੈਨੇਡਾ ਵਿਚ ਆ ਕੇ ਮਾਸਿਕ ਪੱਤਰ 'ਸੀਰਤ' ਦੀ ਪ੍ਰਕਾਸ਼ਨਾ ਸ਼ੁਰੂ ਕੀਤੀ ਤਾਂ ਉਹਨੇ ਅਜਮੇਰ ਔਲਖ ਨੂੰ ਬੇਨਤੀ ਕੀਤੀ ਕਿ ਉਹ 'ਸੀਰਤ' ਵਾਸਤੇ ਜ਼ਰੂਰ ਕੁਝ ਲਿਖ ਕੇ ਭੇਜਿਆ ਕਰੇ। ਕੁਝ ਮੇਰਾ ਲਿਹਾਜ਼, ਕੁਝ ਭਤੀਜੇ ਦਾ ਮਾਣ; ਔਲਖ ਨੇ 'ਸੀਰਤ' ਵਾਸਤੇ ਲਗਾਤਾਰ ਆਪਣੀ ਸਵੈ-ਜੀਵਨੀ ਲਿਖਣੀ ਸ਼ੁਰੂ ਕੀਤੀ। ਸੁਪਨਦੀਪ ਨੇ 'ਪ੍ਰਾਈਮ ਏਸ਼ੀਆ' ਟੀ.ਵੀ. 'ਤੇ ਅਜਮੇਰ ਔਲਖ ਦੇ ਜੀਵਨ ਅਤੇ ਕਲਾ ਬਾਰੇ ਵਿਸ਼ੇਸ਼ ਪ੍ਰੋਗਰਾਮ ਕੀਤਾ। ਇਸ ਤੋਂ ਇਲਾਵਾ ਇੱਕ ਪ੍ਰੋਗਰਾਮ ਉਹਨੇ ਉਚੇਚੇ ਤੌਰ 'ਤੇ ਔਲਖ ਦੀ ਮਾਂ ਦੀ ਵਿਸ਼ੇਸ਼ਤਾ ਤੇ ਔਲਖ ਦੇ ਜੀਵਨ ਵਿਚ ਉਹਦੇ ਯੋਗਦਾਨ ਬਾਰੇ ਵੀ ਬਾਰੇ ਕੀਤਾ ਸੀ। ਦੋਵੇਂ ਪ੍ਰੋਗਰਾਮ ਅੱਜ ਵੀ ਯੂਟਿਊਬ 'ਤੇ ਵੇਖੇ ਜਾ ਸਕਦੇ ਹਨ।

ਮੈਨੂੰ ਲੇਖਕ ਹੋਣ ਦਾ ਸਰਟੀਫਿਕੇਟ ਦਿੱਤਾ

ਲੇਖਕ ਭਾਵੇਂ ਕੋਈ ਵੀ ਹੋਵੇ, ਆਪਣੀਆਂ ਲਿਖਤਾਂ ਦੇ ਕਦਰਦਾਨ ਬੋਲਾਂ ਦੀ ਉਡੀਕ ਵਿਚ ਰਹਿੰਦਾ ਹੈ। ਜੇ ਉਹਦੀ ਕਦਰ ਕਿਸੇ ਵੱਡੇ ਆਲੋਚਕ ਦੀ ਥਾਂ ਉਹਦੇ ਕਿਸੇ ਵੱਡੇ ਸਮਕਾਲੀ ਲੇਖਕ ਨੇ ਕੀਤੀ ਹੋਵੇ ਤਾਂ ਉਹ ਰਾਇ ਉਸ ਲਈ ਹੋਰ ਵੀ ਵਧੇਰੇ ਮਹੱਤਵਪੂਰਨ ਹੁੰਦੀ ਹੈ। ਮੇਰੇ ਬਾਰੇ ਲਗਭਗ ਸਾਰੇ ਕਹਿੰਦੇ-ਕਹਾਉਂਦੇ ਆਲੋਚਕਾਂ ਨੇ ਲਿਖਿਆ ਹੈ ਪਰ ਜੋ ਖ਼ੁਸ਼ੀ ਮੈਨੂੰ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਗੁਰਸ਼ਰਨ ਸਿੰਘ, ਰਾਮ ਸਰੂਪ ਅਣਖੀ, ਪਾਸ਼, ਸੁਰਜੀਤ ਪਾਤਰ ਦੀਆਂ ਮੁਹੱਬਤੀ ਸਤਰਾਂ ਨੇ ਦਿੱਤੀ ਹੈ, ਓਨੀ ਵੱਡੇ ਆਲੋਚਕਾਂ ਦੇ ਵੱਡੇ ਲੇਖਾਂ ਨੇ ਨਹੀਂ ਦਿੱਤੀ। ਸਮੇਂ-ਸਮੇਂ ਅਜਮੇਰ ਔਲਖ ਨੇ ਵੀ ਮੇਰੀਆਂ ਲਿਖਤਾਂ ਅਤੇ ਮੇਰੇ ਵਿਚਾਰਾਂ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ। 'ਭੱਜੀਆਂ ਬਾਹੀਂ' ਬਾਰੇ ਲਿਖੀ ਉਸ ਦੀ ਰਾਇ ਇਸ ਦੇ ਸਬੂਤ ਵਜੋਂ ਦਰਜ ਕੀਤੀ ਗਈ ਸੀ। ਏਥੇ ਮੈਂ ਅਜਮੇਰ ਔਲਖ ਦਾ ਇੱਕ ਈ-ਮੇਲ ਪੱਤਰ ਸਾਂਝਾ ਕਰ ਰਿਹਾਂ ਜੋ ਉਹਨੇ 25 ਅਪਰੈਲ 2013 ਨੂੰ ਲਿਖਿਆ ਸੀ। ਉਹਦੇ ਇਸ ਪੱਤਰ ਨੂੰ ਮੈਂ 'ਸਰਟੀਫਿਕੇਟ' ਵਜੋਂ ਆਪਣੇ ਨਵੇਂ ਛਪੇ ਕਹਾਣੀ ਸੰਗ੍ਰਹਿ 'ਜਮਰੌਦ' ਦੇ ਪਿਛਲੇ ਪੰਨੇ 'ਤੇ ਦਰਜ ਕੀਤਾ ਹੈ। ਪਰਿਵਾਰ ਦੀ ਸੁੱਖ-ਸਾਂਦ ਪੁੱਛਣ ਤੋਂ ਬਾਅਦ ਉਹਨੇ ਲਿਖਿਆ ਸੀ:


ਪਿਆਰੇ ਸੰਧੂ-

'ਸਿਰਜਣਾ' ਵਿਚ ਪਹਿਲਾਂ ਤੁਹਾਡੀਆਂ ਕਹਾਣੀਆਂ 'ਜਮਰੌਦ' ਤੇ 'ਰਿਮ ਝਿਮ ਪਰਬਤ' ਪੜ੍ਹੀਆਂ ਸਨ ਤੇ ਹੁਣ ਤੁਹਾਡੀ ਸਵੈ-ਜੀਵਨੀ ਦਾ ਹਿੱਸਾ ਪੜ੍ਹਿਆ। ਇਹ ਤੁਹਾਡੀ ਸਵੈ-ਜੀਵਨੀ ਦਾ ਹਿੱਸਾ ਤਾਂ ਹੈ ਹੀ ਪਰ ਬਹੁਤ ਖ਼ੂਬਸੂਰਤ ਲਿਟਰੇਰੀ ਪੀਸ ਵੀ ਬਣ ਗਿਆ ਹੈ। ਰਿਸ਼ਤਿਆਂ ਦੀ ਥਹੁ ਪਾਉਣ ਵਾਲਾ ਲਿਟਰੇਰੀ ਪੀਸ। ਬੇਸ਼ੱਕ ਪੰਜਾਬੀ ਕਹਾਣੀ ਜਗਤ ਵਿਚ ਅਜੇ ਵੀ ਝੰਡਾ ਵਰਿਆਮ ਸੰਧੂ ਦੇ ਹੱਥ ਹੀ ਹੈ। ਤੁਹਾਡੇ ਵਰਗੇ ਜਿਹੜੇ ਲੇਖਕ ਜ਼ਿੰਦਗੀ ਨਾਲ ਵਫ਼ਾ ਨਿਭਾਉਂਦੇ ਹਨ, ਉਹਨਾਂ ਦੇ ਹੱਥੋਂ ਸਾਹਿਤਕ ਝੰਡਾ ਕੋਈ ਲੱਲੂ-ਪੰਜੂ ਨਹੀਂ ਖੋਹ ਸਕਦਾ। ਬਹੁਤ-ਬਹੁਤ ਵਧਾਈਆਂ ਛੋਟੇ ਵੀਰ ਤੇ ਵੱਡੇ ਲੇਖਕ। ਰਜਵੰਤ ਭੈਣ ਨੂੰ ਸਤਿਕਾਰ, ਸੁਪਨ ਤੇ ਧੀਆਂ ਨੂੰ ਪਿਆਰ। -ਤੁਹਾਡਾ ਆਪਣਾ, ਅਜਮੇਰ ਔਲਖ

**(ਚੱਲਦਾ)**

# 1984 ਦੀਆਂ ਯਾਦਾਂ: ਜਲ ਰਹੀ ਦਿੱਲੀ

*ਹੱਕਾਂ ਦੀ ਉਘੀ ਕਾਰਕੁਨ ਨੰਦਿਤਾ ਹਕਸਰ ਹੱਕਾਂ ਦੇ ਕਾਰਕੁਨਾਂ ਦੀ ਉਸ ਟੋਲੀ ਦੀ ਮੈਂਬਰ ਸੀ ਜਿਨ੍ਹਾਂ ਨੇ ਕਤਲੇਆਮ-1984 ਦੇ ਤੱਥ ਤੁਰੰਤ ਕਲਮਬੱਧ ਕਰਕੇ ਜੁਅਰਤਮੰਦ ਰਿਪੋਰਟ 'ਦੋਸ਼ੀ ਕੌਣ ਹਨ?' ਪੇਸ਼ ਕੀਤੀ। ਦੂਜੇ ਮਹੱਤਵਪੂਰਨ ਮੈਂਬਰ ਗੌਤਮ ਨਵਲੱਖਾ ਹਨ ਜੋ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹ 'ਚ ਬੰਦ ਹਨ। ਹੱਕਾਂ ਦੇ ਇਨ੍ਹਾਂ ਪਹਿਰੇਦਾਰਾਂ ਨੇ ਘੋਰ ਨਫ਼ਰਤ ਤੇ ਹਿੰਸਾ ਦੇ ਆਲਮ 'ਚ ਘੱਟਗਿਣਤੀ ਭਾਈਚਾਰੇ ਦਾ ਡਟ ਕੇ ਸਾਥ ਦਿੱਤਾ। ਅਨਿਆਂਕਾਰੀ ਰਾਜ ਵਿਰੁੱਧ ਇਨਸਾਫ਼ ਦੀ ਲੜਾਈ ਅੱਜ ਵੀ ਜਾਰੀ ਹੈ। 2014 'ਚ ਲਿਖੀ ਇਸ ਲਿਖਤ ਵਿਚ ਨੰਦਿਤਾ ਨੇ ਉਸ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਸਨ ਜੋ ਉਦੋਂ ਦੇ ਹਾਲਾਤ ਨੂੰ ਸਮਝਣ 'ਚ ਸਹਾਇਤਾ ਕਰ ਸਕਦੀਆਂ ਹਨ। ਇਸ ਮਹੱਤਵ ਦੇ ਮੱਦੇਨਜ਼ਰ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।*



**ਨੰਦਿਤਾ ਹਕਸਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

-1-

ਜਿਸ ਪਲ ਮੈਂ ਸੁਣਿਆ ਕਿ ਇੰਦਰਾ ਗਾਂਧੀ ਦਾ ਕਤਲ ਹੋ ਗਿਆ, ਮੈਂ ਉਮੀਦ ਕੀਤੀ ਕਿ ਕਾਤਲ ਸਿੱਖ ਨਹੀਂ ਸੀ। ਮੇਰੇ ਮਾਤਾ-ਪਿਤਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਇਹ ਖ਼ਬਰ ਸੁਣੀ ਕਿ ਗਾਂਧੀ ਜੀ ਦੀ ਹੱਤਿਆ ਕਰ ਦਿੱਤੀ ਗਈ ਹੈ ਤਾਂ ਉਨ੍ਹਾਂ ਨੂੰ ਉਮੀਦ ਸੀ ਕਿ ਕਾਤਲ ਮੁਸਲਮਾਨ ਨਹੀਂ ਸੀ। ਅਸੀਂ ਅਜੀਬ ਮੁਲਕ ਵਿਚ ਰਹਿੰਦੇ ਹਾਂ; ਜਦੋਂ ਸਾਡੇ ਆਗੂਆਂ ਦਾ ਕਤਲ ਹੁੰਦਾ ਹੈ ਤਾਂ ਅਸੀਂ ਉਮੀਦ ਕਰਦੇ ਹਾਂ ਕਿ ਕਾਤਲ ਘੱਟ-ਗਿਣਤੀ ਭਾਈਚਾਰੇ ਵਿਚੋਂ ਨਹੀਂ ਹਨ; ਘੱਟੋ-ਘੱਟ ਸਾਡੇ ਵਿਚੋਂ ਜੋ ਚਾਹੁੰਦੇ ਹਨ ਕਿ ਭਾਰਤ ਸਾਰੇ ਭਾਈਚਾਰਿਆਂ ਦਾ ਹੋਵੇ।

-2-

ਅਗਲੀ ਸਵੇਰ ਮੈਂ ਮੁਨਿਰਕਾ ਵਿਚ ਆਪਣੇ ਘਰ ਦੇ ਸਾਹਮਣੇ ਗੁਰੂ ਹਰਕ੍ਰਿਸ਼ਨ ਸਕੂਲ ਸੜਦਾ ਦੇਖਿਆ। ਸਾਡੀ ਕਲੋਨੀ ਦੀ ਛੋਟੀ ਜਿਹੀ ਭੀੜ ਖੜ੍ਹੀ ਦੇਖ ਰਹੀ ਸੀ ਅਤੇ ਕਿਸੇ ਨੇ ਕਿਹਾ: "ਅੰਦਰ ਬੱਚੇ ਹੋ ਸਕਦੇ ਹਨ।"

ਤਦ ਮੇਰੇ ਕੋਲ ਖੜ੍ਹੇ ਇਕ ਨੌਜਵਾਨ ਨੇ ਕਿਹਾ: "ਆਓ ਆਂਟੀ।" ਮੈਨੂੰ ਨਹੀਂ ਪਤਾ ਕਿ ਬਾਕੀ ਪੰਜ ਆਦਮੀ ਕੌਣ ਸਨ ਪਰ ਅਸੀਂ ਖੁੱਲ੍ਹੇ ਮੈਦਾਨ ਵਿਚੋਂ ਦੀ ਸਕੂਲ ਵੱਲ ਭੱਜੇ। ਪੁਲਿਸ ਵਾਲਿਆਂ ਨਾਲ ਭਰੀ ਜੀਪ ਉੱਥੇ ਮੌਜੂਦ ਸੀ। ਉਨ੍ਹਾਂ ਨੂੰ ਦੇਖ ਕੇ ਮੈਨੂੰ ਰਾਹਤ ਮਿਲੀ। ਜਿਉਂ ਹੀ ਅਸੀਂ ਪਹੁੰਚੇ, ਪੁਲਿਸ ਵਾਲੇ ਸਕੂਲ ਸੜਦਾ ਅਤੇ ਸਿੱਖਾਂ ਨੂੰ ਕਲਾਸ ਰੂਮ ਵਿਚ ਫਸੇ ਛੱਡ ਕੇ ਚਲੇ ਗਏ, ਤੇ ਹਿੰਸਕ ਭੀੜ ਮੁਨਿਰਕਾ ਪਿੰਡ ਤੋਂ ਸਾਡੇ ਵੱਲ ਆ ਰਹੀ ਸੀ।

-3-

ਮੈਂ ਕਮਰੇ ਅੰਦਰ ਲੁਕੇ ਸਿੱਖਾਂ ਨੂੰ ਬਾਹਰ ਆਉਣ ਲਈ ਕਿਹਾ ਕਿ ਅਸੀਂ ਉਨ੍ਹਾਂ ਨੂੰ ਸੁਰੱਖਿਅਤ ਥਾਂ ਲੈ ਜਾਵਾਂਗੇ। ਇਕ ਆਦਮੀ ਨੇ ਮੈਨੂੰ ਮੇਰੇ ਘਰ ਦੀਆਂ ਚਾਬੀਆਂ ਦੇਣ ਲਈ ਕਿਹਾ ਕਿ ਉਹ ਉਨ੍ਹਾਂ ਨੂੰ ਉੱਥੇ ਲੈ ਜਾਵੇਗਾ। ਉਹ ਜਾਟ ਸੀ। ਮੈਂ ਉਸ ਨੂੰ ਚਾਬੀ ਦਿੱਤੀ ਅਤੇ ਕਿਹਾ ਕਿ ਮੇਰਾ ਫਲੈਟ ਨੰਬਰ 56 ਹੈ, ਤੇ ਉਹ ਸਕੂਲ ਦੇ ਅਧਿਆਪਕਾਂ ਨੂੰ ਨਾਲ ਲੈ ਕੇ ਚਲਾ ਗਿਆ। ਇਕ ਕਮਰੇ ਵਿਚ ਇਕ ਬਜ਼ੁਰਗ ਵ੍ਹੀਲਚੇਅਰ 'ਤੇ ਬੈਠਾ ਸੀ ਅਤੇ ਨਾਲ ਉਸ ਦੀ ਪੋਤੀ ਤੇ ਉਸ ਦਾ ਪਤੀ ਸੀ। ਮੈਂ ਨੌਜਵਾਨ ਜੋੜੇ ਨੂੰ ਚਲੇ ਜਾਣ ਲਈ ਕਿਹਾ ਪਰ ਉਨ੍ਹਾਂ ਕਿਹਾ ਕਿ ਉਹ ਆਪਣੇ ਦਾਦਾ ਜੀ ਨੂੰ ਛੱਡ ਕੇ ਨਹੀਂ ਜਾਣਗੇ। ਮੈਂ ਉਨ੍ਹਾਂ ਨੂੰ ਛੱਡ ਦਿੱਤਾ। ਜਦੋਂ ਮੈਂ ਕਾਹਲੀ-ਕਾਹਲੀ ਵਾਪਸ ਜਾ ਰਹੀ ਸੀ ਤਾਂ ਇਕ ਮੁਟਿਆਰ ਆਈ ਅਤੇ ਉਸ ਨੇ ਆਪਣਾ ਬੱਚਾ ਮੈਨੂੰ ਸੌਂਪ ਦਿੱਤਾ। ਉਸ ਨੇ ਕਿਹਾ ਕਿ ਸਕੂਲ ਦੀ ਦੇਖਭਾਲ ਕਰਨ ਦੀ ਲੋੜ ਹੈ। ਮੈਂ ਬੱਚੇ ਨਾਲ ਆਪਣੇ ਫਲੈਟ ਵਿਚ ਵਾਪਸ ਆ ਗਈ। ਸਿੱਖ ਮੇਰੇ ਫਲੈਟ ਵਿਚ ਬੈਠੇ ਸਨ। ਮੈਂ ਉਸ ਜਾਟ ਦਾ ਜਾਂ ਜਿਸ ਮੁਟਿਆਰ ਦਾ ਬੱਚਾ ਮੈਂ ਘਰ ਲੈ ਗਈ ਸੀ, ਉਸ ਦਾ ਨਾਮ ਨਹੀਂ ਜਾਣਦੀ।

-4-

ਇਕ ਨੌਜਵਾਨ ਜੋ ਸਾਡੀ ਬਸਤੀ ਦਾ ਨਹੀਂ ਸੀ, ਜਲਦੀ ਹੀ ਦਾਦੇ ਨੂੰ ਆਪਣੇ ਦੋਪਹੀਆ ਵਾਹਨ 'ਤੇ ਬਿਠਾ ਕੇ ਲੈ ਆਇਆ ਅਤੇ ਨੌਜਵਾਨ ਜੋੜਾ ਵੀ ਸਾਡੇ ਨਾਲ ਆ ਰਲਿਆ। ਇਕ ਹੋਰ ਨੌਜਵਾਨ ਪ੍ਰਿੰਸੀਪਲ ਦੇ ਘਰ ਗਿਆ ਜੋ ਆਪਣੇ ਘਰ ਵਿਚ ਘਿਰ ਗਿਆ ਸੀ। ਦਰਵਾਜ਼ੇ ਨੂੰ ਜੰਦਰਾ ਲੱਗਿਆ ਹੋਇਆ ਸੀ। ਨੌਜਵਾਨ ਨੇ ਆਪਣੇ ਹੱਥਾਂ ਨਾਲ ਸ਼ੀਸ਼ਾ ਤੋੜਿਆ ਅਤੇ ਉਸ ਨੇ ਦੇਖਿਆ ਕਿ ਮੁੱਖ ਅਧਿਆਪਕ ਨੇ ਉਸ ਉੱਪਰ ਤਲਵਾਰ ਨਾਲ ਵਾਰ ਕੀਤਾ ਹੈ। ਫਿਰ ਪ੍ਰਿੰਸੀਪਲ ਅਤੇ ਉਸ ਦਾ ਬਚਾਅ ਕਰਨ ਵਾਲਾ, ਦੋਵੇਂ ਸਾਡੇ 'ਚ ਸ਼ਾਮਿਲ ਹੋ ਗਏ।

-5-

ਭਾਰਤੀ ਫੌਜ ਦੀ ਵਰਦੀ ਵਿਚ ਇਕ ਆਦਮੀ ਮੇਰੇ ਕੋਲ ਆਇਆ ਅਤੇ ਚੀਕਿਆ: "ਤੁਸੀਂ ਸਿੱਖਾਂ ਨੂੰ ਲਿਆ ਕੇ ਕਲੋਨੀ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।" ਮੈਂ ਉਹਨੂੰ ਕਿਹਾ ਕਿ ਜੇ ਉਸ ਨੂੰ ਇਹ ਆਪਣਾ ਦੇਸ਼ਭਗਤੀ ਦਾ ਫਰਜ਼ ਲੱਗਦਾ ਹੈ ਤਾਂ ਉਹ ਸਾਰੇ ਸਿੱਖਾਂ ਸਮੇਤ ਮੇਰੇ ਫਲੈਟ ਨੂੰ ਅੱਗ ਲਗਾ ਕੇ ਸਾੜ ਸਕਦਾ ਹੈ।

ਅਸੀਂ ਕਲੋਨੀ ਦੇ ਲੋਕਾਂ ਨੂੰ ਇਕ ਪਰਿਵਾਰ ਨੂੰ ਪਨਾਹ ਦੇਣ ਲਈ ਕਿਹਾ। ਔਰਤਾਂ ਤਾਂ ਵਧੇਰੇ ਇੱਛਕ ਸਨ ਪਰ ਮਰਦਾਂ ਨੇ ਕਿਹਾ ਕਿ ਉਹ ਸਿਰਫ਼ ਔਰਤਾਂ ਅਤੇ ਬੱਚਿਆਂ ਨੂੰ ਹੀ ਲੈਣਗੇ। ਅਸੀਂ ਸਿੱਖਾਂ ਨੂੰ ਕਾਰ ਪਿੱਛੇ ਬਿਠਾਇਆ, ਉਨ੍ਹਾਂ ਨੂੰ ਕੰਬਲ ਨਾਲ ਢਕਿਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਲੈ ਗਏ ਜਿੱਥੇ ਉਨ੍ਹਾਂ ਨੂੰ ਪਨਾਹ ਦਿੱਤੀ ਗਈ ਪਰ ਸਾਡੀ ਬਸਤੀ ਵਿਚ ਵੀ ਕੁਝ ਪਰਿਵਾਰ ਅਜਿਹੇ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਪਨਾਹ ਦਿੱਤੀ। ਕਰਨਾਟਕ ਦਾ ਇਕ ਬ੍ਰਾਹਮਣ ਪਰਿਵਾਰ ਇਕ ਪਰਿਵਾਰ ਨੂੰ ਆਪਣੇ ਘਰ ਲੈ ਗਿਆ। ਮਾਂ ਨੇ ਤਾਂ ਸਿੱਖ ਦੇ ਕੇਸ ਵੀ ਕੱਟ ਦਿੱਤੇ ਜਦੋਂ ਕਿ ਇਹ ਭਾਈਚਾਰੇ ਦੀ ਰਹਿਤ ਦੇ ਵਿਰੁੱਧ ਸੀ। ਉਹ ਦਿੱਲੀ ਹਾਈ ਕੋਰਟ ਦੇ ਭਵਿੱਖੀ ਜੱਜ ਦੀ ਮਾਂ ਸੀ। ਭਵਿੱਖ ਦਾ ਜੱਜ ਉਨ੍ਹਾਂ ਪੰਜਾਂ ਵਿਚੋਂ ਇਕ ਸੀ ਜੋ ਬਚਾਅ ਮਿਸ਼ਨ 'ਤੇ ਸਾਡੇ ਨਾਲ ਆਏ ਸਨ।



*1984 ਵਿਚ ਬਲ ਰਹੀ ਦਿੱਲੀ ਦੀ ਝਲਕ।*

-6-

ਮੈਨੂੰ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ ਦੇ ਸਾਥੀ ਮੈਂਬਰ ਸੁਮੰਤੋ ਬੈਨਰਜੀ ਦਾ ਫੋਨ ਆਇਆ। ਉਸ ਨੇ ਮੈਨੂੰ ਪੰਚਸ਼ੀਲ ਐਨਕਲੇਵ ਆਉਣ ਲਈ ਕਿਹਾ ਜਿੱਥੇ ਉਹ ਹੋਰ ਵਰਕਰਾਂ ਨਾਲ ਮੀਟਿੰਗ ਕਰ ਰਹੇ ਸਨ।

"ਪਰ ਸੁਮੰਤੋ, ਕਰਫਿਊ ਲੱਗਿਆ ਹੋਇਐ।"

"ਕਰਫ਼ਿਊ ਤੁਹਾਨੂੰ ਕੁਝ ਕਰਨ ਤੋਂ ਕਿਵੇਂ ਰੋਕ ਸਕਦਾ ਹੈ?"

ਮੈਂ ਉਸ ਘਰ ਪਹੁੰਚਣ 'ਚ ਕਾਮਯਾਬ ਹੋ ਗਈ। ਇਹ ਕਾਰਕੁਨਾਂ ਦੀ ਨਿੱਕੀ ਜਿਹੀ ਟੋਲੀ ਸੀ ਜਿਸ ਨੇ ਜਲਦੀ ਹੀ ਆਪਣੇ ਆਪ ਨੂੰ 'ਨਾਗਰਿਕ ਏਕਤਾ ਮੰਚ' ਦਾ ਨਾਂ ਦਿੱਤਾ। ਸਾਰਿਆਂ ਨੇ ਮਹਿਸੂਸ ਕੀਤਾ ਕਿ ਸਾਨੂੰ ਵਿਰੋਧੀ ਧਿਰ ਦੇ ਆਗੂਆਂ ਨੂੰ ਜਾ ਕੇ ਮਿਲਣਾ ਚਾਹੀਦਾ ਹੈ ਜੋ ਸ਼ਾਇਦ ਸਿੱਖਾਂ ਦੇ ਕਤਲੇਆਮ ਨੂੰ ਰੋਕਣ ਲਈ ਫ਼ੌਜ ਭੇਜਣ ਵਿਚ ਮਦਦ ਕਰ ਸਕਦੇ ਹਨ। ਸੁਮੰਤੋ ਨੇ ਆਪ ਸਿੱਖਾਂ ਨੂੰ ਜਿਉਂਦੇ ਸੜਦੇ ਦੇਖਿਆ ਸੀ।

-7-

ਅਸੀਂ ਪੰਜ ਜਣੇ ਕਾਰ ਵਿਚ ਬੈਠ ਕੇ ਵਿੱਠਲਭਾਈ ਪਟੇਲ ਭਵਨ ਪਹੁੰਚ ਗਏ ਅਤੇ ਉੱਥੇ ਵਿਰੋਧੀ ਧਿਰ ਦੇ ਆਗੂ ਇਸ ਉਲਝਣ 'ਚ ਬੈਠੇ ਦੇਖੇ ਕਿ ਉਹ ਕੀ ਕਰ ਸਕਦੇ ਹਨ।

ਸੁਮੰਤੋ ਅਤੇ ਹੋਰਾਂ (ਮੈਂ ਨਾਂ ਭੁੱਲ ਗਈ ਹਾਂ) ਨੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਪ੍ਰਧਾਨ ਮੰਤਰੀ ਦੇ ਘਰ ਜਾਣਾ ਚਾਹੀਦਾ ਹੈ ਅਤੇ ਫ਼ੌਜ ਭੇਜਣ ਦੀ ਮੰਗ ਕਰਨੀ ਚਾਹੀਦੀ ਹੈ। ਨਹੀਂ ਤਾਂ ਸਾਨੂੰ ਸੰਸਕਾਰ ਰੋਕ ਦੇਣਾ ਚਾਹੀਦਾ ਹੈ। ਉਹ ਬੇਹੱਦ ਗੰਭੀਰ ਸੀ।

ਇਕ ਆਗੂ, ਮੈਨੂੰ ਲੱਗਦਾ ਹੈ ਕਿ ਇਹ ਦੰਡਵਤੇ ਜੀ ਸਨ, ਸਾਡੀ ਕਾਰ ਵਿਚ ਬੈਠ ਗਏ। ਸੁਮੰਤੋ ਨੇ ਜ਼ੋਰ ਦਿੱਤਾ ਕਿ ਮੈਂ ਸਾਹਮਣੀ ਸੀਟ 'ਤੇ ਬੈਠਾਂ ਅਤੇ ਸਕਿਉਰਿਟੀ ਵਿਚੋਂ ਦੀ ਉਨ੍ਹਾਂ ਨੂੰ ਅੰਦਰ ਲੈ ਜਾਵਾਂ। ਮੇਰੇ ਪਿਤਾ ਜੀ (ਪੀ.ਐਨ. ਹਕਸਰ) ਇੰਦਰਾ ਗਾਂਧੀ ਦੇ ਸਕੱਤਰ ਰਹਿ ਚੁੱਕੇ ਹਨ। ਉਸ ਸਮੇਂ ਉਹ ਅਤੇ ਮੇਰੀ ਮਾਂ ਇਕ ਗੁਪਤ ਮਿਸ਼ਨ 'ਤੇ ਚੀਨ ਵਿਚ ਸਨ। ਜਦੋਂ ਅਸੀਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੇ ਤਾਂ ਸੁਰੱਖਿਆ ਕਰਮਚਾਰੀਆਂ ਨੇ ਸਾਨੂੰ ਅੰਦਰ ਜਾਣ ਦਿੱਤਾ। ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਮੈਂ ਦੁੱਖ ਪ੍ਰਗਟ ਕਰਨ ਆਈ ਹਾਂ। ਮੈਂ ਅਰੁਣ ਨਹਿਰੂ ਨੂੰ ਮਿਲੀ।

"ਮਿਸਟਰ ਨਹਿਰੂ, ਮੈਂ ਨੰਦਿਤਾ ਹਕਸਰ ਹਾਂ। ਜੇ ਤੁਸੀਂ ਪੱਛਮੀ ਦਿੱਲੀ ਵਿਚ ਫ਼ੌਜ ਨਹੀਂ ਭੇਜਦੇ ਤਾਂ ਅਸੀਂ ਅੰਤਿਮ ਸੰਸਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਾਂਗੇ।"

ਅਰੁਣ ਨਹਿਰੂ ਨੇ ਕਿਹਾ ਕਿ ਉਹ ਫ਼ੌਜ ਭੇਜ ਦੇਵੇਗਾ। ਸਾਡੇ ਵਿਚੋਂ ਕਿਸੇ ਨੇ ਇਹ ਸਵਾਲ ਨਹੀਂ ਕੀਤਾ ਕਿ ਮਹਿਜ਼ ਕਿਸੇ ਸੰਸਦ ਮੈਂਬਰ ਕੋਲ ਅਜਿਹਾ ਕਰਨ ਦੀ ਤਾਕਤ ਕਿਵੇਂ ਹੈ ਪਰ ਜਦੋਂ ਤੱਕ ਅਸੀਂ ਤ੍ਰਿਲੋਕਪੁਰੀ ਪਹੁੰਚੇ, ਉਦੋਂ ਤੱਕ ਫ਼ੌਜ ਭੇਜ ਦਿੱਤੀ ਗਈ ਸੀ।

-8-

ਅਸੀਂ ਫਰਸ਼ ਬਾਜ਼ਾਰ ਥਾਣੇ ਆ ਗਏ। ਇਹ ਇਕੋ ਇਕ ਥਾਣਾ ਸੀ ਜਿਸ ਨੇ ਬਚਾਅ ਅਤੇ ਰਾਹਤ ਦੇ ਗੰਭੀਰ ਕਾਰਜ ਕੀਤੇ। ਉੱਥੇ ਰਾਹਤ ਕੈਂਪ ਬਣਾਇਆ ਗਿਆ ਸੀ। ਕਿਸੇ ਨੇ ਸੁਝਾਅ ਦਿੱਤਾ ਕਿ ਅਸੀਂ ਸਿੱਖਾਂ ਲਈ ਮਿੱਠੇ ਵਾਲੀ ਚਾਹ ਬਣਾਈਏ ਜੋ ਸਦਮੇ 'ਚ ਸਨ। ਮੈਨੂੰ ਯਾਦ ਨਹੀਂ ਕਿ ਮੈਂ ਕਿਸ ਨਾਲ ਗਈ ਸੀ ਪਰ ਇਕ ਔਰਤ ਜੋ ਗੱਡੀ ਸਾਊਥ ਐਕਸਟੈਂਸ਼ਨ ਲੈ ਗਈ ਜਿੱਥੇ ਉਹ ਇਕ ਟੈਂਟ ਵਾਲੇ ਨੂੰ ਜਾਣਦੀ ਸੀ। ਉਸ ਨੇ ਆਪਣੀ ਦੁਕਾਨ ਖੋਲ੍ਹੀ ਅਤੇ ਸਾਨੂੰ ਦੇਗਚੀ ਦੇ ਦਿੱਤੀ; ਫਿਰ ਉਸ ਨੇ ਪਤਾਸੇ ਖ਼ਰੀਦੇ ਕਿਉਂਕਿ ਸਾਨੂੰ ਖੰਡ ਲੈਣ ਲਈ ਰਾਸ਼ਨ ਦੀ ਦੁਕਾਨ ਨਹੀਂ ਮਿਲੀ, ਤੇ ਦੁੱਧ ਲਿਆ।

ਮੈਂ ਚਾਹ ਬਣਾਉਣ ਲੱਗ ਪਈ। ਪਾਣੀ ਉੱਬਲ ਰਿਹਾ ਸੀ ਅਤੇ ਮੈਂ ਸ਼ਸ਼ੋਪੰਜ 'ਚ ਸੀ ਕਿ ਬਰਤਨ ਵਿਚ ਕਿੰਨੀ ਕੁ ਚਾਹ-ਪੱਤੀ ਪਾਵਾਂ। ਇਸ ਤੋਂ ਪਹਿਲਾਂ ਕਿ ਮੈਂ ਚਾਹ ਦਾ ਪੈਕੇਟ ਪਾਉਂਦੀ, ਇਕ ਸਰਦਾਰ ਨੇ ਕਿਹਾ: "ਤੁਸੀਂ ਇਸ ਨੂੰ ਪੁਣੋਗੇ ਕਿਵੇਂ?" ਉਨ੍ਹਾਂ ਨੇ ਮੈਨੂੰ ਦੁਪੱਟਾ ਲੈ ਕੇ ਉਸ ਵਿਚ ਚਾਹ-ਪੱਤੀ ਪਾਉਣ ਲਈ ਕਿਹਾ। ਟੀ-ਬੈਗ! ਫਿਰ ਮੈਂ ਪੁੱਛਿਆ ਕਿ ਦੁੱਧ ਕਿੰਨਾ ਪਾਵਾਂ? ਇਕ ਨੌਜਵਾਨ ਅੱਖਾਂ 'ਚ ਚਮਕ ਲਿਆ ਕੇ ਬੋਲਿਆ, "ਤੁਸੀਂ ਤਾਂ ਇਕ ਕੱਪ ਚਾਹ ਬਣਾਉਣ ਵਾਲੇ ਹੋ; ਦੋ ਸੌ ਬੰਦਿਆਂ ਲਈ ਨਹੀਂ ਨਾ ਕਦੀ ਬਣਾਈ... ਦੋ ਬਾਲਟੀਆਂ ਪਾਓ।"

ਮੈਨੂੰ ਯਕੀਨ ਹੀ ਨਹੀਂ ਆ ਰਿਹਾ ਸੀ ਕਿ ਘੰਟਾ ਪਹਿਲਾਂ ਮੌਤ ਦੇ ਮੂੰਹ 'ਚੋਂ ਬਚਣ ਤੋਂ ਬਾਅਦ ਹੀ ਇਹ ਨੌਜਵਾਨ ਹੱਸ ਸਕਦੇ ਹਨ ਅਤੇ ਮਜ਼ਾਕ ਕਰ ਸਕਦੇ ਹਨ। ਇਹ ਮੇਰੇ ਲਈ ਸਿੱਖ ਭਾਈਚਾਰੇ ਦੇ ਚੜ੍ਹਦੀ ਕਲਾ ਦੇ ਜਜ਼ਬੇ ਦੀ ਪਹਿਲੀ ਝਲਕ ਸੀ।

-9-

ਵੱਖ-ਵੱਖ ਗੈਰ-ਸਰਕਾਰੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਸਾਨੂੰ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਰਾਹਤ ਕਾਰਜ ਉਨ੍ਹਾਂ 'ਤੇ ਛੱਡਣ ਅਤੇ ਤੱਥਾਂ ਦੀ ਖੋਜ ਕਰਨ ਲਈ ਕਿਹਾ। ਤਿੰਨ ਤੱਥ ਖੋਜ ਟੀਮਾਂ ਬਣਾਈਆਂ ਗਈਆਂ। ਅਸੀਂ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ.- ਜਿਸ ਦੀ ਨੁਮਾਇੰਦਗੀ ਸੁਮੰਤੋ ਬੈਨਰਜੀ ਅਤੇ ਮੈਂ ਕੀਤੀ) ਅਤੇ ਪੀਪਲਜ਼ ਯੂਨੀਅਨ ਆਫ ਸਿਵਲ ਰਾਈਟਸ (ਪੀ.ਯੂ.ਸੀ.ਐਲ.- ਜਿਸ ਦੀ ਨੁਮਾਇੰਦਗੀ ਦਿਨੇਸ਼ ਮੋਹਨ ਅਤੇ ਸਮਿਤੂ ਕੋਠਾਰੀ ਨੇ ਕੀਤੀ) ਦੀ ਸਾਂਝੀ ਟੀਮ ਸਾਂ। ਅਸੀਂ ਟੀਮ ਦੇ ਦੋ ਹਿੱਸੇ ਬਣਾ ਲਏ ਅਤੇ ਮੈਂ ਆਈ.ਆਈ.ਟੀ. ਤੋਂ ਦਿਨੇਸ਼ ਮੋਹਨ ਨਾਲ ਗਈ। ਜਿਉਂ ਹੀ ਅਸੀਂ ਆਪਣੀ ਤੱਥ ਖੋਜ ਸ਼ੁਰੂ ਕੀਤੀ, ਪਤਾ ਲੱਗਾ ਕਿ ਸ਼ਹਿਰ ਨੂੰ ਕਿਸ ਹੱਦ ਤੱਕ ਸਾੜ ਦਿੱਤਾ ਗਿਆ ਸੀ। ਇਸ ਅੱਗਜ਼ਨੀ ਲਈ ਹੁਨਰ ਅਤੇ ਮਿੱਟੀ ਦਾ ਤੇਲ ਜਾਂ ਗੰਧਕ ਤੱਕ ਪਹੁੰਚ ਜ਼ਰੂਰੀ ਸੀ ਜੋ ਉਪਲਬਧ ਨਹੀਂ ਸੀ ਕਿਉਂਕਿ ਸਾਰੀਆਂ ਦੁਕਾਨਾਂ ਤਾਂ ਬੰਦ ਸਨ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਾਂਗਰਸੀ ਆਗੂਆਂ ਕੋਲ ਸਿੱਖਾਂ ਦੇ ਘਰਾਂ ਦੀ ਪਛਾਣ ਕਰਨ ਵਾਲੇ ਰਜਿਸਟਰ ਦੇਖੇ ਸਨ। ਇਸ ਤਰ੍ਹਾਂ ਦੱਖਣੀ ਦਿੱਲੀ ਦੀਆਂ ਪੌਸ਼ ਕਾਲੋਨੀਆਂ ਵਿਚ ਵੀ ਕੰਕਰੀਟ ਦੇ ਵੱਡੇ-ਵੱਡੇ ਢਾਂਚਿਆਂ/ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ ਸੀ। ਸੀਨੀਅਰ ਕਾਂਗਰਸੀ ਆਗੂਆਂ ਦੀ ਅਗਵਾਈ ਵਿਚ ਭੀੜ ਵੱਲੋਂ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਅਸੀਂ ਇੰਦਰ ਗੁਜਰਾਲ ਨੂੰ ਉਨ੍ਹਾਂ ਦੇ ਨਿਊ ਫਰੈਂਡਜ਼ ਕਲੋਨੀ ਵਾਲੇ ਘਰ 'ਚ ਮਿਲੇ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਇਹ ਸੱਚ ਹੋ ਸਕਦਾ ਹੈ ਕਿ ਇਹ ਕਤਲੇਆਮ ਤੇ ਅੱਗਜ਼ਨੀ ਉੱਚ ਲੀਡਰਸ਼ਿਪ ਦੀ ਪ੍ਰਵਾਨਗੀ ਨਾਲ ਕੀਤੀ ਗਈ ਹੋ ਸਕਦੀ ਹੈ ਤਾਂ ਉਹ ਇੰਨਾ ਉਦਾਸ ਨਜ਼ਰ ਆਇਆ ਕਿ ਇਹ ਕਾਫ਼ੀ ਜਵਾਬ ਸੀ।

-10-

ਉਸ ਰਾਤ ਨੂੰ ਪੀ.ਯੂ.ਡੀ.ਆਰ. ਦੀ ਪੂਰੀ ਟੀਮ ਪ੍ਰੈੱਸ ਐਨਕਲੇਵ ਵਿਚ ਸੁਮੰਤੋ ਬੈਨਰਜੀ ਦੇ ਘਰ ਜੁੜੀ। ਇਸ ਗੱਲ 'ਤੇ ਬਹਿਸ ਹੋਈ ਕਿ ਸਾਨੂੰ ਉਨ੍ਹਾਂ ਲੋਕਾਂ ਦੁਆਰਾ ਦੱਸੇ ਕਾਂਗਰਸੀ ਆਗੂਆਂ ਦੇ ਨਾਮ ਛਾਪ ਦੇਣੇ ਚਾਹੀਦੇ ਹਨ ਜਿਨ੍ਹਾਂ ਦੀਆਂ ਅਸੀਂ ਇੰਟਰਵਿਊ ਕੀਤੀਆਂ ਸਨ। ਕੁਝ ਮੈਂਬਰ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦਾ ਨਾਮ ਲੈਣ ਨਾਲ ਅਸੀਂ ਆਪਣੇ ਪ੍ਰਧਾਨ ਗੋਵਿੰਦ ਮੁਖੋਟੀ ਦੀ ਜਾਨ ਨੂੰ ਖ਼ਤਰੇ ਵਿਚ ਪਾ ਦੇਵਾਂਗੇ। ਉਸ ਦੀ ਕਾਰ ਨੂੰ ਪਹਿਲਾਂ ਹੀ ਰਹੱਸਮਈ ਢੰਗ ਨਾਲ ਅੱਗ ਲੱਗ ਗਈ ਸੀ। ਮੁਨਿਰਕਾ ਟੋਕਸ ਦੇ ਮੁਕਾਮੀ ਆਗੂ ਨੇ ਆਪਣੇ ਬੰਦਿਆਂ ਨੂੰ ਮੇਰਾ ਪਿੱਛੇ ਲਗਾਇਆ ਹੋਇਆ ਸੀ।

ਫਿਰ ਇਕ ਹੋਰ ਸੋਚ-ਵਿਚਾਰ ਹੋਈ। ਕੀ ਸਿੱਖ ਸਾਡੀ ਰਿਪੋਰਟ ਦੀ ਵਰਤੋਂ ਹਿੱਟ ਲਿਸਟ ਬਣਾਉਣ ਲਈ ਕਰਨਗੇ? ਪਰ ਸਿੱਖਾਂ ਨੇ ਆਪ ਹੀ ਤਾਂ ਸਾਨੂੰ ਇਹ ਨਾਮ ਦਿੱਤੇ ਸਨ। ਆਖ਼ਿਰਕਾਰ ਅਸੀਂ ਨਾਮ ਛਾਪਣ ਦਾ ਫ਼ੈਸਲਾ ਕੀਤਾ। ਪੂਰੀ ਰਾਤ ਨਾਵਾਂ ਦੀ ਜਾਂਚ ਕੀਤੀ ਗਈ ਅਤੇ ਵੱਖ-ਵੱਖ ਸਬੂਤਾਂ ਨਾਲ ਇਨ੍ਹਾਂ ਨੂੰ ਕਰਾਸ ਚੈੱਕ ਕੀਤਾ ਗਿਆ। ਸੂਚੀ ਬਣਾਈ ਗਈ ਅਤੇ ਰਿਪੋਰਟ ਲਿਖੀ ਗਈ। ਸਾਡੀ ਰਿਪੋਰਟ ਦਾ ਸਿਰਲੇਖ ਸੀ: 'ਦੋਸ਼ੀ ਕੌਣ ਹਨ?'

ਇਸ 'ਤੇ ਪਾਬੰਦੀ ਲਗਾਈ ਗਈ। ਪੁਲਿਸ ਨੇ ਸਾਡੇ ਪ੍ਰਿੰਟਰ ਦੇ ਛਾਪਾ ਮਾਰਿਆ। ਉਸ ਨੂੰ ਬਹੁਤ ਪ੍ਰੇਸ਼ਾਨੀ ਝੱਲਣੀ ਪਈ। ਸਿੱਖ ਜਥੇਬੰਦੀਆਂ ਨੇ ਪਾਬੰਦੀ ਨੂੰ ਟਿੱਚ ਜਾਣ ਕੇ ਸਾਡੀ ਸਹਿਮਤੀ ਤੋਂ ਬਿਨਾ ਹੀ ਰਿਪੋਰਟ ਦੁਬਾਰਾ ਛਾਪ ਦਿੱਤੀ ਅਤੇ ਇਹ ਵਿਆਪਕ ਪੈਮਾਨੇ 'ਤੇ ਵੰਡੀ ਗਈ। ਇਸ ਦਾ ਪੰਜਾਬੀ 'ਚ ਅਨੁਵਾਦ ਕੀਤਾ ਗਿਆ।

ਜਦੋਂ ਮੈਂ ਪੰਜਾਬ ਗਈ ਤਾਂ ਬਹੁਤ ਸਾਰੇ ਸਿੱਖਾਂ ਨੇ ਦੱਸਿਆ ਕਿ ਉਸ ਰਿਪੋਰਟ ਕਾਰਨ ਉਹ ਅਜੇ ਵੀ ਭਾਰਤ ਪ੍ਰਤੀ ਵਫ਼ਾਦਾਰੀ ਮਹਿਸੂਸ ਕਰਦੇ ਹਨ। ਇਸ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇੱਥੇ ਐਸੇ ਭਾਰਤੀ ਸਨ ਜੋ ਉਨ੍ਹਾਂ ਦੇ ਨਾਲ ਉਦੋਂ ਖੜ੍ਹੇ ਜਦੋਂ ਇਹ ਸਭ ਤੋਂ ਜ਼ਰੂਰੀ ਸੀ।

-11-

ਅਸੀਂ ਆਪਣੀ ਤੱਥ ਖੋਜ ਦੌਰਾਨ ਜੋ ਸਮੱਗਰੀ ਇਕੱਠੀ ਕੀਤੀ ਸੀ, ਉਸ ਦੇ ਆਧਾਰ 'ਤੇ ਦਿੱਲੀ ਹਾਈ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਕੇਸ ਜਸਟਿਸ ਰਜਿੰਦਰ ਸੱਚਰ ਕੋਲ ਲੱਗਿਆ ਜੋ ਬਾਅਦ ਵਿਚ ਚੀਫ ਜਸਟਿਸ ਬਣੇ। ਉਨ੍ਹਾਂ ਨੇ ਪੁਲਿਸ ਨੂੰ ਨੋਟਿਸ ਜਾਰੀ ਕੀਤਾ। ਅਸੀਂ ਮੰਗ ਕੀਤੀ ਕਿ ਪੀੜਤਾਂ ਦੇ ਹਲਫ਼ਨਾਮਿਆਂ ਵਿਚ ਨਾਮਜ਼ਦ ਆਗੂਆਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀਆਂ ਜਾਣ। ਜਦੋਂ ਕੇਸ ਮੁੜ ਸੁਣਵਾਈ ਲਈ ਆਇਆ ਤਾਂ ਇਸ ਨੂੰ ਰਜਿੰਦਰ ਸੱਚਰ ਦੀ ਅਦਾਲਤ ਤੋਂ ਲੈ ਕੇ ਦੋ ਹੋਰ ਜੱਜਾਂ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ।

ਉਨ੍ਹਾਂ ਜੱਜਾਂ ਨੇ ਤੱਥਾਂ ਦੀ ਸਚਾਈ ਬਾਰੇ ਖੁੱਲ੍ਹੀ ਅਦਾਲਤ ਵਿਚ ਅਪਮਾਨਜਨਕ ਟਿੱਪਣੀਆਂ ਕੀਤੀਆਂ। ਉਨ੍ਹਾਂ ਵਿਚੋਂ ਇਕ ਨੇ ਤਾਂ ਇਹ ਵੀ ਪੁੱਛਿਆ ਕਿ ਪੀੜਤ ਔਰਤ ਪੁਲਿਸ ਕੋਲ ਕਿਉਂ ਨਹੀਂ ਗਈ। ਉਹ ਉਸ ਔਰਤ ਦੇ ਹਲਫ਼ਨਾਮੇ ਤੋਂ ਪੜ੍ਹ ਕੇ ਕਹਿ ਰਿਹਾ ਸੀ ਜਿਸ ਦੇ ਸਾਹਮਣੇ ਉਸ ਦੀ ਧੀ ਨਾਲ ਬਲਾਤਕਾਰ ਕੀਤਾ ਗਿਆ ਸੀ। ਬਲਾਤਕਾਰੀਆਂ ਦੇ ਨਾਮ ਹਲਫ਼ਨਾਮੇ ਵਿਚ ਸਨ।

ਮੈਂ ਜਾਣਦੀ ਹਾਂ ਕਿ ਇਹ ਹਲਫ਼ਨਾਮੇ ਤਿਆਰ ਕਰਨ ਸਮੇਂ ਅਸੀਂ ਕਿੰਨੇ ਸਾਵਧਾਨ ਸੀ। ਉਸ ਨੇ ਪੰਜਾਬੀ ਵਿਚ ਦੱਸਿਆ, ਇਸ ਦਾ ਹਿੰਦੀ ਵਿਚ ਅਨੁਵਾਦ ਹੋਇਆ ਅਤੇ ਹਲਫ਼ਨਾਮਾ ਅੰਗਰੇਜ਼ੀ ਵਿਚ ਲਿਖਿਆ ਗਿਆ ਸੀ। ਇਸ ਤੋਂ ਪਹਿਲਾਂ ਕਿ ਉਹ ਇਸ 'ਤੇ ਦਸਤਖ਼ਤ ਕਰਦੀ, ਇਸ ਨੂੰ ਪੈਰਾ-ਦਰ-ਪੈਰਾ ਪੜ੍ਹ ਕੇ ਸੁਣਾਇਆ ਗਿਆ।

ਹਾਈ ਕੋਰਟ ਦੇ ਜੱਜ ਨੇ ਪੰਨਾ ਪਲਟਿਆ ਅਤੇ ਹਲਫ਼ਨਾਮੇ 'ਤੇ ਹੱਸ ਪਿਆ।

ਪਟੀਸ਼ਨ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਸਾਹਮਣੇ ਰਹੱਸਮਈ ਤਰੀਕੇ ਨਾਲ ਦਾਇਰ ਕੀਤੀ ਗਈ ਸੀ। ਗੋਵਿੰਦ ਮੁਖੋਟੀ ਹਾਜ਼ਰ ਨਹੀਂ ਸਨ। ਮੈਂ ਪੇਸ਼ ਹੋਈ। ਜਸਟਿਸ ਏ.ਐਨ. ਸੇਨ ਪ੍ਰਧਾਨਗੀ ਕਰ ਰਿਹਾ ਸੀ। ਉਸ ਨੇ ਬੈਂਚ ਤੋਂ ਹੇਠਾਂ ਵੱਲ ਦੇਖਿਆ ਅਤੇ ਮੁਸਕਰਾਇਆ ਅਤੇ ਮੈਨੂੰ ਹੌਲੀ-ਹੌਲੀ ਪ੍ਰੇਰਨ ਵਾਲੇ ਤਰੀਕੇ ਨਾਲ ਕਿਹਾ: "ਕਿਰਪਾ ਕਰ ਕੇ ਰਾਸ਼ਟਰੀ ਹਿਤ 'ਚ ਇਸ ਪਟੀਸ਼ਨ ਨੂੰ ਵਾਪਸ ਲੈ ਲਓ।" ਮੈਂ ਨਾਂਹ ਕਰ ਦਿੱਤੀ। ਪਟੀਸ਼ਨ ਖਾਰਜ ਕਰ ਦਿੱਤੀ ਗਈ। ਉਹ ਸ਼ਬਦ ਮੇਰੇ ਕੰਨਾਂ ਵਿਚ ਗੂੰਜਦੇ ਹਨ ਅਤੇ ਮੈਨੂੰ ਅਜੇ ਵੀ ਘੋਰ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

-12-

ਨਾਗਰਿਕ ਏਕਤਾ ਮੰਚ ਨੇ ਸ਼ਾਨਦਾਰ ਰਾਹਤ ਕਾਰਜ ਕੀਤਾ ਪਰ ਸਭ ਤੋਂ ਪ੍ਰੇਰਕ ਚਰਚਾਵਾਂ ਅਤੇ ਬਹਿਸਾਂ ਰਾਹਤ ਦੀ ਸਿਆਸਤ ਨੂੰ ਲੈ ਕੇ ਹੋਈਆਂ। ਹਰ ਕੈਂਪ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਕਾਰਕੁਨਾਂ ਦੁਆਰਾ ਚਲਾਇਆ ਜਾਂਦਾ ਸੀ: ਸਮਾਜਵਾਦੀ, ਨਕਸਲੀ, ਸਮਾਜ ਸੇਵਕ ਤੇ ਨਾਰੀਵਾਦੀ। ਵਿਚਾਰ-ਚਰਚਾਵਾਂ ਸਾਡੇ ਸਾਰਿਆਂ ਦੇ ਇਕੱਠੇ ਕੰਮ ਕਰਨ 'ਚ ਅੜਿੱਕਾ ਨਹੀਂ ਬਣੀਆਂ।

ਜਦੋਂ ਸਰਕਾਰ ਨੇ ਹਿੰਸਾ ਦੇ ਕਾਰਨਾਂ ਦੀ ਜਾਂਚ ਲਈ ਰੰਗਨਾਥ ਮਿਸ਼ਰਾ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਤਾਂ ਨਾਗਰਿਕ ਏਕਤਾ ਮੰਚ ਨੇ ਮੈਨੂੰ ਉਨ੍ਹਾਂ ਦੀ ਨੁਮਾਇੰਦਗੀ ਕਰਨ ਲਈ ਕਿਹਾ। ਮੈਂ ਜਸਟਿਸ ਰੰਗਨਾਥ ਮਿਸ਼ਰਾ ਦੇ ਸਾਹਮਣੇ ਪੇਸ਼ ਹੋਈ। ਸਿੱਖ ਪੀੜਤਾਂ ਪ੍ਰਤੀ ਉਸ ਦਾ ਪੱਖਪਾਤ ਹਰ ਪੱਧਰ 'ਤੇ ਪ੍ਰਤੱਖ ਸੀ। ਫ਼ੈਸਲਾ ਹੋਇਆ ਕਿ ਨਾਗਰਿਕ ਏਕਤਾ ਮੰਚ ਕਮਿਸ਼ਨ ਦਾ ਬਾਈਕਾਟ ਕਰੇਗਾ। ਮੈਂ ਆਪਣਾ ਨਾਮ ਵਾਪਸ ਲੈ ਲਿਆ ਅਤੇ ਲੰਮਾ ਲੇਖ ਲਿਖਿਆ ਕਿ ਅਸੀਂ ਇਹ ਫ਼ੈਸਲਾ ਕਿਉਂ ਕੀਤਾ। ਲੇਖ ਛਪ ਗਿਆ।

ਇਸ ਤੋਂ ਪਹਿਲਾਂ, ਜਦੋਂ ਰੰਗਨਾਥ ਮਿਸ਼ਰਾ ਸੁਪਰੀਮ ਕੋਰਟ ਦਾ ਸਿਟਿੰਗ ਜੱਜ ਸੀ, ਮੈਂ ਮੇਰਠ ਹਿੰਸਾ ਨਾਲ ਸਬੰਧਿਤ ਕੇਸ ਦਰਜ ਕਰਾਉਣ ਵੇਲੇ ਮੁਸਲਮਾਨਾਂ ਪ੍ਰਤੀ ਉਸ ਦਾ ਪੱਖਪਾਤ ਦੇਖ ਚੁੱਕੀ ਸੀ। ਉਸ ਮਾਮਲੇ 'ਚ ਪੀ.ਏ.ਸੀ. (ਉੱਤਰ ਪ੍ਰਦੇਸ਼ ਦੀ ਹਥਿਆਰਬੰਦ ਪੁਲਿਸ) ਨੇ 33 ਮੁਸਲਮਾਨਾਂ ਨੂੰ ਗੋਲੀਆਂ ਮਾਰ ਕੇ ਲਾਸ਼ਾਂ ਨਹਿਰ ਵਿਚ ਸੁੱਟ


**(ਬਾਕੀ ਸਫਾ 29 'ਤੇ)**

# ਅਮਰੀਕਾ: ਮੇਰਾ ਅਨੁਭਵ

*ਲੰਮਾ ਸਮਾਂ ਦਿੱਲੀ ਵਿਚ ਰਹੀ ਉੱਘੀ ਲਿਖਾਰੀ ਬਚਿੰਤ ਕੌਰ ਨੇ ਇਸ ਲੇਖ ਵਿਚ ਅਮਰੀਕਾ ਦੇ ਅਨੁਭਵ ਸਾਂਝੇ ਕੀਤੇ ਹਨ। ਨਵੇਂ-ਨਵੇਂ ਪਰਵਾਸੀਆਂ ਨੂੰ ਪਰਦੇਸਾਂ ਵਿਚ ਕੀ-ਕੀ ਮੁਸੀਬਤਾਂ ਝਾਗਣੀਆਂ ਪੈਂਦੀਆਂ ਹਨ, ਉਸ ਦੇ ਦਰਸ਼ਨ ਇਸ ਲੇਖ ਵਿਚੋਂ ਭਲੀ-ਭਾਂਤ ਹੁੰਦੇ ਹਨ।*

ਅਮਰੀਕਾ ਪੱਕੇ ਤੌਰ 'ਤੇ ਮੈਂ ਆਪਣੇ ਪਤੀ ਦੇ ਗੁਜ਼ਰ ਜਾਣ ਪਿੱਛੋਂ ਸੰਨ ਦੋ ਹਜ਼ਾਰ ਵਿਚ ਰਿਟਾਇਰ ਹੋ ਕੇ ਆਈ। ਵੈਸੇ ਉਨ੍ਹਾਂ ਦੇ ਹੁੰਦੇ ਮੈਂ ਆਏ ਸਾਲ ਦੋ ਮਹੀਨੇ ਦੀ ਛੁੱਟੀ ਜੂਨ-ਜੁਲਾਈ ਵਿਚ ਜ਼ਰੂਰ ਆ ਜਾਂਦੀ ਸੀ। ਜਦੋਂ ਦੇ ਉਹ ਪੱਕੇ ਤੌਰ 'ਤੇ ਅਮਰੀਕਾ ਆ ਗਏ ਸਨ, ਵਰਕ-ਪਰਮਿਟ ਉੱਤੇ...।

ਉਹ ਪੂਰੇ ਪੰਜ ਵਰ੍ਹਿਆਂ ਤੱਕ ਕੰਮ ਕਰਦੇ ਰਹੇ। ਜਦੋਂ ਪੰਜਾਂ ਵਰ੍ਹਿਆਂ ਪਿੱਛੋਂ ਗਰੀਨ ਕਾਰਡ ਮਿਲਣ ਦੀ ਵਾਰੀ ਆਈ ਤਾਂ ਉਹ ਰੱਬ ਨੂੰ ਪਿਆਰੇ ਹੋ ਗਏ। ਇਸ ਘਟਨਾ ਨਾਲ ਮੇਰਾ ਜੀਵਨ ਮੂਲੋਂ ਹੀ ਬਦਲ ਗਿਆ। ਇਸ ਵੇਲੇ ਮੇਰੀ ਕਲਮ ਵੀ ਚੁੱਪ ਹੋ ਗਈ। ਉਨ੍ਹਾਂ ਦੇ ਚਲਾਣੇ ਪਿੱਛੋਂ ਦਿੱਲੀ ਰਹਿਣਾ ਮੈਨੂੰ ਬਹੁਤ ਮੁਸ਼ਕਿਲ ਹੋ ਗਿਆ। ਬਾਕੀ ਦੀ ਪੂਰੀ ਜ਼ਿੰਦਗੀ ਕਿਉਂਕਿ ਮੈਂ ਆਪਣੀਆਂ ਧੀਆਂ ਕੋਲ ਤਾਂ ਨਹੀਂ ਸੀ ਗੁਜ਼ਾਰ ਸਕਦੀ, ਇਸੇ ਲਈ ਮੇਰੀ ਰਿਟਾਇਰਮੈਂਟ ਤੋਂ ਪਿੱਛੋਂ ਮੇਰੇ ਪੁੱਤਰ ਨੇ ਮੈਨੂੰ ਇਕ ਗੱਲ ਕਹੀ,



"ਮੰਮੀ ਜੀ, ਹੁਣ ਤੁਹਾਡਾ ਦਿੱਲੀ ਰਹਿਣ ਦਾ ਕੀ ਮਤਲਬ, ਦੋਵੇਂ ਕੁੜੀਆਂ ਆਪਣੇ-ਆਪਣੇ ਪਰਿਵਾਰ ਵਿਚ ਸੁਖੀ ਹਨ ਤੇ

**ਬਚਿੰਤ ਕੌਰ**
ਫੋਨ: +91-9872572060

ਤੁਸੀਂ ਮੇਰੇ ਕੋਲ ਅਮਰੀਕਾ ਆ ਜਾਵੋ ਕਿਉਂਕਿ ਤੁਹਾਡੇ ਕੋਲ ਗਰੀਨ ਕਾਰਡ ਹੈ। ਤੁਹਾਨੂੰ ਇਥੇ ਅਮਰੀਕਾ ਦੀ ਸਰਕਾਰ ਵਲੋਂ ਸਭ ਸਹੂਲਤਾਂ ਮਿਲਣਗੀਆਂ। ਮੈਡੀਕਲ ਫਰੀ, ਓਲਡ ਏਜ ਦੀ ਪੈਨਸ਼ਨ ਅਤੇ ਪਾਪਾ ਜੀ ਵਲੋਂ ਸਰਕਾਰ ਨੂੰ ਦਿੱਤੇ ਟੈਕਸ ਵਿਚੋਂ ਵੀ ਤੁਹਾਨੂੰ ਪੈਸੇ ਮਿਲਣਗੇ...। ਫੇਰ ਘਰ ਅਪਣੇ ਕੋਲ ਬਥੇਰਾ ਵੱਡਾ ਹੈ, ਛੇ ਕਮਰੇ ਹਨ। ਤੁਸੀਂ ਜਿਸ ਮਰਜ਼ੀ ਕਮਰੇ ਵਿਚ ਅਰਾਮ ਨਾਲ ਰਹਿਣਾ ਆਦਿ; ਪਰ ਸੱਚੀ ਗੱਲ ਇਹ ਕਿ ਹੁਣ ਅਮਰੀਕਾ ਜਾਣ ਵਾਸਤੇ ਮੇਰੀ ਵੱਢੀ ਰੂਹ ਨਹੀਂ ਸੀ ਕਰਦੀ ਕਿਉਂਕਿ ਮੈਨੂੰ ਕਈ ਵਾਰ ਮੇਰੇ ਪਤੀ ਨੇ ਜਿਉਂਦੇ ਜੀਅ ਕਿਹਾ ਸੀ, "ਬਚਿੰਤ, ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਸੁਫ਼ਨੇ ਵਿਚ ਵੀ ਇੱਥੇ ਨਾ ਆਈਂ। ਇਹ ਅਮਰੀਕਾ ਸਾਡੀ ਉਮਰ ਦੇ ਬੰਦਿਆਂ ਲਈ ਜੇਲ੍ਹਖਾਨਾ ਹੈ। ਜਿਵੇਂ ਵੀ ਹੋਵੇ, ਤੂੰ ਮੇਰੇ ਮਗਰੋਂ ਕਦੇ ਵੀ ਇੱਥੇ ਆਉਣ ਦਾ ਨਾ ਸੋਚੀਂ। ਜੇ ਮੈਂ ਜਿਉਂਦਾ ਰਿਹਾ ਤਾਂ ਆਪਾਂ ਦੋਵੇਂ ਇਕੱਠੇ ਦਿੱਲੀ ਜਨਕਪੁਰੀ ਆਪਣੇ ਘਰ ਵਿਚ ਰਹਾਂਗੇ।"

ਪਰ ਕੁੱਕੀ ਤਾਂ ਹਰ ਤੀਏ ਦਿਨ ਮੈਨੂੰ ਫੋਨ ਕਰਕੇ ਪੁੱਛਦਾ ਰਹਿੰਦਾ, "ਮੰਮੀ ਕਦੋਂ ਦੀ ਟਿਕਟ ਬੁੱਕ ਕਰਵਾਵਾਂ?" ਉਹ ਸੱਚਮੁੱਚ ਮੈਨੂੰ ਆਪਣੇ ਕੋਲ ਬੁਲਾ ਕੇ ਰੱਖਣਾ ਚਾਹੁੰਦਾ ਸੀ। ਉਸ ਨੇ ਸੋਚਿਆ ਕਿ ਉਹ ਆਪਣੇ ਪਾਪਾ ਦੀ ਤਾਂ ਕੋਈ ਸੇਵਾ ਨਹੀਂ ਸੀ ਕਰ ਸਕਿਆ, ਹੁਣ ਮਾਂ ਦੀ ਸੇਵਾ ਹੀ ਸਹੀ।

ਮੈਂ ਜਾਣਦੀ ਸੀ ਅਮਰੀਕਾ ਦੇ ਹਾਲਾਤ ਨੂੰ ਵੀ ਅਤੇ ਕੁੱਕੀ ਦੇ ਘਰ ਦੇ ਮਾਹੌਲ ਨੂੰ ਵੀ। ਜਿੱਥੇ ਪੰਜ ਵਰ੍ਹਿਆਂ ਤੱਕ ਮੇਰੇ ਪਤੀ ਆਪਣੇ ਹੱਥ ਜਾਲ-ਜਾਲ ਆਪਣੀ ਰੋਟੀ ਆਪ ਪਕਾਉਂਦੇ ਰਹੇ ਸਨ। ਜਿਸ ਦਿਨ ਉਹ ਇਸ ਦੁਨੀਆ ਤੋਂ ਗਏ, ਉਸ ਸਵੇਰ ਵੀ ਆਪਣੇ ਲਈ ਖਿਚੜੀ ਉਨ੍ਹਾਂ ਨੇ ਆਪ ਬਣਾਈ ਸੀ। ਜਿੰਨਾ ਚਿਰ ਵੀ ਉਹ ਉਥੇ ਰਹੇ, ਇਨ੍ਹਾਂ ਸਭ ਗੱਲਾਂ ਨੂੰ ਮੈਂ ਵਾਰ-ਵਾਰ ਆਪਣੇ ਮਨ ਵਿਚ ਚਿਤਵਦੀ ਰਹੀ। ਕੁੱਕੀ ਨੂੰ ਟਾਲ-ਮਟੋਲੇ ਲਾਉਂਦੀ ਰਹੀ ਪਰ ਸਮੇਂ ਨੇ ਇਕ ਨਾ ਮੰਨੀ। ਆਖਰ ਕੁੱਕੀ ਨੇ 7 ਜੁਲਾਈ ਲਈ ਕੈਨੇਡਾ ਏਅਰਲਾਈਨ ਵਿਚ ਟਿਕਟ ਬੁਕ ਕਰਵਾ ਦਿੱਤੀ।

ਭਰੇ ਦਿਲ ਨਾਲ ਮੈਂ ਹੁਣ ਅਮਰੀਕਾ ਜਾਣ ਲਈ ਆਪਣਾ ਝੱਗਾ-ਚੁੰਨੀ, ਕੁਝ ਕਿਤਾਬਾਂ ਆਦਿ ਆਪਣੀ ਅਟੈਚੀ ਵਿਚ ਪਾ ਲਈਆਂ।

ਖ਼ੈਰ! 7 ਜੁਲਾਈ ਨੂੰ ਦੋਵੇਂ ਕੁੜੀਆਂ ਤੇ ਵੱਡਾ ਜੁਆਈ ਕੁਲਦੀਪ ਏਅਰਪੋਰਟ ਉੱਤੇ ਮੈਨੂੰ 'ਸੀ-ਆਫ' ਕਰ ਕੇ ਵਾਪਸ ਚਲੇ ਗਏ। ਹੁਣ ਮੈਂ ਪੈਸਿੰਜਰਾਂ ਵਿਚ ਬੈਠੀ ਇਕਦਮ ਆਪਣੇ ਆਪ ਨੂੰ ਇਕੱਲੀ ਜਿਹੀ ਬੇ-ਸਹਾਰਾ ਸਮਝ ਰਹੀ ਸੀ। ਬਹੁਤੇ ਪੈਸਿੰਜਰਾਂ ਦੇ ਮੂੰਹਾਂ ਉੱਤੇ ਖੁਸ਼ੀ ਸੀ। ਮੇਰਾ ਚਿੱਤ ਜਿਵੇਂ ਹੇਠਾਂ ਜਾ ਰਿਹਾ ਸੀ। ਅਮਰੀਕਾ 24 ਘੰਟੇ ਭਾਰਤ ਦੇ ਟਾਈਮ ਨਾਲ ਪਿੱਛੇ ਹੈ, ਇਸ ਲਈ ਭਾਰਤ ਦੀ ਸੱਤ ਤਰੀਕ ਨੂੰ ਚੱਲ ਕੇ ਅਮਰੀਕਾ ਦੀ ਸੱਤ ਤਰੀਕ ਨੂੰ ਹੀ ਮੈਂ ਲੌਸ ਐਂਜਲਸ ਏਅਰਪੋਰਟ ਪਹੁੰਚ ਗਈ। ਅੱਗੋਂ ਕੁੱਕੀ ਅਤੇ ਜਸਬੀਰ ਮੈਨੂੰ ਲੈਣ ਆਏ ਹੋਏ ਸਨ। ਦੂਰੋਂ ਹੀ ਮੈਨੂੰ ਤਿੰਨ ਅਟੈਚੀਆਂ ਵਾਲੀ ਰੇੜ੍ਹੀ ਘਸੀਟ ਕੇ ਲਿਆਉਂਦੀ ਨੂੰ ਦੇਖ ਕੁੱਕੀ ਨੇ ਅੱਗੇ ਹੋ ਕੇ ਗੱਡੀ ਫੜ ਲਈ ਤੇ ਮੇਰੇ ਪੈਰੀਂ ਹੱਥ ਲਗਾਇਆ। ਮੈਂ ਖੁਸ਼ੀ ਨਾਲ ਭਰ ਗਈ। ਉਸ ਨੂੰ ਘੁੱਟ ਕੇ ਸੀਨੇ ਨਾਲ ਲਾਇਆ। ਉਸ ਦੇ ਚਿਹਰੇ ਉੱਤੇ ਵੀ ਹੁਣ ਖੁਸ਼ੀ ਦੀ ਗੁਲਾਬੀ ਜਿਹੀ ਭਾਅ ਚਮਕ ਪਈ ਸੀ।

ਹੁਣ ਇਕ ਵਜੇ ਤੱਕ ਮੈਂ ਘਰ ਵਿਚ ਇਕੱਲੀ ਨੇ ਹੀ ਰਹਿਣਾ ਹੁੰਦਾ ਸੀ। ਮੈਂ ਆਪੇ ਆਪਣੀ ਰੋਟੀ-ਭਾਜੀ ਬਣਾ ਕੇ ਆਪੇ ਖਾ ਲੈਂਦੀ। ਦੂਜੇ ਹੀ ਦਿਨ ਜਸਬੀਰ ਨੇ ਮੈਨੂੰ ਸਮਝਾ ਦਿੱਤਾ ਸੀ ਕਿ ਮੰਮੀ ਆਪਣੀ ਰੋਟੀ-ਪਾਣੀ ਤੋਂ ਪਹਿਲੇ ਤੁਸੀਂ ਸਵੇਰ ਦੇ ਠੀਕ ਨੌਂ ਵਜੇ ਜੌਕੀ ਨੂੰ ਡੌਗ-ਫੂਡ ਦੀ ਬੋਰੀ ਵਿਚੋਂ ਸਟੀਲ ਦਾ ਵੱਡਾ ਕੌਲਾ ਇਸ ਦੇ ਕੋਲ ਬੈਠ ਕੇ ਉਸ ਨੂੰ ਫੂਡ ਖਵਾਉਣਾ ਹੈ। ਜੇ ਤੁਸੀਂ ਕੌਲਾ ਭਰ ਕੇ ਫੂਡ ਇਸ ਦੇ ਸਾਹਮਣੇ ਰੱਖ ਦਿੱਤਾ ਤੇ ਕੋਲ ਨਾ ਬੈਠੇ ਤਾਂ ਇਹ ਬਿਲਕੁਲ ਨਹੀਂ ਖਾਵੇਗਾ। ਦੂਜੀ ਡਿਊਟੀ ਉਸ ਨੇ ਮੈਨੂੰ ਇਹ ਹੋਰ ਸਮਝਾ ਦਿੱਤੀ ਕਿ ਦਿਨ ਵਿਚ ਇਕ ਵਾਰੀ ਗੁਲਾਬ ਦੇ ਫੁੱਲਾਂ ਅਤੇ ਬਾਕੀ ਫਰੂਟ ਟਰੀਜ਼ ਨੂੰ ਹਰ ਰੋਜ਼ ਪਾਈਪ ਨਾਲ ਪਾਣੀ ਦੇਣਾ ਹੈ। ਤੁਸੀਂ ਵਿਹਲੇ ਹੀ ਹੋ, ਤੁਹਾਡਾ ਜੌਕੀ ਨਾਲ ਮਨ ਲਗਿਆ ਰਹੇਗਾ, ਇਸ ਨੂੰ ਵੀ ਦੋ ਵਾਰੀ ਪਾਣੀ ਪਿਲਾਉਣਾ ਹੈ।

ਸਤਬਚਨ! ਕਹਿ ਕੇ ਮੈਂ ਦੁਪਹਿਰ ਦੀ ਰੋਟੀ ਖਾਣ ਪਿੱਛੋਂ ਆਪਣੇ ਗੈਰਿਜ ਵਿਚ ਜੌਕੀ ਕੋਲ ਆਪਣੇ ਮੰਜੇ ਉੱਤੇ ਜਾ ਪਹੁੰਚਦੀ। ਕੁੱਕੀ ਰਾਤ ਦੇ ਅੱਠ ਕੁ ਵਜੇ ਥੱਕਿਆ ਟੁੱਟਿਆ ਘਰ ਆਉਂਦਾ, ਫੇਰ ਨਹਾਉਂਦਾ ਧੋਂਦਾ। ਇੱਥੇ ਲੋਕੀਂ ਰਾਤ ਨੂੰ ਹੀ ਜ਼ਿਆਦਾਤਰ ਨਹਾਉਂਦੇ ਹਨ। ਸਵੇਰੇ ਇਨ੍ਹਾਂ ਕੋਲ ਘੱਟ ਹੀ ਟਾਈਮ ਹੁੰਦਾ।

ਹੁਣ ਮੈਂ ਗੈਰਿਜ ਵਿਚ ਰਹੇ ਬੈੱਡ ਉੱਤੇ ਪਈ ਸੋਚਦੀ। ਜੇ ਕੁੱਕੀ ਕੋਲ ਮੇਰੇ ਨਾਲ ਗੱਲ ਕਰਨ ਦਾ ਵੀ ਟਾਈਮ ਨਹੀਂ ਤਾਂ ਮੈਂ ਇੱਥੇ ਆਈ ਕਿਉਂ ਹਾਂ? ਕਿਉਂ ਕੁੱਕੀ ਨੇ ਮੈਨੂੰ ਇੱਥੇ ਬੁਲਾਇਆ? ਜਵਾਬ ਚੁੱਪ ਤੋਂ ਬਿਨਾ ਹੋਰ ਕੋਈ ਨਹੀਂ ਸੀ।

ਚੱਲ ਜਿਵੇਂ ਸਮਾਂ ਲੰਘਦਾ ਹੈ, ਉਵੇਂ ਹੀ ਸਹੀ। ਇਕ ਦਿਨ ਦੁਪਹਿਰ ਦੀ ਰੋਟੀ ਖਾਣ ਸਮੇਂ ਮੈਂ ਜਸਬੀਰ ਨੂੰ ਕਿਹਾ, "ਜਸਬੀਰ, ਮੈਂ ਤਾਂ ਸਾਰਾ ਦਿਨ ਬਹੁਤ ਬੋਰ ਹੁੰਦੀ ਹਾਂ, ਕੁਝ ਕੰਮਕਾਰ ਹੀ ਲੱਭ ਦੇ ਮੈਨੂੰ?" ਜਸਬੀਰ ਝੱਟ ਬੋਲੀ, "ਮੰਮੀ ਇਕ ਕੰਮ ਹੈ ਮੇਰੇ ਕੋਲ ਤੁਹਾਡੇ ਲਈ। ਜੇ ਤੁਸੀਂ ਕਰੋ ਤਾਂ?"

"ਉਹ ਕੀ?"

"ਬੇਬੀ-ਸਿਟਰ ਦਾ ਕੰਮ।"

"ਉਹ ਕਿੱਥੇ ਹੈ?"

"ਮੇਰੀ ਸਹੇਲੀ ਦਾ ਇਕ ਸਾਲ ਦਾ ਬੱਚਾ ਹੈ। ਉਹ ਆਪਣੇ ਕੰਮ ਤੋਂ ਸਵੇਰੇ ਸੱਤ ਵਜੇ ਮੁੜਦੀ ਹੈ। ਉਸ ਦਾ ਪਤੀ ਘਰੋਂ ਸਵੇਰੇ ਪੰਜ ਵਜੇ ਨਿਕਲ ਜਾਂਦਾ ਹੈ। ਉਸ ਨੇ ਅੱਜ ਕੱਲ੍ਹ ਛੁੱਟੀ ਲਈ ਹੋਈ ਹੈ। ਜੇ ਤੁਸੀਂ ਸਵੇਰੇ ਪੰਜ ਵਜੇ 'ਸ਼ਰਮਨ ਵੇਅ' ਉਸ ਦੇ ਪਹੁੰਚ ਜਾਓ ਤਾਂ ਤੁਹਾਨੂੰ 20 ਡਾਲਰ ਇਸ ਕੰਮ ਲਈ ਰੋਜ਼ਾਨਾ ਮਿਲ ਜਾਣਗੇ।"

ਮੈਂ ਉਸ ਨੂੰ ਪੁੱਛਿਆ, "ਕਿੰਨੀ ਕੁ ਦੂਰ ਹੈ ਇਹ ਸ਼ਰਮਨ-ਵੇਅ?"

"ਕੋਈ ਜ਼ਿਆਦਾ ਦੂਰ ਨਹੀਂ, ਬਸ ਤਿੰਨ-ਚਾਰ ਫਰਲਾਂਗ।"

"ਕੀ ਮੈਨੂੰ ਪੈਦਲ ਜਾਣਾ ਪਊ?"

"ਹੋਰ ਮੰਮੀ ਮੈਂ ਤੁਹਾਨੂੰ ਕਾਰ ਉੱਤੇ ਛੱਡ ਕੇ ਆਊਂ?" ਉਸ ਦੇ ਬੋਲਾਂ ਵਿਚ ਨਾਰਾਜ਼ਗੀ ਝਲਕ ਰਹੀ ਸੀ।

"ਕੋਈ ਗੱਲ ਨਹੀਂ, ਮੈਂ ਪੈਦਲ ਹੀ ਚਲੀ ਜਾਊਂਗੀ। ਸਵੇਰੇ ਤਿੰਨ-ਚਾਰ ਫਰਲਾਂਗ ਭਲਾ ਕੀ ਵਾਟ ਹੈ, ਨਾਲੇ ਸੈਰ ਹੋ ਜਾਵੇਗੀ।"

ਮੈਂ ਉਸ ਨੂੰ ਬੇਬੀ-ਸਿਟਰ ਦਾ ਕੰਮ ਕਰਨ ਦੀ ਹਾਮੀ ਭਰ ਦਿੱਤੀ।

ਅਗਲੇ ਦਿਨ ਮੈਂ ਕੈਸਟਰ-ਸਟਰੀਟ ਤੋਂ 'ਸ਼ਰਮਨ-ਵੇਅ' ਦੇ ਰਾਹ ਹੋ ਤੁਰੀ। ਅਜੇ ਸਵੇਰ ਦੇ ਸਾਢੇ ਪੰਜ ਹੀ ਵਜੇ ਸਨ। ਮਸਾਂ ਮੈਂ ਰੈੱਡ ਲਾਈਟ ਕੋਲ ਹੀ ਪਹੁੰਚੀ ਸੀ ਕਿ ਕੁੱਕੀ ਪਿੱਛੇ-ਪਿੱਛੇ ਆਪਣੀ ਕਾਰ ਲੈ ਕੇ ਆ ਗਿਆ ਤੇ ਮੇਰੇ ਕੋਲ ਕਾਰ ਰੋਕ ਕੇ ਬੋਲਿਆ, "ਬੈਠੋ ਮੰਮੀ ਮੈਂ ਛੱਡ ਆਉਂਦਾ ਹਾਂ, ਸ਼ਰਮਨ-ਵੇਅ ਏਥੋਂ ਕਾਫ਼ੀ ਦੂਰ ਹੈ।"

ਮੈਂ ਚੁੱਪ-ਚਾਪ ਉਸ ਦੇ ਕੋਲ ਡਰਾਈਵਰ ਦੇ ਨਾਲ ਵਾਲੀ ਸੀਟ ਉੱਤੇ ਬੈਠ ਗਈ। ਉਸ ਕੋਲ ਬੈਠ ਕੇ ਜਿਵੇਂ ਮੇਰੇ ਦਿਲ ਨੂੰ ਨਿੱਘ ਜਿਹਾ ਆ ਗਿਆ ਸੀ। ਜਿਸ ਦਿਨ ਦੀ ਮੈਂ ਇੱਥੇ ਆਈ ਸੀ, ਅੱਜ ਤੱਕ ਮੁੜ ਕੁੱਕੀ ਨੂੰ ਮੇਰੇ ਕੋਲ ਬੈਠਣ ਦਾ ਸਮਾਂ ਨਹੀਂ ਸੀ ਮਿਲਿਆ। ਸਮਾਂ ਮਿਲਿਆ ਹੀ ਨਹੀਂ ਸੀ ਜਾਂ ਫੇਰ ਹਾਲਾਤ ਨੇ ਉਸ ਨੂੰ ਮੇਰੇ ਕੋਲ ਬੈਠਣ ਹੀ ਨਹੀਂ ਦਿੱਤਾ।







*ਉੱਘੀ ਲੇਖਕ ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ' ਦਾ ਮੁਖੜਾ ਅਤੇ (ਸੱਜੇ) ਫੁਰਸਤ ਦੇ ਕੁਝ ਪਲ।*

ਹੁਣ ਅਸੀਂ ਮਾਂ-ਪੁੱਤ ਇਕ-ਦੂਜੇ ਨਾਲ ਖੁੱਲ੍ਹ ਕੇ ਗੱਲ ਕਰ ਰਹੇ ਸੀ। ਕੁੱਕੀ ਬੋਲਿਆ, "ਮੰਮੀ, ਮੈਂ ਨਹੀਂ ਚਾਹੁੰਦਾ ਇੱਥੇ ਆ ਕੇ ਤੁਸੀਂ ਐਵੇਂ ਨਿੱਕੀਆਂ-ਨਿੱਕੀਆਂ ਜੌਬਾਂ ਲਈ ਰਾਹ ਗਾਹੁੰਦੇ ਫਿਰੋ। ਕੀ ਕਰਨੀ ਹੈ ਨੌਕਰੀ ਤੁਸੀਂ ਹੁਣ। ਬਥੇਰਾ ਚਿਰ ਦਿੱਲੀ ਵਿਚ ਨੌਕਰੀਆਂ ਪਿੱਛੇ ਤੁਸੀਂ ਪਾਪੜ ਵੇਲੇ ਹਨ। ਏਨੇ ਚਿਰ ਨੂੰ ਉਸ ਨੇ ਸ਼ਰਮਨ-ਵੇਅ ਉੱਤੇ 20 ਨੰਬਰ ਫਲੈਟ ਅੱਗੇ ਗੱਡੀ ਰੋਕ ਦਿੱਤੀ ਤੇ ਮੈਂ ਕਾਲ ਬੈੱਲ ਵਜਾਈ। ਅੰਦਰੋਂ ਮੇਰੇ ਪੁੱਤਰ ਵਰਗਾ ਇੰਡੀਅਨ ਮੁੰਡਾ ਓਮ ਪ੍ਰਕਾਸ਼ ਨਿਕਲਿਆ ਤੇ ਉਸ ਨੇ ਮੈਨੂੰ ਖਿੜੇ ਮੱਥੇ ਅੰਦਰ ਆਉਣ ਲਈ ਕਿਹਾ। ਇਹ ਸਭ ਦੂਰੋਂ ਹੀ ਦੇਖ ਕੁੱਕੀ ਮੁੜ ਘਰ ਨੂੰ ਚਲਿਆ ਗਿਆ।

ਓਮ ਪ੍ਰਕਾਸ਼ ਨੇ ਬੜੇ ਆਦਰ ਨਾਲ ਮੈਨੂੰ ਕੰਮ ਸਮਝਾਇਆ ਕਿ ਮਾਤਾ ਜੀ, ਇਹ ਮੇਰਾ ਇਕ ਸਾਲ ਦਾ ਬੇਟਾ ਰਾਜੀ ਹੈ। ਬਸ ਇਹ ਆਪਣੀ ਮੰਮੀ ਦੇ ਆਉਣ ਤੱਕ ਸੱਤ ਵਜੇ ਹੀ ਜਾਗੇਗਾ। ਜੇ ਜਾਗ ਪਿਆ ਤਾਂ ਫਰਿੱਜ ਵਿਚ ਇਸ ਦੀ 'ਫੀਡ' ਪਈ ਹੈ। ਦੁੱਧ ਪਾ ਕੇ ਇਸ ਦੇ ਮੂੰਹ ਨੂੰ ਲਾ ਦੇਣਾ...। ਆਪੇ ਚੁੱਪ ਕਰ ਕੇ ਪੀਂਦਾ ਰਹੇਗਾ। ਕੋਈ ਮੁਸ਼ਕਿਲ ਕੰਮ ਨਹੀਂ। ਫੇਰ ਸੱਤ ਵਜੇ ਤੱਕ ਇਸ ਦੀ ਮੰਮੀ ਘਰ ਆ ਜਾਵੇਗੀ, ਤੁਸੀਂ ਸਭ ਕੁਝ ਉਸ ਨੂੰ ਦੱਸ ਕੇ ਆਪਣੇ ਘਰ ਚਲੇ ਜਾਣਾ। ਤੁਸੀਂ ਇਸ ਕੋਲ ਬੈਠਣਾ ਹੀ ਹੈ ਤਾਂ ਕਿ ਬੱਚਾ ਇਕੱਲਾ ਨਾ ਰਹੇ। ਇਸ ਕੰਮ ਦੇ ਮੈਂ ਤੁਹਾਨੂੰ ਦਸ ਡਾਲਰ ਪਰ ਆਵਰ ਰੋਜ਼ਾਨਾ ਦੇ ਦਿਆਂ ਕਰਾਂਗਾ।"

ਕੋਈ ਗੱਲ ਨਹੀਂ ਪੁੱਤਰ, ਤੁਸੀਂ ਬੇਫ਼ਿਕਰ ਹੋ ਕੇ ਆਪਣੇ ਕੰਮ ਉੱਤੇ ਜਾਓ।" ਓਮ ਪ੍ਰਕਾਸ਼ ਆਪਣੇ ਕੰਮ ਉੱਤੇ ਚਲਿਆ ਗਿਆ। ਮੈਂ ਰਾਜੀ ਦੇ ਮੰਜੇ ਕੋਲ ਪਈ ਕੁਰਸੀ ਉੱਤੇ ਬੈਠ ਪਾਠ ਕਰਨ ਲੱਗ ਪਈ। ਅਜੇ ਮਸਾਂ ਸਵੇਰ ਦੇ ਛੇ ਹੀ ਵਜੇ ਸਨ, ਰਾਜੀ ਨੇ ਕਰਵਟ ਬਦਲਦਿਆਂ ਮੈਨੂੰ ਦੇਖ ਰੋਣਾ ਸ਼ੁਰੂ ਕਰ ਦਿੱਤਾ। ਮੈਂ ਝੱਟ ਫਰਿੱਜ ਵਿਚੋਂ ਦੁੱਧ ਦੀ ਚੁੰਘਣੀ ਕੱਢ ਤੇ ਗੈਸ ਉੱਤੇ ਦੁੱਧ ਕੋਸਾ ਕਰ ਕੇ ਉਸ ਦੀ ਚੁੰਘਣੀ ਵਿਚ ਪਾ ਕੇ ਚੁੰਘਣੀ ਉਸ ਦੇ ਮੂੰਹ ਲਾ ਦਿੱਤੀ। ਸਵਾ ਕੁ ਸੱਤ ਵਜੇ ਉਸ ਦੀ ਮੰਮੀ ਰੈਨੂ ਘਰ ਆਈ ਤਾਂ ਮੈਂ ਉਸ ਨੂੰ ਉਸ ਦਾ ਬੱਚਾ ਸੰਭਾਲ ਆਪਣੇ ਘਰ ਨੂੰ ਪੈਦਲ ਹੀ ਚਲ ਪਈ।

ਹਫ਼ਤੇ ਪਿੱਛੋਂ ਓਮ ਪ੍ਰਕਾਸ਼ ਨੇ ਮੈਨੂੰ ਅੱਸੀ ਡਾਲਰ ਦਾ ਚੈੱਕ ਦਿੱਤਾ ਤਾਂ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਜਾ ਕੇ ਜਸਬੀਰ ਨੂੰ ਕੁੱਕੀ ਦੇ ਸਾਹਮਣੇ ਹੀ ਚੈੱਕ ਫੜਾਉਂਦਿਆਂ ਕਿਹਾ, "ਜਸਬੀਰ ਹੁਣ ਤੂੰ ਮੇਰੇ ਨਾਲ ਜਾ ਕੇ ਮੇਰਾ ਅਕਾਊਂਟ ਖੁੱਲ੍ਹਵਾ ਦੇ।"

ਇਹ ਨੌਕਰੀ ਤਕਰੀਬਨ ਮੈਂ ਤਿੰਨ ਮਹੀਨੇ ਤੱਕ ਕਰਦੀ ਰਹੀ। ਕਈ ਵਾਰ ਓਮ ਪ੍ਰਕਾਸ਼ ਮੈਨੂੰ ਨਕਦ ਪੈਸੇ ਵੀ ਦੇ ਦਿੰਦਾ ਸੀ। ਜਦੋਂ ਉਹ ਇਉਂ ਕਰਦਾ ਤਾਂ ਮੈਂ ਰਸਤੇ ਵਿਚ ਘਰ ਨੂੰ ਮੁੜਦੀ ਹੋਈ '99 ਸੈਂਟ' ਸਟੋਰ ਤੋਂ ਆਪਣੀ ਲੋੜ ਦੀਆਂ ਕੁਝ ਚੀਜ਼ਾਂ ਆਪੇ ਖਰੀਦ ਲਿਆਉਂਦੀ; ਜਿਵੇਂ ਪੈੱਨ, ਕਾਗਜ਼ ਤੇ ਹੋਰ ਆਪਣੇ ਲਈ ਕੁਝ ਜ਼ਰੂਰੀ ਵਸਤੂਆਂ।

ਹੋਰ ਵੀ ਕਈ ਸਟੋਰਾਂ ਉੱਤੇ ਹੀ ਸ਼ੌਪਿੰਗ ਕਰਨ ਜਾਂਦੇ ਸਨ ਪਰ ਹੁਣ ਜਦੋਂ ਮੈਂ ਨਕਦ ਪੈਸਿਆਂ ਨਾਲ '99 ਸੈਂਟ' ਸਟੋਰ ਉੱਤੇ ਕੁਝ ਖਰੀਦ-ਫਰੋਸ਼ੀ ਕਰਨ ਜਾਂਦੀ ਤਾਂ ਜਸਬੀਰ ਅਕਸਰ ਮੈਨੂੰ ਕਹਿੰਦੀ, "ਮੰਮੀ ਜੀ, ਅੱਜ ਇਕ ਦਰਜਨ ਕੇਲੇ, ਇਕ ਪੌਂਡ ਆਲੂ, ਦੋ ਪੌਂਡ ਪਿਆਜ਼ ਵੀ ਲੈਂਦੇ ਆਉਣਾ।"

ਜਦੋਂ ਕਦੇ ਓਮ ਪ੍ਰਕਾਸ਼ ਪੂਰੇ ਹਫ਼ਤੇ ਪਿੱਛੋਂ ਅੱਸੀ ਡਾਲਰ ਦਾ ਚੈੱਕ ਮੇਰੇ ਹੱਥ ਫੜਾਉਂਦਾ ਤਾਂ ਮੈਨੂੰ ਬਹੁਤੀ ਖੁਸ਼ੀ ਨਹੀਂ ਸੀ ਹੁੰਦੀ ਕਿਉਂਕਿ ਚੈੱਕ ਮੇਰੇ ਜੁਆਇੰਟ ਅਕਾਊਂਟ ਵਿਚ ਜਿਉਂ ਹੀ ਗਿਆ ਹੁੰਦਾ, ਤੀਜੇ-ਚੌਥੇ ਦਿਨ ਪੂਰੇ ਦਾ ਪੂਰਾ ਹੀ ਸਾਫ਼ ਹੋ ਜਾਂਦਾ। ਇਉਂ ਮਨ ਹੀ ਮਨ ਮੈਂ ਸੋਚਿਆ, ਮੈਨੂੰ ਕੋਈ ਹੋਰ ਨੌਕਰੀ ਕਰਨੀ ਚਾਹੀਦੀ ਹੈ ਜਿੱਥੇ ਅੱਗੇ ਨੂੰ ਮੈਂ ਆਪਣਾ ਅਕਾਊਂਟ ਇਕੱਲੀ ਹੀ ਆਪ ਖੋਲ੍ਹ ਸਕਾਂ ਤੇ ਕੁਝ ਪੈਸੇ ਵੀ ਜ਼ਿਆਦਾ ਆਉਣ। ਮੈਂ ਆਪਣੇ ਪੈਸੇ ਆਪਣੀਆਂ ਜ਼ਰੂਰਤਾਂ ਅਨੁਸਾਰ ਖਰਚਾਂ। ਮੈਂ ਜਸਬੀਰ ਨੂੰ ਨੌਕਰੀ ਬਦਲਣ ਲਈ ਕਿਹਾ ਤਾਂ ਉਹ ਝੱਟ ਮੈਨੂੰ ਘਰ ਦੇ ਨਾਲ ਵਾਲੇ ਇੰਪਲਾਈਮੈਂਟ ਆਫਿਸ ਲੈ ਗਈ।

ਤੀਜੇ ਦਿਨ ਜਸਬੀਰ ਮੈਨੂੰ ਮੈਡੀਕਲ ਟੈਸਟ ਲਈ ਲੈ ਗਈ ਤੇ ਮੈਡੀਕਲ ਵਿਚ ਵੀ ਮੈਂ ਪਾਸ ਹੋ ਗਈ। ਓਸੇ ਦਿਨ ਇੰਪਲਾਈਮੈਂਟ ਵਾਲਿਆਂ ਨੇ ਘਰ ਦੇ ਨੇੜੇ ਦੇ ਇਕ ਸਕੂਲ ਵਿਚ ਕੈਫੇਟੇਰੀਆ-ਵਰਕਰ ਲਈ ਜੁਆਇਨ ਕਰਨ ਲਈ ਭੇਜ ਦਿੱਤਾ। ਇਹ ਕੈਫੇਟੇਰੀਆ ਸਕੂਲ ਵਿਚ ਹੀ ਹੁੰਦੇ ਹਨ ਜਿੱਥੇ ਬੱਚੇ ਦਿਨ ਵਿਚ ਤਿੰਨ ਵਾਰ ਖਾਣਾ ਖਾਂਦੇ ਹਨ। ਪਹਿਲੀ ਸ਼ਿਫਟ ਸੱਤ ਵਜੇ ਦੀ ਹੁੰਦੀ ਸੀ ਜੋ ਇਕ ਵਜੇ ਤੱਕ ਚਲਦੀ ਸੀ। ਦੂਜੀ ਸ਼ਿਫਟ ਸਵੇਰੇ ਦਸ ਵਜੇ ਤੋਂ ਹੁੰਦੀ ਸੀ। ਤੀਜੀ ਸ਼ਿਫਟ ਦੁਪਹਿਰ ਇਕ ਵਜੇ ਤੱਕ। ਸੋ, ਮੈਨੂੰ ਤਿੰਨ ਘੰਟੇ ਵਾਲੀ ਸ਼ਿਫਟ ਹੀ ਸੂਟ ਕਰਦੀ ਸੀ।

ਮੈਂ ਕਈ ਅਲੱਗ-ਅਲੱਗ ਸਕੂਲਾਂ ਵਿਚ ਇਹ ਕੰਮ ਤਕਰੀਬਨ ਪੂਰਾ ਸਾਲ ਭਰ ਕੀਤਾ। ਮੈਨੂੰ ਬਹੁਤ ਚੰਗਾ ਲੱਗਿਆ। ਇਕ ਦਿਨ ਸਕੂਲ ਦੀ ਸਫ਼ਾਈ ਕਰਦੀ ਮੈਨੂੰ ਇਕ ਇੰਡੀਅਨ ਔਰਤ ਨਜ਼ਰ ਆਈ ਜੋ ਮਸ਼ੀਨਾਂ ਨਾਲ ਹੀ ਝਾੜੂ-ਪੋਚਾ ਆਦਿ ਪੂਰੇ ਸਕੂਲ ਦੀ ਸਫ਼ਾਈ ਕਰ ਰਹੀ ਸੀ। ਮੈਂ ਉਸ ਨੂੰ ਪੁੱਛਿਆ, "ਭੈਣ ਜੀ, ਤੁਹਾਨੂੰ ਕਿੰਨੇ ਡਾਲਰ ਪਰ ਆਵਰ ਮਿਲਦੇ ਹਨ?"

"ਅਠਾਰਾਂ ਡਾਲਰ।"

"ਕਿੰਨਾ ਚਿਰ ਕੰਮ ਕਰਦੇ ਹੋ?"

"ਤਿੰਨ ਘੰਟੇ।"

"ਇਸ ਦਾ ਮਤਲਬ ਤਕਰੀਬਨ 54 ਡਾਲਰ ਪਰ ਡੇ।"

ਕੈਫੇਟੇਰੀਏ ਦੇ ਕੰਮ ਨਾਲੋਂ ਇਹ ਕੰਮ ਥੋੜ੍ਹਾ ਔਖਾ ਹੈ। ਸਕੂਲ ਦੇ ਕਮਰਿਆਂ ਵਿਚ ਕੰਧਾਂ ਉੱਤੇ ਲੱਗੇ ਕਾਗਜ਼ ਵੀ ਅਕਸਰ ਮੈਂ ਹੀ ਬਦਲਣੇ ਹੁੰਦੇ ਸਨ; ਭਾਵ ਇੱਥੇ ਦੇ ਸਕੂਲਾਂ ਵਿਚ ਸਫੈਦੀ ਆਦਿ ਨਹੀਂ ਹੁੰਦੀ, ਕਾਗਜ਼ ਹੀ ਹਰ ਹਫ਼ਤੇ ਨਵੇਂ ਬਦਲੇ ਜਾਂਦੇ ਹਨ ਜੋ ਕਾਫ਼ੀ ਮੁਸ਼ਕਿਲ ਕੰਮ ਸੀ। ਅਠਾਰਾਂ ਡਾਲਰ ਪਰ ਆਵਰ ਮਿਲਦੇ ਤਾਂ ਸਨ ਪਰ ਤਿੰਨ ਘੰਟੇ ਕੰਮ ਕਰਨਾ ਵੀ ਇਕੱਲੇ ਬੰਦੇ ਲਈ ਮੁਸ਼ਕਿਲ ਸੀ।

ਫੇਰ ਮੈਂ ਉਸ ਵਰਕਰ ਲੇਡੀ ਨੂੰ ਪੁੱਛਿਆ, "ਕੀ ਇਸ ਸਭ ਕਾਸੇ ਦੀ ਸਾਫ਼-ਸਫ਼ਾਈ ਲਈ ਕਿਸੇ ਟਰੇਨਿੰਗ ਦੀ ਵੀ ਲੋੜ ਪੈਂਦੀ ਹੈ?"

ਉਸ ਨੇ ਉੱਤਰ ਦਿੱਤਾ, "ਹਾਂ, ਪੰਦਰਾਂ ਦਿਨਾਂ ਦੀ ਟਰੇਨਿੰਗ ਹੈ ਪਰ ਹਰ ਰੋਜ਼ ਨਵੇਂ ਸਕੂਲ ਵਿਚ ਜਾਣਾ ਪਵੇਗਾ।" ਮੈਂ ਘਰ ਜਾ ਕੇ ਜਸਬੀਰ ਨੂੰ ਦੱਸਿਆ ਕਿ ਮੈਂ ਚਾਹੁੰਦੀ ਹਾਂ ਕੈਫੇਟੇਰੀਆ ਦੇ ਕੰਮ ਤੋਂ ਬਿਨਾ ਮੈਂ ਹੋਰ ਕਿਹੜਾ ਕੰਮ ਕਰ ਸਕਦੀ ਹਾਂ ਜਿੱਥੇ ਪੜ੍ਹਨ ਲਿਖਣ ਦਾ ਕੰਮ ਵੀ ਹੋਵੇ। "ਤੁਸੀਂ ਫੇਰ ਜੇਕਰ ਜਾ ਸਕਦੇ ਹੋ ਤਾਂ ਇੰਟਰਪਰੇਟਰ ਦੇ ਕੰਮ ਲਈ ਫਾਰਮ ਭਰ ਆਓ, ਸ਼ਾਇਦ ਓਥੇ ਟੈਸਟ ਵਿਚ ਪਾਸ ਹੋ ਜਾਓ। ਉਸ ਕੰਮ ਲਈ ਬਹੁਤ ਪੈਸੇ ਮਿਲਦੇ ਹਨ; ਭਾਵ 50-60 ਡਾਲਰ ਪਰ ਆਵਰ ਤਾਂ ਘੱਟ ਤੋਂ ਘੱਟ ਮਿਲ ਹੀ ਜਾਂਦੇ ਹਨ ਪਰ ਯਾਦ ਰੱਖੋ, ਇਸ ਕੰਮ ਲਈ ਤੁਹਾਨੂੰ ਹਰ ਰੋਜ਼ ਅਲੱਗ-ਅਲੱਗ ਥਾਵਾਂ ਉੱਤੇ ਜਾਣਾ ਪਵੇਗਾ।... ਇਹ ਕੰਮ ਸਾਡੇ ਇੰਡੀਆ ਤੋਂ ਆਏ ਪੜ੍ਹੇ-ਲਿਖੇ ਲੋਕਾਂ ਲਈ ਅੱਛਾ ਹੈ ਜੋ ਦੋ-ਤਿੰਨ ਜ਼ਬਾਨਾਂ ਤੇ ਇੰਟਰਪਟਰ ਦਾ ਕੰਮ ਕਰ ਸਕਦੇ ਹਨ ਜਿਵੇਂ ਪੰਜਾਬੀ, ਹਿੰਦੀ ਤੇ ਉਰਦੂ ਤੋਂ। ਜੇ ਕਹੋ ਤਾਂ ਮੈਂ ਕੱਲ੍ਹ ਨੂੰ ਫੇਰ ਤੁਹਾਨੂੰ ਆਪਣੀ ਕਾਰ ਵਿਚ ਇੰਪਲਾਈਮੈਂਟ ਦਫਤਰ ਲੈ ਜਾਵਾਂਗੀ।"

ਮੈਨੂੰ ਫੇਰ ਜਸਬੀਰ ਮੈਡੀਕਲ ਟੈਸਟ ਲਈ ਲੈ ਗਈ ਤੇ ਮੈਂ ਪਾਸ ਹੋ ਗਈ ਪਰ ਥੋੜ੍ਹਾ ਜਿਹਾ ਬੀ.ਪੀ. ਹਾਈ ਨਿਕਲਿਆ। ਦੋ ਦਿਨ ਦਵਾਈ ਖਵਾਉਣ ਪਿੱਛੋਂ ਮੇਰਾ ਬੀ.ਪੀ. ਫੇਰ ਚੈੱਕ ਕੀਤਾ ਤਾਂ ਠੀਕ ਨਿਕਲਿਆ। ਇਕ ਲੰਮਾ ਚੌੜਾ ਪੇਪਰ ਮੇਰੇ ਹੱਥ ਫੜਾਉਂਦਿਆਂ ਕਿਹਾ, "ਇਸ ਵਿਚ ਕੁਝ ਹਸਪਤਾਲਾਂ ਅਤੇ ਵਕੀਲਾਂ ਦੇ ਪਤੇ ਦਰਜ ਹਨ। ਤੁਹਾਨੂੰ ਇਨ੍ਹਾਂ ਦੋਹਾਂ ਤਰ੍ਹਾਂ ਦੇ ਲੋਕਾਂ ਕੋਲ ਜਾਣਾ ਪਵੇਗਾ ਤੇ ਹਿੰਦੁਸਤਾਨੀ ਤੇ ਪਾਕਿਸਤਾਨੀ, ਦੋਹਾਂ ਜ਼ੁਬਾਨਾਂ ਨੂੰ ਅੰਗਰੇਜ਼ੀ ਵਿਚ ਇੰਟਰਪਰੇਟ ਕਰ ਕੇ ਵਕੀਲਾਂ ਅਤੇ ਡਾਕਟਰਾਂ ਨੂੰ ਸਮਝਾਉਣਾ ਪਵੇਗਾ।"

ਤੀਜੇ ਦਿਨ ਮੈਂ ਇਕ ਵਕੀਲ ਕੋਲ ਉਸ ਦੇ ਦਫ਼ਤਰ ਗਈ ਜੋ ਪਾਕਿਸਤਾਨੀ ਸੀ। ਉੱਥੇ ਤਿੰਨ-ਚਾਰ ਪੰਜਾਬੀ ਬੁੱਢੇ-ਬੁੱਢੀਆਂ ਤੇ ਇਕ ਪਾਕਿਸਤਾਨੀ ਬੰਦਾ ਬੈਠਾ ਸੀ। ਉਹ ਵੀ ਲਾਹੌਰ ਤੋਂ ਸੀ ਤੇ ਪੰਜਾਬੀ ਹੀ ਬੋਲਦਾ ਸੀ।

ਮੈਨੂੰ ਜੋ ਪਹਿਲਾ 'ਕਲਾਇੰਟ' ਮਿਲਿਆ, ਇਹ ਸੱਤਰ ਕੁ ਸਾਲ ਦੀ ਬੁੱਢੀ ਔਰਤ ਸੀ। ਉਸ ਦਾ ਗੁਰਦੁਆਰੇ ਦੇ ਗ੍ਰੰਥੀ ਨਾਲ ਝਗੜਾ ਸੀ। ਉਸ ਬੁੱਢੀ ਨੇ ਗ੍ਰੰਥੀ ਉੱਤੇ ਦੋਸ਼ ਲਾਇਆ ਕਿ ਉਹ ਗੁਰਦੁਆਰੇ ਵਿਚ ਮੀਟ ਖਾਂਦਾ ਹੈ। ਮੈਨੂੰ ਉਸ ਦੀ ਸਾਰੀ ਗੱਲ ਸੁਣਨ ਪਿੱਛੋਂ ਜੱਜ ਸਾਹਿਬ (ਅਫੀਸਰ) ਨੂੰ ਇਹ ਗੱਲ ਅੰਗਰੇਜ਼ੀ ਵਿਚ ਸਮਝਾਉਣੀ ਪਈ।

ਐਸੇ ਕੇਸ ਮੈਂ ਟੈਸਟ ਪਾਸ ਕਰਨ ਪਿੱਛੋਂ ਅਕਸਰ ਹੱਲ ਕਰਨ ਲਈ ਹਰ ਰੋਜ਼ ਦੂਰ-ਦੁਰਾਡੇ ਬੱਸਾਂ ਵਿਚ ਪੰਜਾਹ-ਪੰਜਾਹ ਮੀਲ ਦਾ ਫ਼ਾਸਲਾ ਤੈਅ ਕਰ ਕੇ ਜਾਂਦੀ। ਇਸ ਕੰਮ ਦੇ ਮੈਨੂੰ 50-60 ਡਾਲਰ ਪਰ ਆਵਰ ਮਿਲਦੇ ਸਨ। ਕੰਮ ਵੀ ਬਹੁਤ ਸੌਖਾ ਸੀ ਪਰ ਔਖਾ ਵੀ ਬਹੁਤ ਸੀ। ਬੱਸਾਂ ਵਿਚ ਸਫ਼ਰ ਕਰਨ ਪਿੱਛੋਂ ਮੀਲ-ਮੀਲ ਪੈਦਲ ਤੁਰ ਕੇ ਜਾਣਾ ਪੈਂਦਾ ਸੀ। ਕੈਲੀਫੋਰਨੀਆ ਵਿਚ ਜੂਨ-ਜੁਲਾਈ ਦੇ ਮਹੀਨਿਆਂ ਵਿਚ ਗਰਮੀ ਬਹੁਤ ਪੈਂਦੀ ਹੈ ਜਿਸ ਕਰਕੇ ਇਹ ਕੰਮ ਵੀ ਮੈਂ ਸਾਲ ਕੁ ਭਰ ਪਿੱਛੋਂ ਛੱਡ ਦਿੱਤਾ। ਇਸ ਦਾ ਦੂਜਾ ਕਾਰਨ ਇਹ ਵੀ ਸੀ ਕਿ ਚੈੱਕ ਜਦੋਂ ਵੀ ਆਉਂਦਾ, ਜਸਬੀਰ ਮੇਰੇ ਜੁਆਇੰਟ ਅਕਾਊਂਟ ਵਿਚ ਮੇਰੇ ਸਾਹਮਣੇ ਪਾ ਆਉਂਦੀ। ਮੈਂ ਇਕ ਦਿਨ ਆਪਣੇ ਆਪ ਤੋਂ ਪੁੱਛਿਆ, ਬਈ ਬਚਿੰਤ ਕੌਰੇ ਹੁਣ ਤੂੰ ਮਾਰੀ-ਮਾਰੀ ਦੋ-ਦੋ ਮੀਲ ਤੱਕ ਤੁਰ ਕੇ ਪੈਦਲ ਜਾਂਦੀ ਹੈਂ, ਆਖਿਰ ਕਿਸ ਲਈ? ਕੁੱਕੀ ਨਾ ਮੈਨੂੰ ਘਰ ਦਾ ਕੰਮ ਕਰਨ ਲਈ ਕਹਿੰਦਾ, ਨਾ ਹੀ ਨੌਕਰੀ ਕਰਨ ਨੂੰ। ਮੈਂ ਆਪਣੇ ਵੀਰ ਬਲਵੰਤ ਸਿੰਘ ਦੇ ਘਰ ਸੈਂਟਾ ਮੋਨੀਕਾ ਚਲੀ ਗਈ। ਉਸ ਨੇ ਮੇਰਾ ਨਾਮ ਸਟੂਡੀਓ ਵਿਚ ਏਸ਼ੀਅਨ ਐਕਟਰਾਂ ਵਿਚ ਲਿਖਵਾ ਦਿੱਤਾ। ਇੱਥੇ ਅਸੀਂ ਖਾਸ ਕੁਝ ਕਰਨਾ ਨਹੀਂ ਸੀ ਹੁੰਦਾ, ਸਿਰਫ਼ ਜਿੱਥੇ ਕਿਤੇ ਏਸ਼ੀਅਨ ਲੋਕਾਂ ਦੇ ਭੀੜ-ਭੜੱਕੇ ਦਾ ਕੋਈ ਸੀਨ ਲੈਣਾ ਹੁੰਦਾ, ਬਸ ਉਸ ਭੀੜ ਵਿਚ ਜਾ ਕੇ ਖੜ੍ਹਾ ਹੀ ਹੋਣਾ ਪੈਂਦਾ ਸੀ।

19 ਸਤੰਬਰ 2001 ਨੂੰ ਉਹ ਮੈਨੂੰ ਪਹਿਲੀ ਵਾਰ ਆਪਣੇ ਨਾਲ ਸ਼ੂਟਿੰਗ ਉੱਤੇ ਲੈ ਕੇ ਗਿਆ।

**(ਬਾਕੀ ਅਗਲੇ ਸਫੇ 'ਤੇ)**

ਨਾਲ ਹੀ ਅਸੀਂ ਦੋਹਾਂ ਨੇ ਆਪਣੀ-ਆਪਣੀ ਪਸੰਦ ਦੀਆਂ ਪੰਜਾਬੀ ਤੇ ਅੰਗਰੇਜ਼ੀ ਦੀਆਂ ਕਿਤਾਬਾਂ ਆਪਣੇ ਨਾਲ ਲੈ ਲਈਆਂ ਕਿਉਂਕਿ ਇਕ ਸੀਨ ਲਈ ਕਈ ਵਾਰ ਸਾਰਾ-ਸਾਰਾ ਦਿਨ ਉਥੇ ਰੁਕਣਾ ਪੈਂਦਾ ਸੀ। ਉਸ ਵਿਹਲੇ ਸਮੇਂ ਵਿਚ ਅਸੀਂ ਦੋਵੇਂ ਭੈਣ ਭਰਾ ਆਪਣੀ-ਆਪਣੀ ਪਸੰਦ ਦੀਆਂ ਕਿਤਾਬਾਂ ਪੜ੍ਹਦੇ। ਇਹ ਸ਼ੂਟਿੰਗ ਨਾ ਸਿਰਫ਼ ਸਟੂਡੀਓ ਦੇ ਅੰਦਰ ਹੀ ਹੁੰਦੀ ਸੀ ਬਲਕਿ ਬਹੁਤ ਵਾਰੀ ਆਮ ਸੜਕਾਂ ਉੱਤੇ ਆਮ ਜਨਤਾ ਦੇ ਵਿਚ ਵੀ ਸੈੱਟ ਲਗਾ ਕੇ ਕੀਤੀ ਜਾਂਦੀ ਸੀ।

ਹਫ਼ਤੇ ਵਿਚ ਇਕ ਵਾਰੀ ਮੈਂ ਵੀ ਬਲਵੰਤ ਵੀਰ ਦੇ ਨਾਲ ਛੋਟੇ-ਮੋਟੇ ਰੋਲ ਕਰਨ ਲੱਗ ਪਈ। ਜਦੋਂ ਕਦੇ ਫ਼ਿਲਮ ਬਣ ਕੇ ਤਿਆਰ ਹੁੰਦੀ ਤਾਂ ਕਿਸੇ ਫ਼ਿਲਮ ਵਿਚ ਆਪਣੇ ਆਪ ਨੂੰ ਦੇਖ ਕੇ ਖੁਸ਼ ਹੁੰਦੇ।

ਇਉਂ ਬਲਵੰਤ ਵੀਰ ਕੋਲ ਰਹਿੰਦਿਆਂ ਮੈਂ ਹੋਰ ਵੀ ਕਈ ਛੋਟੇ-ਮੋਟੇ ਕੰਮ ਕੀਤੇ। ਉਸ ਦੇ ਗੁਆਂਢ ਵਿਚ ਇਕ ਹਿੰਦੁਸਤਾਨੀ ਬਜ਼ੁਰਗ ਰਹਿੰਦਾ ਸੀ। ਵੀਹ ਸਾਲ ਹੋ ਗਏ ਸੀ ਉਸ ਨੂੰ ਇੱਥੇ ਅਮਰੀਕਾ ਵਿਚ ਰਿਟਾਇਰ ਹੋਇਆਂ। ਹੁਣ ਉਹ ਨੱਬੇ ਕੁ ਵਰ੍ਹਿਆਂ ਦਾ ਹੋ ਚੁੱਕਿਆ ਸੀ ਤੇ ਇਕੱਲਾ ਹੀ ਆਪਣੇ ਫਲੈਟ ਵਿਚ ਰਹਿ ਰਿਹਾ ਸੀ। ਉਸ ਨੇ ਛੋਟੇ ਜਿਹੇ ਹਫਤਾਵਾਰੀ ਪਰਚੇ ਵਿਚ ਹਿੰਦੁਸਤਾਨੀ ਖਾਣਾ ਬਣਾਉਣ ਵਾਲੇ ਇਕ ਵਰਕਰ ਵਾਸਤੇ ਐਡ ਦਿੱਤੀ ਸੀ। ਬਲਵੰਤ ਨੇ ਉਹ ਐਡ ਮੈਨੂੰ ਪੜ੍ਹ ਕੇ ਕਿਹਾ, "ਭੈਣ ਜੀ, ਮੇਰੇ ਹੀ ਗੁਆਂਢ ਵਿਚ ਇਕ ਰਹੇਜਾ ਸਾਹਿਬ ਬੜੇ ਬਜ਼ੁਰਗ ਹਨ, ਉਨ੍ਹਾਂ ਨੂੰ ਇੰਡੀਅਨ ਖਾਣਾ ਬਣਾਉਣ ਵਾਲੀ ਬੀਬੀ ਦੀ ਲੋੜ ਹੈ, ਤੁਸੀਂ ਜਾਣਾ ਚਾਹੋਗੇ? ਤਿੰਨ ਮਕਾਨ ਛੱਡ ਕੇ ਹੀ ਉਸ ਦਾ ਫਲੈਟ ਹੈ?"

ਅਸੀਂ ਦੋਹਾਂ ਨੇ ਹਿੰਦੁਸਤਾਨੀ ਭਾਸ਼ਾ ਵਿਚ ਉਸ ਨੂੰ ਹੱਥ ਜੋੜ ਕੇ ਨਮਸਤੇ ਕਹੀ ਤੇ ਅਖਬਾਰ ਵਿਚ ਦਿੱਤੀ 'ਐਡ' ਬਾਰੇ ਗੱਲ ਕੀਤੀ। ਉਸ ਨੇ ਪੂਰੀ ਤਰ੍ਹਾਂ ਸਾਡੇ ਦੋਹਾਂ ਬਾਰੇ ਪੁੱਛ-ਗਿੱਛ ਕੀਤੀ ਤੇ ਫੇਰ ਦੱਸਿਆ- ਮੇਰੇ ਦੋ ਪੁੱਤਰ ਹਨ, ਇਕ ਧੀ। ਇਕ ਪੁੱਤਰ ਅਤੇ ਮੇਰੀ ਧੀ ਇਸੇ ਸ਼ਹਿਰ ਵਿਚ ਰਹਿੰਦੇ ਹਨ ਪਰ ਕਈ ਕਾਰਨਾਂ ਕਰ ਕੇ ਮੇਰੇ ਨਾਲ ਮੇਰੇ ਕੋਲ ਨਹੀਂ ਰਹਿ ਸਕਦੇ। ਦੋ-ਤਿੰਨ ਵਰ੍ਹੇ ਪਹਿਲਾਂ ਮੇਰੀ ਧੀ ਮੇਰੀ ਸੇਵਾ ਕਰਦੀ ਰਹੀ ਪਰ ਹੁਣ ਉਸ ਨੂੰ ਆਪਣੇ ਘਰ ਦੀਆਂ ਕੁਝ ਮਜਬੂਰੀਆਂ ਹਨ।

ਬਲਵੰਤ ਨੇ ਦੱਸਿਆ ਕਿ ਇਹ ਮੇਰੇ ਵੱਡੇ ਭੈਣ ਜੀ ਹਨ। ਗਰੀਨ ਕਾਰਡ ਹੋਲਡਰ ਹਨ। ਤੁਹਾਡੀ ਸੇਵਾ ਕਰਨਾ ਚਾਹੁੰਦੇ ਹਨ ਤਾਂ ਉਸ ਨੇ ਕਿਹਾ, "ਕੀ ਇਹ ਬੀਬੀ ਰਾਤ ਨੂੰ ਵੀ ਮੇਰੇ ਕੋਲ ਫਲੈਟ ਵਿਚ ਰਹਿ ਸਕੇਗੀ?"

ਮੈਂ ਇਸ਼ਾਰੇ ਨਾਲ ਬਲਵੰਤ ਨੂੰ ਕਿਹਾ, "ਨਹੀਂ।" ਆਖਰ ਗੱਲ ਇੱਥੇ ਮੁੱਕੀ ਕਿ ਦੋ ਵਕਤ ਬਜ਼ੁਰਗ ਦੇ ਫਲੈਟ ਵਿਚ ਜਾ ਕੇ ਮੈਂ ਉਸ ਦੇ ਘਰ ਦੇ ਸਾਰੇ ਕੰਮ ਕਰ ਕੇ ਸ਼ਾਮੀਂ ਬਲਵੰਤ ਦੇ ਕੋਲ ਉਸ ਦੇ ਘਰ ਆ ਜਾਂਦੀ। ਆਖਰ ਮੈਂ ਮੁੜ ਕੁੱਕੀ ਦੇ ਘਰ ਆ ਗਈ। ਹੁਣ ਪਹਿਲਾਂ ਪਹਿਲ ਤਾਂ ਆਪਣੀ ਪੜ੍ਹਾਈ ਲਿਖਾਈ ਵੱਲ ਰੁਝਾਨ ਕਰਨਾ ਸ਼ੁਰੂ ਕੀਤਾ ਪਰ ਕਿੰਨਾ ਕੁ ਚਿਰ ਲਿਖਿਆ ਜਾ ਸਕਦਾ ਹੈ! ਕਿੰਨਾ ਕੁ ਸਮਾਂ ਸਿਮਰਨ ਭਗਤੀ ਵੱਲ ਲਾਇਆ ਜਾ ਸਕਦਾ ਹੈ! ਮੁਸ਼ਕਿਲ ਨਾਲ ਦੋ-ਤਿੰਨ ਘੰਟੇ। ਆਖਰ ਲਗਾਤਾਰ ਬੈਠ ਕੇ ਵੀ ਬੰਦਾ ਥੱਕ ਹੀ ਜਾਂਦਾ ਹੈ।

ਸੱਚ ਪੁੱਛਿਓ, ਦਿਮਾਗੀ ਕੰਮ ਨਾਲੋਂ ਮੈਨੂੰ ਫਿਜ਼ੀਕਲ ਕੰਮ ਕਰ ਕੇ ਬਹੁਤ ਖੁਸ਼ੀ ਮਿਲਦੀ ਹੈ; ਸੋ ਮੈਂ ਜਸਬੀਰ ਨੂੰ ਕਿਹਾ, "ਜਸਬੀਰ ਮੈਨੂੰ ਕਿਸੇ ਦਿਨ ਫੇਰ ਇੰਪਲਾਈਮੈਂਟ ਐਕਸਚੇਂਜ ਲੈ ਹੀ ਚੱਲ। ਦੇਖਦੀ ਹਾਂ ਉੱਥੇ ਕਿਹੜੇ-ਕਿਹੜੇ ਕੰਮਾਂ ਲਈ ਫਾਰਮ ਭਰੇ ਜਾ ਰਹੇ ਹਨ।" ਓਥੇ ਜਾ ਕੇ ਦੇਖਿਆ, ਸਿਲਾਈ ਦੇ ਕੰਮ ਲਈ ਅਤੇ ਕਾਰਪੈਂਟਰ ਲਈ ਬਹੁਤ ਵੈਕੇਂਸੀਆਂ ਖਾਲੀ ਸਨ। ਕੈਫੇਟੇਰੀਆ ਵਰਕਰ ਵੀ ਚਾਹੀਦੇ ਸਨ।

ਮੁੜ ਮੈਂ ਕੈਫੀਟੇਰੀਆ ਵਰਕਰ ਲਈ ਹੀ ਫਾਰਮ ਭਰ ਦਿੱਤਾ। ਨਾਲੇ ਉਨ੍ਹਾਂ ਕੋਲ ਮੇਰੇ ਪਹਿਲੇ ਐਕਸਪੀਰੀਐਂਸ ਦੇ ਪੇਪਰ ਸਨ। ਹੁਣ ਕੋਈ ਇੰਟਰਵਿਊ ਨਹੀਂ ਹੋਈ ਸੀ ਤੇ ਨਾ ਕੁਝ ਹੋਰ ਪਰ ਮੈਡੀਕਲ ਫੇਰ ਵੀ ਹੋਣਾ ਜ਼ਰੂਰੀ ਸੀ ਤੇ ਮੈਨੂੰ ਉਨ੍ਹਾਂ ਨੇ ਮੇਰਾ ਫਾਰਮ ਹੱਥ ਵਿਚ ਫੜਾਉਂਦਿਆਂ ਹੀ ਮੈਡੀਕਲ ਕਰਾਉਣ ਵਾਸਤੇ ਜਾਣ ਲਈ ਕਹਿ ਦਿੱਤਾ।

ਸਕੂਲ ਵੀ ਮੈਨੂੰ ਆਪਣੇ ਘਰ ਕੋਲ ਹੀ ਮਿਲ ਗਿਆ ਜਿਸ ਕਰਕੇ ਇਸ ਜੌਬ ਲਈ ਮੈਨੂੰ ਕਿਸੇ ਪ੍ਰਕਾਰ ਦੀ ਕੋਈ ਪਰੇਸ਼ਾਨੀ ਨਹੀਂ ਸੀ। ਚਾਰ ਕੁ ਵਜੇ ਸਵੇਰੇ ਉੱਠ ਪੈਂਦੀ। ਠੀਕ ਛੇ ਵਜੇ ਆਪਣੀ ਡਿਊਟੀ ਉੱਤੇ ਪਹੁੰਚ ਜਾਂਦੀ। ਸਵੇਰ ਦਾ ਨਾਸ਼ਤਾ ਅਸੀਂ ਸਾਰੇ ਵਰਕਰ ਹਮੇਸ਼ਾ ਕੈਫੇਟੇਰੀਆ ਵਿਚ ਹੀ ਕਰਦੇ ਸੀ। ਇੱਥੇ ਕੈਫੇਟੇਰੀਏ ਵਿਚ ਅਣਗਿਣਤ ਕਿਸਮ ਦੇ ਨੌਨ-ਵੈਜੀਟੇਰੀਅਨ ਫੂਡ ਅਤੇ ਬਹੁਤ ਸਾਰੀਆਂ ਕਿਸਮ ਦੇ ਕੋਲਡ ਡਰਿੰਕਸ ਵੀ ਹੁੰਦੇ ਸਨ ਜੋ ਅਸੀਂ ਸਾਰੇ ਵਰਕਰ ਖਾ-ਪੀ ਸਕਦੇ ਸਾਂ। ਜਿੰਨਾ ਮਰਜ਼ੀ ਖਾਈਏ ਪਰ ਘਰ ਵਿਚ ਇਕ ਤੋਲਾ ਤੱਕ ਵੀ ਨਹੀਂ ਸੀ ਲੈ ਕੇ ਜਾ ਸਕਦੇ। ਭਾਵੇਂ ਔਫ ਹੋਣ ਪਿੱਛੋਂ ਕਿੰਨਾ ਵੀ ਖਾਣਾ ਬਚ ਜਾਂਦਾ ਪਰ ਉਹ ਸਾਰਾ ਖਾਣਾ ਅਸੀਂ ਛੁੱਟੀ ਸਮੇਂ ਡਸਟਬਿਨਾਂ ਵਿਚ ਹੀ ਸੁੱਟ ਕੇ ਜਾਣਾ ਹੁੰਦਾ ਸੀ। ਕੱਲ੍ਹ ਵਾਸਤੇ ਕਿਸੇ ਫਰਿੱਜ਼ ਵਿਚ ਬਚਿਆ ਹੋਇਆ ਖਾਣਾ ਰੱਖਣ ਦਾ ਹੁਕਮ ਨਹੀਂ ਸੀ। ਇਉਂ ਸਾਨੂੰ ਕੈਫੇਟੇਰੀਆ ਦੇ ਸਾਰੇ ਵਰਕਰਾਂ ਲਈ ਮੈਨੇਜਰ ਸਮੇਤ, ਖਾਣ ਨੂੰ ਬਹੁਤ ਕੁਝ ਮਿਲਦਾ ਸੀ। ਤਾਜ਼ਾ ਦੁੱਧ, ਤਾਜ਼ਾ ਮੱਖਣ, ਕਈ ਕਿਸਮ ਦਾ ਤਾਜ਼ਾ ਪਨੀਰ। ਬਹੁਤ ਸਾਰੀਆਂ ਕਿਸਮਾਂ ਦੇ ਬਿਸਕੁਟ ਜੋ ਅਸੀਂ ਕੈਫੇਟੇਰੀਅਨ ਵਰਕਰਾਂ ਨੇ ਖੁਦ ਵਾਰਮਿਸਟ ਵਿਚ ਰੱਖ ਕੇ ਤਾਜ਼ੇ ਬਣਾ ਕੇ ਬੱਚਿਆਂ ਨੂੰ ਸਰਵ ਕਰਨੇ ਹੁੰਦੇ ਸਨ। ਇਹ ਬਿਸਕੁਟ ਬਣੇ-ਬਣਾਏ ਵੱਡੀਆਂ-ਵੱਡੀਆਂ ਟਰੇਆਂ ਵਿਚ ਪਿੱਛੋਂ ਫੈਕਟਰੀ ਵਿਚੋਂ ਹੀ ਆਉਂਦੇ ਸਨ। ਅਸੀਂ ਸਿਰਫ਼ ਉਨ੍ਹਾਂ ਨੂੰ ਟਰੇਅ ਸਮੇਤ ਵਾਰਮਿਸਟਾਂ ਵਿਚ ਰੱਖ ਕੇ ਪਕਾਉਣਾ ਹੀ ਹੁੰਦਾ ਸੀ। ਸਾਰੇ ਵਰਕਰ ਆਪਣੀ-ਆਪਣੀ ਪਸੰਦ ਦਾ ਖਾਣਾ ਖਾ ਕੇ ਹੀ ਘਰ ਜਾਂਦੇ।

ਜਸਬੀਰ ਨੇ ਵੀ ਇਹ ਇਮਤਿਹਾਨ ਪਾਸ ਕਰ ਲਿਆ ਤੇ ਹੁਣ ਤੱਕ ਉਹ ਕੈਫੇਟੇਰੀਅਨ ਵਰਕਰ ਦੇ ਤੌਰ 'ਤੇ ਹੀ ਸਕੂਲ ਵਿਚ ਕੰਮ ਕਰ ਰਹੀ ਹੈ। ਅੱਛੀ ਤਨਖਾਹ ਲੈਂਦੀ ਹੈ। ਕੁੱਕੀ ਹੁਣ ਖੁਸ਼ ਸੀ ਕਿ ਮੰਮੀ ਮੇਰੇ ਕੋਲ ਖੁਸ਼ੀ-ਖੁਸ਼ੀ ਰਹਿ ਰਹੀ ਹੈ।

ਸੱਚ ਤਾਂ ਇਹ ਸੀ ਕਿ ਮੇਰੀ ਤੇ ਕੁੱਕੀ ਦੀ ਸਥਿਤੀ ਇਉਂ ਸੀ ਕਿ ਘਰ ਵਿਚ ਰਹਿੰਦੇ ਹੋਏ ਵੀ ਅਸੀਂ ਕਈ-ਕਈ ਦਿਨ ਇਕ-ਦੂਜੇ ਦਾ ਮੂੰਹ ਤੱਕ ਨਹੀਂ ਸੀ ਦੇਖ ਸਕਦੇ। ਇਕ ਦਿਨ ਮੈਂ ਇਹੀ ਸਮੱਸਿਆ ਆਪਣੇ ਛੋਟੇ ਵੀਰ ਪਾਲਦੀਪ ਨਾਲ ਸਾਂਝੀ ਕੀਤੀ ਜਦੋਂ ਉਹ ਰੱਖੜੀ ਵਾਲੇ ਦਿਨ ਮੇਰੇ ਕੋਲ ਰੱਖੜੀ ਬੰਨ੍ਹਾਉਣ ਆਇਆ।

ਆਖਰ ਮੈਂ ਮੁੜ ਪੱਕੇ ਤੌਰ ਉੱਤੇ ਦਿੱਲੀ ਵਾਪਸ ਆਉਣ ਬਾਰੇ ਮਨ ਬਣਾਉਣ ਲੱਗੀ। ਮੇਰੇ ਪੁੱਤਰ ਨੂੰ ਮੇਰੀ ਇਹ ਗੱਲ ਵੀ ਕਬੂਲ ਨਹੀਂ ਸੀ, ਉਹ ਨਹੀਂ ਸੀ ਚਾਹੁੰਦਾ ਕਿ ਉੱਥੇ ਜਾ ਕੇ ਮੇਰਾ 'ਗਰੀਨ ਕਾਰਡ' ਖਰਾਬ ਹੋ ਜਾਵੇ।

ਪਾਲਦੀਪ ਨੇ ਇਹ ਗੱਲ ਟੈਲੀਫੋਨ ਉੱਤੇ ਬਲਵੰਤ ਨਾਲ ਸਾਂਝੀ ਕੀਤੀ ਤਾਂ ਬਲਵੰਤ ਨੇ ਮੈਨੂੰ ਆਪਣੇ ਘਰ ਸੈਂਟਾ ਮੋਨੀਕਾ ਛੁੱਟੀ ਵਾਲੇ ਦਿਨ ਬੁਲਾ ਲਿਆ ਤੇ ਮੈਨੂੰ ਸਲਾਹ ਦਿੱਤੀ, "ਭੈਣ ਜੀ, ਮੇਰੇ ਇੱਥੇ ਸੈਂਟਾ ਮੋਨੀਕਾ ਵਿਚ ਵੀ ਨਰਸਿੰਗ ਟਰੇਨਿੰਗ ਸਕੂਲ ਹੈ, ਤੁਸੀਂ ਉੱਥੇ ਦਾਖਲ ਹੋ ਜਾਓ ਤੇ ਮੇਰੇ ਕੋਲ ਰਹੋ, ਜਦੋਂ ਤੱਕ ਤੁਹਾਡੀ ਨਰਸਿੰਗ ਦੀ ਟਰੇਨਿੰਗ ਪੂਰੀ ਨਹੀਂ ਹੁੰਦੀ।"

"ਫੇਰ ਕੀ ਹੋਵੇਗਾ ਬਲਵੰਤ?"

"ਫੇਰ ਤੁਸੀਂ ਟਰੇਨਿੰਗ ਖਤਮ ਹੋਣ ਪਿੱਛੋਂ ਆਪਣਾ ਫਲੈਟ ਲੈ ਕੇ ਇਕੱਲੇ ਰਹਿਣਾ ਸ਼ੁਰੂ ਕਰ ਦੇਣਾ।"

"ਮੈਂ ਇਕੱਲੀ ਇੱਥੇ ਕਿਸ ਲਈ ਰਹਿਣਾ ਹੈ? ਇਸ ਨਾਲੋਂ ਤਾਂ ਮੈਂ ਦਿੱਲੀ ਹੀ ਬਬਲੀ ਕੋਲ ਰਹਾਂ। ਉਸ ਦਾ ਪੂਰਾ ਟੱਬਰ ਮੈਨੂੰ ਬਹੁਤ ਪਿਆਰ ਸਤਿਕਾਰ ਦਿੰਦਾ ਹੈ।"

"ਠੀਕ ਹੈ, ਚਲੇ ਜਾਣਾ; ਪਹਿਲਾਂ ਮੈਂ ਤੁਹਾਨੂੰ ਨਰਸਿੰਗ ਵਿਚ ਐਡਮਿਸ਼ਨ ਲੈਣ ਲਈ ਫਾਰਮ ਭਰਵਾਉਂਦਾ ਹਾਂ ਇੰਪਲਾਇਮੈਂਟ ਜਾ ਕੇ। ਫੇਰ ਦੇਖਦੇ ਹਾਂ ਜੇਕਰ ਤੁਸੀਂ ਦੋ ਸਾਲ ਦੀ ਟਰੇਨਿੰਗ ਇਕ ਸਾਲ ਵਿਚ ਹੀ ਪੂਰੀ ਕਰ ਲਵੋਗੇ ਤਾਂ ਤੁਹਾਨੂੰ ਚੰਗੇ ਪੈਸੇ ਮਿਲਣ ਲੱਗ ਜਾਣਗੇ, ਘੱਟੋ-ਘੱਟ ਵੀਹ-ਪੱਚੀ ਡਾਲਰ ਪਰ ਆਵਰ।"

"ਫੇਰ ਪੈਸਿਆਂ ਨਾਲ ਕੀ ਮੇਰੀ ਸਮੱਸਿਆ ਹੱਲ ਹੋ ਜਾਵੇਗੀ? ਸਮੱਸਿਆ ਤਾਂ ਇਹ ਨਹੀਂ ਹੈ।"

ਜੋ ਵੀ ਸੀ, ਮੇਰੇ ਨਾਂਹ-ਨੁੱਕਰ ਕਰਦਿਆਂ ਬਲਵੰਤ ਮੈਨੂੰ ਸ਼ਾਮੀਂ ਪੰਜ ਵਜੇ ਤੋਂ ਨੌਂ ਵਜੇ ਤੱਕ ਈਵਨਿੰਗ ਕਾਲਜ ਵਿਚ ਦਾਖਲ ਕਰਵਾ ਆਇਆ।

ਹੁਣ ਮੈਂ ਔਖੀਆਂ-ਔਖੀਆਂ ਕਿਤਾਬਾਂ ਨਾਲ ਨਾ ਚਾਹੁੰਦਿਆਂ ਵੀ ਮੱਥਾ ਮਾਰਨ ਲੱਗੀ। ਘਰ ਆ ਕੇ ਵੀ ਬਲਵੰਤ ਦੀ ਧੀ ਦੇ ਕੰਪਿਊਟਰ ਉੱਤੇ ਆਪਣੇ ਲੈਸਨ ਪੜ੍ਹਦੀ ਤੇ ਅੰਸਰ ਲਿਖਦੀ। ਇਉਂ ਕੰਪਿਊਟਰ ਉੱਤੇ ਹੁੰਦੀ ਪੜ੍ਹਾਈ ਨਾਲ ਕਾਫ਼ੀ ਆਸਾਨੀ ਵੀ ਹੁੰਦੀ ਸੀ ਪਰ ਅੱਗੋਂ ਤਾਂ ਹਸਪਤਾਲਾਂ ਵਿਚ ਜਾ ਕੇ ਪ੍ਰੈਕਟੀਕਲ ਕਰਨੇ ਹੀ ਪੈਣਗੇ। ਇਹ ਗੱਲ ਮੇਰੇ ਕੋਰਸ ਵਿਚ ਲਿਖੀ ਹੋਈ ਸੀ।

ਅਸਲ ਵਿਚ ਮੇਰੇ ਇਸ ਕੋਰਸ ਦਾ ਪੂਰਾ ਨਾਉਂ ਹੈ ਸੀ.ਐਨ.ਏ., ਭਾਵ ਸਰਟੀਫਿਕੇਟ ਨਰਸਿਜ਼ ਅਸਿਸਟੈਂਟ। ਇਹ ਕੋਰਸ ਸਾਡੀਆਂ ਹਿੰਦੁਸਤਾਨੀ ਨਰਸਾਂ ਵਾਲਾ ਨਹੀਂ ਸੀ ਸਗੋਂ ਨਰਸਾਂ ਨੂੰ ਅਸਿਸਟ ਕਰਨ ਵਾਸਤੇ ਸੀ ਜਿਸ ਲਈ ਪੂਰੇ ਦੋ ਸਾਲਾਂ ਦਾ ਸਮਾਂ ਜ਼ਰੂਰੀ ਹੁੰਦਾ ਹੈ ਪਰ ਇੱਥੇ ਅਮਰੀਕਾ ਵਿਚ ਸਰਕਾਰੀ ਤੌਰ 'ਤੇ ਇਹ ਕੋਰਸ ਰੈੱਡ ਕਰਾਸ ਵਲੋਂ ਹੁੰਦਾ ਹੈ। ਮੈਂ ਬਲਵੰਤ ਸਿੰਘ ਦੇ ਘਰ ਹੁਣ ਇਸ ਟਰੇਨਿੰਗ ਵਾਸਤੇ ਫੇਰ ਆ ਗਈ। ਉਸ ਦੀ ਆਪਣੀ ਧੀ ਸੂਦਨ ਨੇ ਇਹ ਕੋਰਸ ਮੇਰੇ ਨਾਲੋਂ ਪਹਿਲਾਂ ਪਾਸ ਕਰ ਰਖਿਆ ਸੀ ਤੇ ਉਹ ਜੌਬ ਉੱਤੇ ਵੀ ਲੱਗ ਚੁੱਕੀ ਸੀ। ਉਸੇ ਦੀਆਂ ਕਿਤਾਬਾਂ ਤੇ ਹੋਰ ਪ੍ਰਸ਼ਨ ਉੱਤਰਾਂ ਦੀਆਂ ਕੈਸਟਾਂ ਮੈਨੂੰ ਉਸ ਕੋਲੋਂ ਅਸਾਨੀ ਨਾਲ ਮਿਲ ਜਾਂਦੀਆਂ ਤੇ ਉਹ ਮੇਰੀ ਕਾਫ਼ੀ ਹੈਲਪ ਵੀ ਕਰਦੀ ਸੀ।

ਪਰ ਬਹੁਤੀ ਮੁਸ਼ਕਿਲ ਮੈਨੂੰ ਪ੍ਰੈਕਟੀਕਲ ਕਰਨ ਸਮੇਂ ਆਉਂਦੀ। ਹਰ ਪ੍ਰੈਕਟੀਕਲ ਵਾਸਤੇ ਅਲੱਗ-ਅਲੱਗ ਹਸਪਤਾਲਾਂ ਵਿਚ ਕਲਾਸਾਂ ਹੁੰਦੀਆਂ ਸਨ।

ਮੈਨੂੰ ਸਾਰਾ ਕੋਰਸ ਪੂਰਾ ਕਰਨ ਤੱਕ ਔਖ ਕੋਈ ਨਹੀਂ ਸੀ ਆਈ। ਸਭ ਇਕ ਦੂਜੇ ਨੂੰ ਆਪਣੀ ਆਪਣੀ ਕਾਰ ਵਿਚ ਲੈ ਜਾਂਦੇ, ਖਾਸਕਰ ਜਦੋਂ ਦੂਰ-ਦੁਰਾਡੇ ਹਸਪਤਾਲ ਵਿਚ ਜਾਣਾ ਪੈਂਦਾ। ਮੇਰੀ ਸਭ ਤੋਂ ਵੱਧ ਹੈਲਪ ਮੈਕਸੀਕਨ ਮੁੰਡਾ ਜੌਰਜ ਕਰਦਾ ਜਿਸ ਦੀ ਉਮਰ ਸਾਰੀ ਕਲਾਸ ਵਿਚ ਸਭ ਤੋਂ ਛੋਟੀ ਸੀ, ਮਸਾਂ ਹੀ ਉਹ 19 ਕੁ ਵਰ੍ਹਿਆਂ ਦਾ ਹੀ ਸੀ। ਸ਼ਾਇਦ ਮੇਰੀ ਉਮਰ ਇਸ ਕਲਾਸ ਵਿਚ ਸਭ ਤੋਂ ਵੱਡੀ ਸੀ।

ਇਕ ਦਿਨ ਜੌਰਜ ਨੇ ਮੈਨੂੰ ਦੱਸਿਆ, "ਕੌਰ, ਮੈਂ ਐਗਜ਼ਾਮ ਲਈ ਤਿਆਰ ਹਾਂ।" ਮੈਂ ਸੋਚਿਆ, ਮੈਂ ਵੀ ਜੇ ਆਪਣਾ ਕੋਰਸ ਇਸ ਦੇ ਨਾਲ ਹੀ ਕੰਪਲੀਟ ਕਰ ਲਵਾਂ ਤਾਂ ਇਸ ਦੇ ਨਾਲ ਹੀ ਆਪਣੇ ਐਗਜ਼ਾਮ ਦੀ ਫ਼ੀਸ ਭਰ ਦੇਵਾਂ। ਸਾਡੇ ਇੰਸਟੀਚਿਊਟ ਦੀ ਹੈੱਡ ਜੋ ਰਸ਼ੀਅਨ ਲੇਡੀ ਸੀ, ਬਹੁਤ ਭਲੀ ਔਰਤ ਸੀ। ਦੋ ਕੁ ਮਹੀਨੇ ਪਿੱਛੋਂ ਦੋ ਵਿਦਿਆਰਥੀਆਂ ਨੇ ਆਪਣੇ-ਆਪਣੇ ਕੋਰਸ ਪੂਰੇ ਕਰ ਕੇ ਇਕ ਦਿਨ ਆਪਣੀ ਹੈੱਡ ਨਕੀਤਾ ਨੂੰ ਟੈਸਟ ਲੈਣ ਲਈ ਕਿਹਾ।

ਅਸੀਂ ਚਾਰ ਵਿਦਿਆਰਥੀਆਂ ਨੇ ਤਕਰੀਬਨ 99 ਪ੍ਰਤੀਸ਼ਤ ਨੰਬਰ ਲੈ ਕੇ ਆਪਣਾ ਕੋਰਸ ਪੂਰਾ ਕਰ ਲਿਆ ਤੇ ਸਾਡੇ ਚਾਰਾਂ ਦੀ ਫ਼ੀਸ ਮੈਡਮ ਨੇ ਐਗਜ਼ਾਮੀਨਰ ਕੋਲ ਭੇਜ ਦਿੱਤੀ ਤੇ 7 ਜੁਲਾਈ ਨੂੰ ਸਾਡਾ ਐਗਜ਼ਾਮ ਫਿਕਸ ਹੋ ਗਿਆ। ਠੀਕ 9 ਵਜੇ ਪੇਪਰ ਸ਼ੁਰੂ ਹੋਇਆ ਤੇ 11 ਵੱਜਣ ਤੋਂ ਪਹਿਲਾਂ ਹੀ ਸਾਰੇ ਵਿਦਿਆਰਥੀਆਂ ਨੇ ਐਗਜ਼ਾਮ ਕੰਪਲੀਟ ਕਰ ਲਿਆ। ਮਸਾਂ 20 ਮਿੰਟ ਹੀ ਲੱਗੇ ਹੋਣਗੇ ਸਾਡੇ ਵਿਦਿਆਰਥੀਆਂ ਦੇ ਪ੍ਰਸ਼ਨ ਚੈੱਕ ਕਰਨ ਲਈ।

ਜਦੋਂ ਪੰਜਾਂ ਵਿਚੋਂ ਚਾਰ ਵਿਦਿਆਰਥੀ ਐਗਜ਼ਾਮੀਨਰ ਨੇ ਕੁਆਲੀਫਾਈ ਕਰ ਦਿੱਤੇ ਤਾਂ ਮੇਰਾ ਹੇਠਲਾ ਸਾਹ ਹੇਠਾਂ ਤੇ ਉਤਲਾ ਉੱਤੇ ਹੀ ਰਹਿ ਗਿਆ। ਹੁਣ ਮੈਂ ਬਿਟ-ਬਿਟ ਆਪਣੀ ਹੈੱਡ, ਰਸ਼ੀਅਨ ਟੀਚਰ ਦੇ ਮੂੰਹ ਵੱਲ ਡਰੀ-ਡਰੀ ਤੱਕ ਰਹੀ ਸੀ। ਇਹ ਸਭ ਦੇਖ ਉਹ ਖੁਦ ਚੱਲ ਕੇ ਮੇਰੇ ਕੋਲ ਆਈ ਤੇ ਪਾਸ ਵਿਦਿਆਰਥੀਆਂ ਦੀ ਸੀਟ ਉੱਤੇ ਮੇਰੇ ਦਸਤਖਤ ਲੈ ਕੇ ਮੈਨੂੰ ਮੁਬਾਰਕਬਾਦ ਦਿੱਤੀ ਤੇ ਘੁੱਟ ਕੇ ਮੈਨੂੰ ਗਲੇ ਨਾਲ ਲਾ ਲਿਆ। ਇਹ ਖੁਸ਼ੀ ਮੇਰੇ ਲਈ ਬਹੁਤ ਵੱਡੀ ਗੱਲ ਸੀ। ਇਕ ਸਾਲ ਦਾ ਕੋਰਸ ਮੈਂ ਛੇ ਮਹੀਨਿਆਂ ਵਿਚ ਕਰ ਲਿਆ ਸੀ।

ਅਗਲੀ ਸਵੇਰ ਬਲਵੰਤ ਮੇਰੇ ਸਾਰੇ ਪੇਪਰਾਂ ਸਮੇਤ ਮੈਨੂੰ ਟੈਂਪਾ ਸਟਰੀਟ ਵਾਲੇ ਮੈਡੀਕਲ ਲਈ ਛੱਡ ਆਇਆ ਤੇ ਆਪ ਆਪਣੇ ਸਕੂਲ ਚਲਿਆ ਗਿਆ। ਸਵੇਰ ਦੇ ਅਜੇ ਗਿਆਰਾਂ ਹੀ ਵਜੇ ਸਨ, ਜਦੋਂ ਮੇਰਾ ਸਾਰਾ ਚੈਕਅੱਪ ਹੋ ਗਿਆ ਤੇ ਸਭ ਕੁਝ ਠੀਕ-ਠਾਕ ਨਿਕਲਿਆ ਤੇ ਮੈਨੂੰ ਆਪਣੀ ਡਿਊਟੀ ਜੁਆਇਨ ਕਰਨ ਦੇ ਆਰਡਰ ਮਿਲ ਗਏ।

ਪਹਿਲੇ ਦਿਨ ਕੁੱਕੀ ਮੈਨੂੰ ਆਪਣੀ ਕਾਰ ਵਿਚ ਛੱਡ ਆਇਆ ਸੀ।

ਪਹਿਲਾਂ ਪਹਿਲ ਇਹ ਕੰਮ ਮੈਨੂੰ ਬਹੁਤ ਮੁਸ਼ਕਿਲ ਲਗਦਾ ਸੀ ਕਿਉਂਕਿ ਰਾਤ ਦੀ ਡਿਊਟੀ ਵਾਲੀ ਕੁੜੀ ਨੂੰ ਗਿਣ ਕੇ 13-14 ਮਰੀਜ਼ਾਂ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਸੀ। ਉਹ ਵੀ ਜਿਹੜੇ ਆਪਣੇ ਜੀਵਨ ਦੀਆਂ ਆਖਰੀ ਘੜੀਆਂ ਉੱਤੇ ਹੁੰਦੇ ਸਨ। ਇਨ੍ਹਾਂ ਵਿਚ ਜੋ ਮਰਦ ਮਰੀਜ਼ ਹੁੰਦੇ, ਉਨ੍ਹਾਂ ਨੂੰ ਸਾਂਭਣਾ ਬਹੁਤ ਕਠਿਨ ਕਾਰਜ ਸੀ।

ਰਾਤ ਦੀ ਡਿਊਟੀ ਸਮੇਂ ਸਾਨੂੰ ਸਿਰਫ਼ ਦਸ ਮਿੰਟ ਦੀ ਬਰੇਕ ਮਿਲਦੀ ਸੀ। ਇਨ੍ਹਾਂ ਦਸਾਂ ਮਿੰਟਾਂ ਵਿਚ ਅਸੀਂ ਚਾਹ, ਕੌਫ਼ੀ ਜਾਂ ਹੋਰ ਕੋਈ ਡਰਿੰਕ ਆਪਣੇ ਮਨਪਸੰਦ ਦੀ ਲੈ ਸਕਦੇ ਸੀ, ਨਾਲ ਬਿਸਕੁਟ ਆਦਿ ਪਰ ਦਸ ਤੋਂ ਗਿਆਰਵਾਂ ਮਿੰਟ ਵੀ ਲਗ ਜਾਣ ਤਾਂ ਪੂਰੇ ਇਕ ਘੰਟੇ ਦੇ ਪੈਸੇ ਸਾਡੀ ਤਨਖ਼ਾਹ ਵਿਚੋਂ ਕੱਟੇ ਜਾਂਦੇ ਸਨ।

ਖੈਰ, ਮੈਨੂੰ ਇਸ ਡਿਊਟੀ ਉੱਤੇ ਕੰਮ ਕਰਦਿਆਂ 15-20 ਦਿਨ ਹੋ ਗਏ ਸਨ। ਇਕ ਰਾਤ ਜਦੋਂ ਦੋ ਵੱਜ ਚੁੱਕੇ ਸਨ ਤਾਂ ਮੇਰੀ ਇਕ ਕੁਲੀਗ ਨੇ ਉੱਚੀ-ਉੱਚੀ ਮੈਨੂੰ ਆਵਾਜ਼ਾਂ ਲਗਾਉਂਦਿਆਂ ਕਿਹਾ, "ਸਿਸਟਰ ਕੌਰ, ਯੂਅਰ ਪੇਸ਼ੈਂਟ ਕਰਾਇੰਗ ਇਨ ਹਰ ਵਾਸ਼ਰੂਮ, ਹਰੀ-ਅੱਪ, ਸੀ ਹਰ।"

ਮੈਂ ਭੱਜ ਕੇ ਉਸ ਦੇ ਕਮਰੇ ਵਿਚ ਗਈ ਤਾਂ ਉਸ ਦਾ ਬੈੱਡ ਖ਼ਾਲੀ ਸੀ ਤੇ ਉਹ ਲੈਟਰਿਨ ਦੇ 'ਕਮੋਡ' ਦੀ ਥਾਂ ਡਸਟਬਿਨ ਉੱਤੇ ਬੈਠ ਗਈ ਤੇ ਡਸਟਬਿਨ ਵਿਚ ਫਸ ਗਈ ਸੀ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਮੈਂ ਉਸ ਨੂੰ ਡਸਟਬਿੰਨ ਵਿਚੋਂ ਬਾਹਰ ਕੱਢ ਸਕਾਂ ਪਰ ਮੇਰੇ ਇਕੱਲੀ ਤੋਂ ਇਹ ਸਭ ਨਾ ਹੋ ਸਕਿਆ।

ਮੈਂ ਦੂਸਰੇ ਕਮਰੇ ਦੀ ਬੈੱਲ ਵਜਾ ਕੇ ਆਪਣੇ ਕੁਲੀਗ ਨੂੰ ਹੈਲਪ ਲਈ ਬੁਲਾਇਆ, ਉਹ ਫਿਲਪੀਨੀ ਮੁੰਡਾ ਸੀ। ਉਸ ਦੀ ਹੈਲਪ ਨਾਲ ਮੈਂ ਉਸ ਨੂੰ ਡਸਟਬਿਨ ਵਿਚੋਂ ਬਾਹਰ ਕੱਢ ਸਕੀ ਤੇ ਉਸ ਮੁੰਡੇ ਦੀ ਹੈਲਪ ਨਾਲ ਹੀ ਉਸ ਦੇ ਬੈੱਡ ਉੱਤੇ ਲਿਟਾਇਆ। ਹੁਣ ਮੈਂ ਅਤੇ ਉਹ ਦੂਜਾ ਮੁੰਡਾ ਬਹੁਤ ਘਬਰਾ ਗਏ ਸੀ ਕਿਉਂਕਿ ਮੇਰੀ ਮਰੀਜ਼ ਨਾਲ ਇਹ ਹਾਦਸਾ ਕਿਉਂ ਵਾਪਰਿਆ। ਇਸ ਗੱਲ ਦੀ ਜ਼ਿੰਮੇਵਾਰ ਮੈਂ ਸੀ। ਅਗਰ ਐਸੀ ਕੋਈ ਘਟਨਾ ਵਾਪਰ ਜਾਵੇ ਤਾਂ ਕਾਇਜ਼ਰ ਦੇ ਅੰਦਰ ਹੀ ਬੈਠਾ ਵਕੀਲ ਐਸੇ ਕੇਸ ਨੂੰ ਅੱਗੇ ਕਚਹਿਰੀ ਵਿਚ ਲਿਜਾ ਸਕਦਾ ਹੈ, ਤੇ ਮੁਕੱਦਮਾ ਦਾਇਰ ਕਰ ਸਕਦਾ ਹੈ।

ਬਾਕੀ ਸਾਰੀ ਰਾਤ ਮੈਂ ਕੰਬਦੀ ਰਹੀ ਕਿ ਕਿਤੇ ਵਕੀਲ ਨੇ ਐਸਾ ਕੁਝ ਨਾ ਕਰ ਦਿੱਤਾ ਹੋਵੇ।

ਸੋ, ਇੱਥੇ ਅਮਰੀਕਾ ਵਿਚ ਹਰ ਥਾਂ ਉੱਤੇ ਕਾਨੂੰਨ ਮੁਤਾਬਕ ਹੀ ਚੱਲਣਾ ਪੈਂਦਾ ਹੈ। ਇਸ ਸੈਂਟਰ ਵਿਚ ਸਾਲ ਭਰ ਨੌਕਰੀ ਕੀਤੀ ਜਿਸ ਦਾ ਨਾਉਂ ਸੀ- ਚੈਟਸ ਵਰਥ ਪਾਰਕ ਕੇਅਰ ਸੈਂਟਰ। ਮੈਨੂੰ ਐਸੀ ਕੋਈ ਦਿੱਕਤ ਪੇਸ਼ ਨਹੀਂ ਆਈ। ਪਤੀ ਦੀ ਮੌਤ ਤੋਂ ਬਾਅਦ ਮੈਂ ਲਗਾਤਾਰ ਸਾਲ ਭਰ ਅਮਰੀਕਾ ਕੁੱਕੀ ਕੋਲ ਰਹੀ ਤੇ ਫੇਰ ਮੁੜ ਦੋ ਮਹੀਨੇ ਦੀ ਛੁੱਟੀ ਉੱਤੇ ਦਿੱਲੀ ਆ ਗਈ। ***(ਤ੍ਰੈ ਮਾਸਿਕ 'ਸਮਕਾਲੀ ਸਾਹਿਤ' ਤੋਂ ਧੰਨਵਾਦ ਸਹਿਤ)***

---

# 1984 ਦੀਆਂ ਯਾਦਾਂ: ਜਲ ਰਹੀ ਦਿੱਲੀ

***(ਸਫਾ 27 ਦੀ ਬਾਕੀ)***

ਦਿੱਤੀਆਂ ਸਨ। ਰੰਗਨਾਥ ਮਿਸ਼ਰਾ ਨੂੰ ਜੂਨੀਅਰ ਵਕੀਲ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਸੀ ਜਿਸ ਨੇ ਲੇਖ ਛਪਵਾ ਕੇ ਉਸ ਵਿਰੁੱਧ ਦੋਸ਼ ਲਾਇਆ ਸੀ। (ਮਗਰੋਂ) ਜਸਟਿਸ ਰੰਗਨਾਥ ਮਿਸ਼ਰਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਬਣਿਆ।

-13-

ਇਸ ਤੋਂ ਤੁਰੰਤ ਬਾਅਦ ਇਕ ਹੋਰ ਹਿੰਸਾ ਹੋਈ। ਇਸ ਵਾਰ ਵਾਲਡ ਸਿਟੀ (ਚਾਰ-ਦੀਵਾਰੀ ਵਾਲੇ ਇਲਾਕੇ) ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕੋਈ ਵੀ ਨਾਗਰਿਕ ਕਮੇਟੀ ਅੱਗੇ ਨਹੀਂ ਆਈ। ਵਲੰਟੀਅਰਾਂ ਲਈ ਖਾਣਾ ਭੇਜਣ ਵਾਲਾ ਨਿਰੂਲਾ ਪੁਰਾਣੀ ਦਿੱਲੀ ਨਹੀਂ ਆਇਆ। ਮੈਂ ਤੱਥ ਖੋਜਣ ਲਈ ਗਈ ਅਤੇ ਪੀ.ਯੂ.ਡੀ.ਆਰ. ਨੇ ਰਿਪੋਰਟ ਛਾਪੀ। ਉਸ ਤਰ੍ਹਾਂ ਦੀ (ਸਿੱਖਾਂ ਦੇ ਕਤਲੇਆਮ ਵਾਲੀ) ਕੋਈ ਹਮਦਰਦੀ ਜਾਂ ਗੁੱਸਾ ਨਹੀਂ ਸੀ।

ਉਦੋਂ ਮੈਨੂੰ ਅਹਿਸਾਸ ਹੋਇਆ ਕਿ ਨਾਗਰਿਕ ਏਕਤਾ ਮੰਚ ਦੇ ਕਾਰਕੁਨ ਜ਼ਿਆਦਾਤਰ ਪੰਜਾਬੀ ਸਨ ਅਤੇ ਉਨ੍ਹਾਂ ਸਾਰਿਆਂ ਦੇ ਦੋਸਤ ਸਨ ਜੋ ਸਿੱਖ ਭਾਈਚਾਰੇ ਨਾਲ ਸਬੰਧਿਤ ਸਨ। ਪਿੱਛੋਂ, ਜਦੋਂ ਮੈਂ ਵਰਕਰਾਂ ਦੀਆਂ ਇੰਟਰਵਿਊ ਕੀਤੀਆਂ ਤਾਂ ਪਤਾ ਲੱਗਾ ਕਿ ਸਿੱਖਾਂ ਵਿਚ ਸਿਰਫ਼ ਸੁਮੰਤੋ ਅਤੇ ਮੇਰੇ ਦੋਸਤ ਨਹੀਂ ਸਨ; ਤੇ ਸਾਡੇ ਸਬੰਧ ਮੁਸਲਮਾਨਾਂ ਨਾਲ ਸਨ।

-14-

ਦਿੱਲੀ ਯੂਨੀਵਰਸਿਟੀ ਦੇ ਮਿਰਾਂਡਾ ਹਾਊਸ 'ਚ ਮੇਰੀ ਇਤਿਹਾਸ ਦੀ ਅਧਿਆਪਕਾ ਉਮਾ ਚਕਰਵਰਤੀ ਨੇ ਮੈਨੂੰ ਪੀੜਤਾਂ ਦੀਆਂ ਇੰਟਰਵਿਊ ਲੈਣ ਵਿਚ ਮਦਦ ਕਰਨ ਲਈ ਕਿਹਾ। ਇਹ ਇਤਿਹਾਸ ਦਾ ਐਸਾ ਪਲ ਸੀ ਜਦੋਂ ਇਕ ਭਾਈਚਾਰਾ ਘੱਟ ਗਿਣਤੀ ਵਿਚ ਬਦਲ ਗਿਆ ਸੀ। ਫਿਰ ਅਸੀਂ ਗੈਰ-ਸਿੱਖ ਗੁਆਂਢੀਆਂ ਅਤੇ ਕਾਰਕੁਨਾਂ ਦੀਆਂ ਇੰਟਰਵਿਊ ਕੀਤੀਆਂ। ਇੰਟਰਵਿਊਆਂ ਨੇ ਫੌਰੀ ਕਾਰਨਾਂ ਤੋਂ ਇਲਾਵਾ ਹਿੰਸਾ ਦੇ ਪਿੱਛੇ ਕੰਮ ਕਰਦੇ ਗੁੰਝਲਦਾਰ ਕਾਰਨ ਵੀ ਦਰਸਾਏ। ਮੁਨਿਰਕਾ ਵਰਗੀਆਂ ਕਈ ਥਾਵਾਂ 'ਤੇ ਪਿੰਡ ਦੀ ਜ਼ਮੀਨ ਲਏ ਜਾਣ ਨੂੰ ਲੈ ਕੇ ਰੋਸ ਸੀ। ਗੁਰੂ ਹਰਕ੍ਰਿਸ਼ਨ ਸਕੂਲ ਉਸ ਜ਼ਮੀਨ ਉੱਪਰ ਬਣਾਇਆ ਗਿਆ ਸੀ ਜੋ ਕਦੇ ਮੁਨਿਰਕਾ ਪਿੰਡ ਦੇ ਜਾਟਾਂ ਦੀ ਸੀ। ਜਦੋਂ ਸਕੂਲ ਬਣ ਰਿਹਾ ਸੀ ਤਾਂ ਪਿੰਡ ਦੇ ਲੋਕ ਆਏ ਅਤੇ ਗਰਾਊਂਡ ਨੂੰ ਸਵੇਰ ਵੇਲੇ ਜੰਗਲ-ਪਾਣੀ ਜਾਣ ਲਈ ਵਰਤਿਆ। ਹੁਣ ਉਨ੍ਹਾਂ ਨੇ ਬਦਲਾ ਲੈਣ ਲਈ ਸਕੂਲ ਨੂੰ ਅੱਗ ਲਗਾ ਦਿੱਤੀ ਸੀ।

ਆਪਣੇ ਸਿੱਖ ਗੁਆਂਢੀਆਂ ਦੀ ਰੱਖਿਆ ਕਰਨ ਵਾਲੇ ਲੋਕਾਂ ਦੀਆਂ ਕਹਾਣੀਆਂ ਦਿਲ ਨੂੰ ਸਕੂਨ ਦੇਣ ਵਾਲੀਆਂ ਸਨ; ਅਤੇ ਉਨ੍ਹਾਂ 'ਚੋਂ ਬਿਹਤਰੀਨ ਰਵਾਇਤੀ ਅਖਾੜਿਆਂ ਦੇ ਪਹਿਲਵਾਨ ਸਨ ਜਿਨ੍ਹਾਂ ਨੇ ਸਿੱਖਾਂ ਦੀ ਰੱਖਿਆ ਕੀਤੀ ਕਿਉਂਕਿ ਅਖਾੜਾ ਸਾਰੇ ਭਾਈਚਾਰਿਆਂ ਨੇ ਸਵੀਕਾਰ ਕਰਦਾ ਸੀ।

ਪੁਸਤਕ ਛਪ ਗਈ। ਇਸ ਦਾ ਨਾਂ ਸੀ: ਦਿੱਲੀ ਦੰਗੇ: ਰਾਸ਼ਟਰ ਦੀ ਜ਼ਿੰਦਗੀ 'ਚ ਤਿੰਨ ਦਿਨ।

-15-

1984 ਦੇ ਕਤਲੇਆਮ ਦੇ ਪੀੜਤ ਅੱਜ ਵੀ ਇਨਸਾਫ਼ ਲਈ ਲੜ ਰਹੇ ਹਨ। ਉਨ੍ਹਾਂ ਨੂੰ ਉਤਸ਼ਾਹੀ ਵਾਲੰਟੀਅਰਾਂ ਦੀ ਹਮਾਇਤ ਨਹੀਂ ਹੈ; ਕਈ ਕਾਰਕੁਨਾਂ ਨੇ ਆਪਣੇ ਲਈ ਚੰਗੇ ਪ੍ਰੋਜੈਕਟ ਪ੍ਰਾਪਤ ਕਰਨ ਲਈ ਉਸ ਤਜਰਬੇ ਦੀ ਵਰਤੋਂ ਕੀਤੀ; ਕੁਝ ਵਕੀਲਾਂ ਨੇ ਇਸ ਤਜਰਬੇ ਤੋਂ ਆਪਣਾ ਕਰੀਅਰ ਬਣਾਇਆ।

ਦਿੱਲੀ ਦੇ ਨਾਗਰਿਕ ਫਿਰ ਕਦੇ ਕਿਸੇ ਕਾਰਨ ਇਕੱਠੇ ਨਹੀਂ ਹੋਏ (ਇਹ ਲਿਖਤ ਸ਼ਾਹੀਨ ਬਾਗ਼ ਮੋਰਚੇ ਤੋਂ ਪਹਿਲਾਂ ਲਿਖੀ ਗਈ ਸੀ- ਅਨੁਵਾਦਕ) ਗਰੁੱਪ 1984 ਦੀਆਂ ਘਟਨਾਵਾਂ ਨੂੰ ਯਾਦ ਕਰਨ ਅਤੇ ਕਾਂਗਰਸ ਪਾਰਟੀ ਦੀ ਨਿੰਦਾ ਕਰਨ ਲਈ ਇਕੱਠੇ ਹੋਏ ਹਨ। ਹਾਂ, ਕਾਂਗਰਸ ਪਾਰਟੀ ਦੀ ਨਿੰਦਾ ਹੋਣੀ ਚਾਹੀਦੀ ਹੈ ਪਰ ਕੀ ਸੋਨੀਆ ਗਾਂਧੀ ਨੇ ਜਨਤਕ ਤੌਰ 'ਤੇ ਮੁਆਫ਼ੀ ਨਹੀਂ ਮੰਗੀ?

ਕਾਂਗਰਸ ਪਾਰਟੀ ਦੀ ਨਿਖੇਧੀ ਕਰਨ ਲਈ ਇਕੱਠੀਆਂ ਹੋਈਆਂ ਪਾਰਟੀਆਂ ਅਤੇ ਜਥੇਬੰਦੀਆਂ ਨੇ ਸਿੱਖਾਂ ਨੂੰ ਇਨਸਾਫ਼ ਦਿਵਾਉਣ ਜਾਂ ਇਸ ਮੁੱਦੇ ਨੂੰ ਹਿੰਦੂ ਅਤੇ ਸਿੱਖ ਫਿਰਕੂ ਤਾਕਤਾਂ ਵੱਲੋਂ ਆਪਣੇ ਹੱਥਾਂ ਵਿਚ ਲੈਣ ਤੋਂ ਰੋਕਣ ਲਈ ਕੁਝ ਨਹੀਂ ਕੀਤਾ; ਹੁਣ ਪੀੜਤਾਂ ਲਈ ਇਨਸਾਫ਼ ਲਈ ਸੰਘਰਸ਼ ਫਿਰਕੂ ਸਿਆਸਤ ਦਾ ਹਿੱਸਾ ਹੈ। ਕੀ ਇਸ ਵਰ੍ਹੇਗੰਢ ਨੂੰ ਨਾ ਸਿਰਫ 1984 ਦੇ ਪੀੜਤਾਂ ਲਈ ਲੜਨ ਲਈ ਸਗੋਂ ਭਾਰਤ ਦੇ ਇਕ ਹੋਰ ਦ੍ਰਿਸ਼ਟੀ ਦੀ ਲੜਾਈ ਵਿਚ ਇਕਜੁੱਟ ਹੋਣ ਲਈ ਮੁੜ ਇਕੱਠੇ ਹੋਣ ਦਾ ਮੌਕਾ ਨਹੀਂ ਬਣਾਇਆ ਜਾ ਸਕਦਾ?

-16-

ਸਿੱਖਾਂ ਵੱਲੋਂ 1984 ਬਾਰੇ ਨਾਵਲ ਲਿਖੇ ਜਾ ਰਹੇ ਹਨ। ਇਨ੍ਹਾਂ ਵਿਚੋਂ ਇਕ ਅਮਨਦੀਪ ਸੰਧੂ ਦਾ ਹੈ। ਉਸ ਦੇ ਨਾਵਲ ਦਾ ਨਾਂ 'ਰੋਲ ਆਫ ਆਨਰ' ਹੈ। ਇਸ ਨੂੰ ਹਿੰਦੂ ਸਾਹਿਤ ਪੁਰਸਕਾਰ 2013 ਲਈ ਨਾਮਜ਼ਦ ਕੀਤਾ ਗਿਆ ਸੀ। ਉਹ 1984 ਦੀਆਂ ਘਟਨਾਵਾਂ ਨੂੰ ਪੰਜਾਬ ਦੀ ਵਿਆਪਕ ਸਿਆਸਤ ਦੇ ਪ੍ਰਸੰਗ 'ਚ ਦੇਖਦੇ ਹਨ। ਉਹ ਸੌੜੀ ਫਿਰਕੂ ਸਿਆਸਤ ਜਾਂ ਝੂਠੇ ਪੈਗੰਬਰਾਂ ਤੋਂ ਪ੍ਰੇਰਨਾ ਨਹੀਂ ਲੈਂਦੇ। ਉਹ ਆਪਣੇ ਆਪ ਨੂੰ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਨਹੀਂ ਜੋੜਦੇ, ਉਹ ਆਪਣੇ ਆਪ ਨੂੰ ਕਿਸੇ ਸਿਆਸੀ ਨਜ਼ਰੀਏ ਨਾਲ ਵੀ ਜੋੜਦੇ ਨਹੀਂ ਜਾਪਦੇ।

ਮੈਂ ਅਮਨਦੀਪ ਨੂੰ ਗੋਆ ਵਿਚ ਇਕ ਸਾਹਿਤ ਉਤਸਵ ਵਿਚ ਮਿਲੀ। ਉਹ ਮੈਨੂੰ ਮਿਲਣ ਬਾਰੇ ਉਤਸ਼ਾਹਿਤ ਹੈ। ਉਹ ਕਹਿੰਦਾ ਹੈ ਕਿ ਉਸ ਨੇ ਸੁਣਿਆ ਹੈ ਕਿ ਮੈਂ 1984 ਵਿਚ ਕੀ ਕੀਤਾ ਸੀ। ਉਸ ਨੇ ਮੈਨੂੰ ਆਪਣੀ ਕਿਤਾਬ ਭੇਂਟ ਕੀਤੀ। ਅਮਨਦੀਪ ਨੇ ਕਿਤਾਬ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਕੀਤੀ: "ਇਹ ਇਤਫ਼ਾਕ ਹੈ ਕਿ ਮੈਂ ਇਕ ਖ਼ਾਸ ਪਰਿਵਾਰ, ਜਾਂ ਇਕ ਭਾਈਚਾਰੇ, ਇਕ ਸਮਾਜ ਜਾਂ ਇਕ ਕੌਮ ਵਿਚ ਪੈਦਾ ਹੋਇਆ ਹਾਂ ਪਰ ਜਦੋਂ ਮੈਂ ਜਨਮ ਸਮੇਂ ਮੈਨੂੰ ਵਿਰਸੇ 'ਚ ਮਿਲੇ ਹੁਕਮਨਾਮਿਆਂ- ਰੰਗ, ਧਰਮ, ਸਥਾਨ, ਬੋਲੀ, ਪਰਿਵਾਰ ਅਤੇ ਪਛਾਣ ਦੇ ਹੋਰ ਚਿੰਨ੍ਹਾਂ ਦੀ ਨੁਮਾਇਸ਼ ਲਾਉਂਦਾ ਹਾਂ ਤਾਂ ਮੇਰਾ ਜਨਮ ਮਜ਼ਾਕ ਬਣ ਜਾਂਦਾ ਹੈ ਜੋ ਮੇਰੀ ਪੂਰੀ ਜ਼ਿੰਦਗੀ ਚੱਲਦਾ ਹੈ। ਮੈਂ ਹੈਰਾਨ ਹਾਂ ਕਿ ਇਸ 'ਤੇ ਕੌਣ ਹੱਸਦਾ ਹੈ। ਕਿਉਂਕਿ ਜਦੋਂ ਮੈਂ ਇਸ ਤਰ੍ਹਾਂ ਜਿਉਂਦਾ ਹਾਂ ਜਾਂ ਉਨ੍ਹਾਂ ਦੀ ਖ਼ਾਤਰ ਮਰਨ ਲਈ ਤਿਆਰ ਹਾਂ ਤਾਂ ਮੈਂ ਉਸ ਦਾ ਵਿਅੰਗ ਮਹਿਸੂਸ ਕਰਦਾ ਹਾਂ ਜੋ ਮੈਂ ਹੋ ਸਕਦਾ ਸੀ।

... ਜ਼ਿੰਦਗੀ ਦਾ ਸਾਹਮਣਾ ਕਰਨ ਨੂੰ ਥੋੜ੍ਹਾ ਲੰਮਾ ਲੱਗਾ ਹੈ, ਢਾਈ ਦਹਾਕਿਆਂ ਤੋਂ ਵੱਧ ਸਮਾਂ ਪਰ ਆਖ਼ਿਰਕਾਰ ਮੈਂ ਖੜ੍ਹਾ ਹੋ ਗਿਆ ਹਾਂ। ਆਖ਼ਿਰਕਾਰ ਮੈਨੂੰ ਐਸੀ ਜਗ੍ਹਾ ਮਿਲ ਗਈ ਹੈ ਜਿੱਥੇ ਮੈਂ ਆਪਣੇ ਆਪ ਤੋਂ, ਮੇਰੇ ਆਲੇ-ਦੁਆਲੇ ਦੀ ਦੁਨੀਆ ਤੋਂ ਮਹਿਫ਼ੂਜ਼ ਹਾਂ। ਇਹ ਅਜਿਹੀ ਸਪੇਸ ਹੈ ਜਿੱਥੇ ਹਰ ਸਵੇਰ ਆਜ਼ਾਦ ਪੰਛੀ ਚੋਗਾ ਚੁਗਣ ਲਈ ਆਉਂਦੇ ਹਨ।"

ਅਸੀਂ ਪੀੜਤਾਂ ਦੇ ਇਨਸਾਫ਼ ਦੇ ਹੱਕਾਂ ਲੈਣ ਲਈ ਲੜਦੇ ਹਾਂ, ਉੱਥੇ ਪੀੜਤਾਂ ਨੂੰ ਆਪਣੇ ਆਪ ਨੂੰ ਨਫ਼ਰਤ ਅਤੇ ਬਦਲੇ ਦੀ ਕੈਦ ਤੋਂ ਮੁਕਤ ਕਰਨ ਲਈ ਸਪੇਸ ਲਈ ਵੀ ਲੜਨਾ ਚਾਹੀਦਾ ਹੈ। ਮੈਂ ਅਜਿਹਾ ਕਹਿਣ ਦੀ ਹਿੰਮਤ ਨਹੀਂ ਕਰਾਂਗੀ ਪਰ ਅਮਨਦੀਪ ਨੇ ਰਾਹ ਦਿਖਾ ਦਿੱਤਾ ਹੈ। ਇਸ ਲਈ ਮੈਂ ਇਹ ਲੇਖ 1984 ਦੇ ਪੀੜਤਾਂ ਦੇ ਬੱਚਿਆਂ ਜਾਂ ਸ਼ਾਇਦ ਉਨ੍ਹਾਂ ਦੇ ਪੋਤੇ-ਪੋਤੀਆਂ ਨੂੰ ਸਮਰਪਿਤ ਕਰਦੀ ਹਾਂ।

# ਯੂ.ਕੇ. ਦੀ ਸਿਆਸੀ ਬਦਇੰਤਜ਼ਾਮੀ

ਬਰਤਾਨੀਆ ਬੀਤੇ ਚਾਰ ਮਹੀਨਿਆਂ ਦੌਰਾਨ ਡਾਢੀ ਸਿਆਸੀ ਅਤੇ ਆਰਥਿਕ ਉਥਲ-ਪੁਥਲ ਵਿਚੋਂ ਲੰਘਿਆ ਹੈ। ਮੁਲਕ ਦੀ ਹਾਕਮ ਕੰਜ਼ਰਵੇਟਿਵ ਪਾਰਟੀ ਨੇ ਬੋਰਿਸ ਜੌਹਨਸਨ ਨੂੰ ਜੁਲਾਈ ਮਹੀਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ ਸੀ। ਸਿੱਟੇ ਵਜੋਂ ਲਿਜ਼ ਟਰੱਸ ਸਤੰਬਰ ਵਿਚ ਨਵੀਂ ਪ੍ਰਧਾਨ ਮੰਤਰੀ ਬਣ ਗਈ ਅਤੇ ਉਸ ਨੂੰ ਆਪਣੀ ਆਰਥਿਕ ਬਦਇੰਤਜ਼ਾਮੀ ਕਾਰਨ ਸਿਰਫ 45 ਦਿਨਾਂ ਬਾਅਦ ਹੀ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਇਸ ਪਿੱਛੋਂ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰਾਂ ਨੇ ਰਿਸ਼ੀ ਸੂਨਕ ਨੂੰ ਬਿਨਾ ਮੁਕਾਬਲਾ ਆਪਣਾ ਆਗੂ ਚੁਣ ਲਿਆ; ਇਸ ਤਰ੍ਹਾਂ ਉਹ ਇਸ ਅਹੁਦੇ ਲਈ ਉਮੀਦਵਾਰ ਹੋਣ ਦੇ ਪਹਿਲੇ ਦੌਰ ਦੌਰਾਨ ਪਾਰਟੀ ਦੇ ਸਮੁੱਚੇ ਮੈਂਬਰਾਂ ਵੱਲੋਂ ਵੋਟਾਂ ਰਾਹੀਂ ਲਿਜ਼ ਟਰੱਸ ਦੇ ਮੁਕਾਬਲੇ ਹਰਾ ਦਿੱਤੇ ਜਾਣ ਦੇ ਛੇਤੀ ਹੀ ਬਾਅਦ ਯੂਕੇ ਦਾ ਪ੍ਰਧਾਨ ਮੰਤਰੀ ਚੁਣੇ ਗਏ। ਦੋਹਾਂ ਲੀਡਰਾਂ ਦੀ ਭੂਮਿਕਾ ਵਿਚਲੀ ਇਹ ਤਬਦੀਲੀ, ਭਾਵ ਟਰੱਸ ਦਾ ਨਿਘਾਰ ਅਤੇ ਸੂਨਕ ਦਾ ਉਭਾਰ ਕਾਫ਼ੀ ਨਾਟਕੀ ਰਿਹਾ ਹੈ।



ਪ੍ਰੋ. ਪ੍ਰੀਤਮ ਸਿੰਘ

ਇਸ ਤੋਂ ਪਹਿਲਾਂ ਲਿਜ਼ ਟਰੱਸ ਨੂੰ ਨਮੋਸ਼ੀਜਨਕ ਢੰਗ ਨਾਲ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਅਤੇ ਉਸ ਦਾ ਨਾਂ ਇਤਿਹਾਸ ਸਭ ਤੋਂ ਘੱਟ ਅਰਸੇ ਲਈ ਬਰਤਾਨੀਆ ਦੀ ਪ੍ਰਧਾਨ ਮੰਤਰੀ ਰਹਿਣ ਵਾਲੀ ਆਗੂ ਵਜੋਂ ਦਰਜ ਹੋ ਗਿਆ। ਅਜਿਹਾ ਘਟਨਾਚੱਕਰ ਮੁੱਖ ਤੌਰ 'ਤੇ ਤਿੰਨ ਕਾਰਕਾਂ ਕਾਰਨ ਵਾਪਰਿਆ: ਉਸ ਦੀ ਸ਼ਖ਼ਸੀਅਤ ਦੀ ਬਣਤਰ, ਉਸ ਦਾ ਸਿਧਾਂਤਵਾਦੀ ਵਿਚਾਰਧਾਰਕ ਨਜ਼ਰੀਆ ਅਤੇ ਰੂਸ-ਯੂਕਰੇਨ ਜੰਗ ਕਾਰਨ ਪੈਦਾ ਹੋਇਆ ਭਿਆਨਕ ਆਲਮੀ ਊਰਜਾ ਸੰਕਟ।

ਜੋ ਕੁਝ ਉਸ ਦੇ ਸਿਆਸੀ ਕਰੀਅਰ ਵਿਚ ਤੇਜ਼ ਕਾਮਯਾਬੀ ਦਾ ਕਾਰਨ ਬਣਿਆ, ਉਹੋ ਕੁਝ ਉਦੋਂ ਉਸ ਦੀ ਗਿਰਾਵਟ ਦਾ ਮੁੱਖ ਕਾਰਨ ਬਣ ਗਿਆ। ਉਹ ਖੱਬੇ-ਪੱਖੀ ਅਕਾਦਮੀਸ਼ਿਅਨ ਪਰਿਵਾਰ ਨਾਲ ਸਬੰਧਿਤ ਹੈ ਅਤੇ ਉਸ ਦੇ ਪਿਤਾ ਹਿਸਾਬ ਦੇ ਪ੍ਰੋਫੈਸਰ ਸਨ ਪਰ ਦੱਸਿਆ ਜਾਂਦਾ ਹੈ ਕਿ ਜਦੋਂ ਟਰੱਸ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਆਪਣੀ ਮੁਹਿੰਮ ਦੌਰਾਨ ਮੁਕਤ ਬਾਜ਼ਾਰ ਦੀ ਵਿਚਾਰਧਾਰਾ ਦੇ ਹੱਕ ਵਿਚ ਬੇਲਗਾਮ ਸੱਜੇ-ਪੱਖੀ ਪਾਲਣ ਦਾ ਖੁੱਲ੍ਹੇਆਮ ਇਜ਼ਹਾਰ ਕੀਤਾ ਤਾਂ ਉਸ ਦੇ ਪਿਤਾ ਨੇ ਉਸ ਨੂੰ ਤਿਆਗ ਦਿੱਤਾ। ਉਸ ਦੀ ਆਪਣੇ ਸਿਆਸੀ ਕਰੀਅਰ ਵਿਚ ਕਾਮਯਾਬ ਹੋਣ ਦੀ ਇਕਹਿਰੀ ਸੋਚ ਵਾਲੀ ਖ਼ਾਹਿਸ਼ ਨੇ ਉਸ ਨੂੰ ਉਹ ਊਰਜਾ ਦਿੱਤੀ ਜਿਹੜੀ ਅਜਿਹੇ ਖ਼ਾਹਿਸ਼ਾਂ ਨਾਲ ਭਰੀ ਸ਼ਖ਼ਸੀਅਤ ਵਾਲੇ ਲੋਕਾਂ ਵਿਚ ਹੁੰਦੀ ਹੀ ਹੈ ਪਰ ਇਸ ਖ਼ਾਸ ਸ਼ਖ਼ਸੀਅਤ ਦਾ ਭਿਆਨਕ ਨਾਂਹ-ਪੱਖੀ ਪਹਿਲੂ ਇਹ ਹੈ ਕਿ ਅਜਿਹੇ ਲੋਕ ਇਕ-ਆਯਾਮੀ ਹੁੰਦੇ ਹਨ ਤੇ ਉਹ ਆਲੋਚਨਾਤਮਕ ਵਿਚਾਰਾਂ ਨੂੰ ਖੁੱਲ੍ਹੇ ਮਨ ਨਾਲ ਪ੍ਰਵਾਨ ਨਹੀਂ ਕਰ ਸਕਦੇ। ਅਜਿਹਾ ਨਾਂਹ-ਪੱਖੀ ਪਹਿਲੂ ਉਦੋਂ ਹੋਰ ਗੰਭੀਰ ਬਣ ਜਾਂਦਾ ਹੈ ਜਦੋਂ ਅਜਿਹੇ ਲੋਕਾਂ ਦੇ ਹੱਥ ਕਿਸੇ ਸੰਸਥਾ ਦੇ ਮੁਖੀ ਦੀ ਤਾਕਤ ਆ ਜਾਂਦੀ ਹੈ ਅਤੇ ਜਦੋਂ ਅਜਿਹੀ ਸੰਸਥਾ ਖ਼ੁਦ ਰਿਆਸਤ/ਸਟੇਟ ਹੋਵੇ, ਫਿਰ ਤਾਂ ਕਹਿਣਾ ਹੀ ਕੀ ਹੈ।

ਜਦੋਂ ਉਹ ਪ੍ਰਧਾਨ ਮੰਤਰੀ ਬਣੀ ਤਾਂ ਉਹ ਆਪਣੀ ਚੋਣ ਮੁਹਿੰਮ ਦੌਰਾਨ ਟੋਰੀ ਮੈਂਬਰਾਂ ਨੂੰ ਦਿੱਤੇ ਟੈਕਸ ਕਟੌਤੀ ਦੇ ਆਪਣੇ ਵਾਅਦੇ ਦੇ ਉਲਟ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ ਸੀ। ਉਹ ਦਰਅਸਲ ਟੋਰੀ ਮੈਂਬਰਾਂ ਜਿਹੜੇ ਮੁਕਾਬਲਤਨ ਅਮੀਰ ਪਿਛੋਕੜ ਵਾਲੇ ਹਨ ਤੇ ਉਨ੍ਹਾਂ ਦਾ ਝੁਕਾਅ ਆਮ ਕਰ ਕੇ ਘੱਟ ਟੈਕਸਾਂ ਵਾਲੀ ਸਿਆਸਤ ਵੱਲ ਹੁੰਦਾ ਹੈ, ਦੀਆਂ ਵੋਟਾਂ ਹਾਸਲ ਕਰਨ ਅਤੇ ਦੂਜੇ ਪਾਸੇ ਮੁਲਕ ਨੂੰ ਚਲਾਉਣ ਵਿਚਕਾਰਲੇ ਫ਼ਰਕ ਨੂੰ ਨਹੀਂ ਸਮਝ ਸਕੀ ਕਿਉਂਕਿ ਕਿਸੇ ਵੀ ਕੌਮੀ ਆਗੂ ਲਈ ਮੁਲਕ ਦੀ ਆਬਾਦੀ ਦੇ ਸਾਰੇ ਤਬਕਿਆਂ ਦੀਆਂ ਲੋੜਾਂ ਦਾ ਖ਼ਿਆਲ ਰੱਖਣਾ ਜ਼ਰੂਰੀ ਹੁੰਦਾ ਹੈ। ਇਸ ਗੱਲ ਤੋਂ ਡਰਦਿਆਂ ਕਿ ਪ੍ਰਸ਼ਾਸਨ ਦੇ ਦੂਜੇ ਅੰਗਾਂ ਨਾਲ ਵਿਚਾਰ-ਵਟਾਂਦਰਾ ਕਰਨ ਨਾਲ ਉਸ ਦੇ ਵਿਚਾਰਾਂ ਤੋਂ ਉਲਟ ਵਿਚਾਰ ਸਾਹਮਣੇ ਆ ਸਕਦੇ ਹਨ, ਉਸ ਨੇ ਬੈਂਕ ਆਫ ਇੰਗਲੈਂਡ, ਟਰੱਜ਼ਰੀ (ਆਰਥਿਕ ਮਾਮਲੇ ਤੇ ਵਿੱਤ ਮੰਤਰਾਲਾ), ਬਜਟ ਜਵਾਬਦੇਹੀ ਦਫ਼ਤਰ (ਓ.ਆਰ.ਬੀ.), ਇਥੋਂ ਤੱਕ ਕਿ ਸਨਅਤੀ ਤੇ ਕਾਰੋਬਾਰੀ ਆਗੂਆਂ ਨਾਲ ਵੀ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਨਹੀਂ ਸਮਝਿਆ (ਟਰੇਡ ਯੂਨੀਅਨਾਂ ਦੀ ਤਾਂ ਗੱਲ ਹੀ ਛੱਡ ਦਿਉ) ਅਤੇ ਇਕਪਾਸੜ ਤੌਰ 'ਤੇ ਹੀ ਵਿਆਪਕ ਬਜਟ ਕਟੌਤੀਆਂ ਦਾ ਐਲਾਨ ਕਰ ਦਿੱਤਾ। ਉਸ ਨੇ ਇਹ ਐਲਾਨ ਆਪਣੇ ਵਾਂਗ ਹੀ ਮੁਕਤ ਬਾਜ਼ਾਰ ਦੇ ਬਹੁਤ ਹੀ ਕੱਟੜ ਹਮਾਇਤੀ ਚਾਂਸਲਰ (ਹੁਣ ਸਾਬਕਾ) ਕਵਾਸੀ ਕਵਾਰਤੇਂਗ ਰਾਹੀਂ ਕੀਤਾ। ਇਨ੍ਹਾਂ ਤਜਵੀਜ਼ਸ਼ੁਦਾ ਬੇਮਿਸਾਲ ਵਿਆਪਕ ਟੈਕਸ ਕਟੌਤੀਆਂ ਨਾਲ ਕਿਉਂਕਿ ਰਿਆਸਤ/ਸਟੇਟ ਦੇ ਮਾਲੀਏ ਵਿਚ ਵੱਡੇ ਵੱਡੇ ਸੁਰਾਖ਼ ਹੋ ਜਾਣੇ ਸਨ, ਇਸ ਕਾਰਨ ਟਰੱਸ-ਕਵਾਰਤੇਂਗ ਟੀਮ ਨੇ ਹਕੂਮਤ ਦੇ ਖ਼ਰਚਿਆਂ ਨੂੰ ਲੋੜੀਂਦਾ ਵਿੱਤ ਦੇਣ ਲਈ ਵੱਡੇ ਪੱਧਰ 'ਤੇ ਉਧਾਰ ਲੈਣ ਦੀਆਂ ਤਜਵੀਜ਼ਾਂ ਵੀ ਪੇਸ਼ ਕੀਤੀਆਂ। ਇਸ ਤਰ੍ਹਾਂ ਇਸ ਟੀਮ ਦਾ ਇਨ੍ਹਾਂ ਭਾਰੀ ਤਜਵੀਜ਼ਸ਼ੁਦਾ ਉਧਾਰੀਆਂ ਉਤੇ ਆਧਾਰਿਤ ਇਹ 'ਮਿੰਨੀ ਬਜਟ' ਇਕ ਤਰ੍ਹਾਂ ਰਾਜਕੋਸ਼ੀ ਗ਼ੈਰ-ਜ਼ਿੰਮੇਵਾਰੀ ਵਾਲੀ ਕਾਰਵਾਈ ਸੀ। ਇਸ ਨੇ ਭਾਰੀ ਆਰਥਿਕ ਬੇਯਕੀਨੀ ਵਾਲੀ ਹਾਲਤ ਪੈਦਾ ਕਰ ਦਿੱਤੀ ਜਿਸ ਨਾਲ ਵਪਾਰ/ਕਾਰੋਬਾਰ ਅਤੇ ਖਪਤਕਾਰਾਂ ਦਾ ਭਰੋਸਾ ਟੁੱਟ ਗਿਆ। ਵੱਡੇ ਪੱਧਰ 'ਤੇ ਉਧਾਰ ਲੈਣ ਦੀਆਂ ਤਜਵੀਜ਼ਾਂ ਨੇ ਮਹਿੰਗਾਈ ਸਿਖਰਾਂ 'ਤੇ ਪਹੁੰਚਾ ਦਿੱਤੀ। ਟਰੱਸ ਦੀ ਬਦਕਿਸਮਤੀ ਇਹ ਰਹੀ ਕਿ ਇਸ ਦੌਰਾਨ ਰੂਸ-ਯੂਕਰੇਨ ਟਕਰਾਅ ਨੇ ਮਹਿੰਗਾਈ ਨੂੰ ਨੱਥ ਪਾਉਣ ਦੀਆਂ ਉਸ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਸਗੋਂ ਮਹਿੰਗਾਈ ਹੋਰ ਵਧਾਈ। ਬੈਂਕ ਆਫ ਇੰਗਲੈਂਡ ਨੇ ਵਧ ਰਹੀ ਮਹਿੰਗਾਈ ਠੱਲ੍ਹਣ ਲਈ ਵਿਆਜ ਦਰਾਂ ਵਿਚ ਵਾਧੇ ਦਾ ਸਹਾਰਾ ਲਿਆ। ਵਧੀਆਂ ਵਿਆਜ ਦਰਾਂ ਦਾ ਸਿੱਟਾ ਰਹਿਨ/ਗਹਿਣੇ ਧਰਨ ਦੀਆਂ ਦਰਾਂ ਵਿਚ ਇਜ਼ਾਫ਼ੇ ਵਜੋਂ ਨਿਕਲਿਆ ਅਤੇ ਇਸ ਨਾਲ ਮਕਾਨਾਂ ਦੇ ਮਾਲਕਾਂ ਦੇ ਰਹਿਣ ਅਦਾਇਗੀਆਂ ਦੇ ਬਿਲ ਵਧ ਗਏ। ਇਉਂ ਸਮਾਜ ਦੇ ਸਾਰੇ ਤਬਕਿਆਂ ਨੂੰ ਵਿਆਪਕ ਭੈਅ ਅਤੇ ਨਿਰਾਸ਼ਾ ਨੇ ਜਕੜ ਲਿਆ। ਇਥੋਂ ਤੱਕ ਕਿ ਨਵੇਂ ਚਾਂਸਲਰ ਜੇਰੇਮੀ ਹੰਟ ਦੀ ਨਿਯੁਕਤੀ ਵੀ ਆਰਥਿਕ ਅਸੁਰੱਖਿਆ ਦੀ ਵੱਡੇ ਪੱਧਰ 'ਤੇ ਫੈਲੀ ਹੋਈ ਭਾਵਨਾ ਨੂੰ ਨਾ ਘਟਾ ਸਕੀ। ਇੰਝ ਇਕਹਿਰੀ ਸੋਚ ਆਧਾਰਿਤ ਸਿਖਰ 'ਤੇ ਪਹੁੰਚਣ ਦੀ ਉਸ ਦੀ ਸਫਲਤਾ ਦਾ ਤਰੀਕਾ ਉਸ ਦੇ ਪਤਨ ਦਾ ਮੁੱਖ ਸਰੋਤ ਬਣ ਗਿਆ।

ਦਰਅਸਲ, ਉਹ ਇਹ ਨਹੀਂ ਸਮਝ ਸਕੀ ਕਿ ਬਾਜ਼ਾਰ ਅਤੇ ਨਿੱਜੀਕਰਨ ਨੂੰ ਪ੍ਰਮੁੱਖਤਾ ਦੇਣ ਦਾ ਹਾਮੀ ਉਸ ਦਾ ਸਿਧਾਂਤਵਾਦੀ ਵਿਚਾਰਧਾਰਕ ਦ੍ਰਿਸ਼ਟੀਕੋਣ ਮੌਜੂਦਾ ਬ੍ਰਿਟਿਸ਼ ਆਰਥਿਕਤਾ ਅਤੇ ਸਮਾਜ ਦੀ ਅਸਲੀਅਤ ਦੇ ਮੁਆਫ਼ਕ ਨਹੀਂ ਸੀ ਜਿੱਥੇ ਬਹੁਤ ਸਾਰੇ ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਟਿਕੇ ਰਹਿਣ ਲਈ ਰਿਆਸਤ ਦੀ ਸਹਾਇਤਾ ਦੀ ਜ਼ਰੂਰਤ ਹੈ। ਟੋਰੀ ਪਾਰਟੀ ਦੀ ਲੀਡਰਸ਼ਿਪ (ਭਾਵ ਪ੍ਰਧਾਨ ਮੰਤਰੀ ਦੇ ਅਹੁਦੇ) ਦੇ ਪਿਛਲੇ ਮੁਕਾਬਲੇ ਵਿਚ ਉਸ ਦੇ ਵਿਰੋਧੀ ਰਿਸ਼ੀ ਸੂਨਕ ਜੋ ਹਾਲਾਂਕਿ ਖ਼ੁਦ ਨਰਮ ਸੱਜੇ-ਪੱਖੀ ਹੈ, ਨੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੇ ਅਧੀਨ ਚਾਂਸਲਰਸ਼ਿਪ ਵਜੋਂ ਆਪਣੇ ਕਾਰਜਕਾਲ ਦੌਰਾਨ ਉਦੋਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਰਿਆਸਤੀ ਇਮਦਾਦ ਦੀ ਲੋੜ ਮਹਿਸੂਸ ਕੀਤੀ ਸੀ ਜਦੋਂ ਉਸ ਨੇ ਕੋਵਿਡ ਮਹਾਮਾਰੀ ਨਾਲ ਸਿੱਝਣ ਦੇ ਅਮਲ ਦੌਰਾਨ ਰਿਆਸਤ ਰਾਹੀਂ ਇਮਦਾਦ ਮੁਹੱਈਆ ਕਰਵਾਏ ਜਾਣ ਸਬੰਧੀ ਢਾਂਚਾ ਤਿਆਰ ਕੀਤਾ ਸੀ। ਦੂਜੇ ਪਾਸੇ ਟਰੱਸ ਦੀਆਂ ਨੀਤੀਆਂ ਜ਼ਾਹਿਰਾ ਤੌਰ 'ਤੇ ਅਮੀਰਾਂ ਨੂੰ ਹੋਰ ਅਮੀਰ ਬਣਾਉਣ ਵੱਲ ਸੇਧਿਤ ਸਨ, ਭਾਵੇਂ ਇਸ ਦੌਰਾਨ ਥੋੜ੍ਹੀ ਅਮੀਰੀ ਵਾਲੇ ਲੋਕਾਂ ਨੂੰ ਮਾਲੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਕਾਰਨ ਉਸ ਨੇ ਟੋਰੀ ਵੋਟਰਾਂ ਵਿਚੋਂ ਵੀ ਆਪਣਾ ਸਮਰਥਨ ਗੁਆ ਲਿਆ ਜਿਨ੍ਹਾਂ ਨੇ ਪਹਿਲਾਂ ਉਸ ਨੂੰ ਵੋਟਾਂ ਪਾਈਆਂ ਸਨ। ਟੋਰੀ ਸੰਸਦ ਮੈਂਬਰਾਂ (ਐਮਪੀਜ਼) ਨੂੰ ਵੀ ਛੇਤੀ ਅਹਿਸਾਸ ਹੋ ਗਿਆ ਕਿ ਜੇ ਟਰੱਸ ਅਹੁਦੇ ਉਤੇ ਰਹੀ ਤਾਂ ਉਨ੍ਹਾਂ ਦੀ ਪਾਰਟੀ ਅਗਲੀਆਂ ਆਮ ਚੋਣਾਂ ਹਾਰ ਜਾਵੇਗੀ ਅਤੇ ਉਨ੍ਹਾਂ (ਐਮਪੀਜ਼) ਵਿਚੋਂ ਵੀ ਬਹੁਤਿਆਂ ਨੂੰ ਹਾਰ ਦਾ ਮੂੰਹ ਦੇਖਣਾ ਪਵੇਗਾ, ਖ਼ਾਸਕਰ ਹਾਸ਼ੀਏ ਵਾਲੇ ਹਲਕਿਆਂ ਦੇ ਸੰਸਦ ਮੈਂਬਰਾਂ ਨੂੰ ਜਿੱਥੇ ਉਹ ਲੇਬਰ ਪਾਰਟੀ ਤੇ ਲਿਬਰਲ ਡੈਮੋਕਰੇਟਸ ਦੇ ਆਪਣੇ ਵਿਰੋਧੀ ਉਮੀਦਵਾਰਾਂ ਤੋਂ ਮਾਮੂਲੀ ਫ਼ਰਕ ਨਾਲ ਹੀ ਚੋਣਾਂ ਜਿੱਤੇ ਸਨ। ਟੋਰੀ ਐਮਪੀਜ਼ ਦੀ ਇਹ ਵੀ ਇਕ ਵੱਡੀ ਗੱਲ ਹੈ ਕਿ ਉਹ ਕਿਸੇ ਵਿਅਕਤੀ ਲਈ ਪੱਕੇ ਤੌਰ 'ਤੇ ਵਚਨਬੱਧ ਨਹੀਂ ਅਤੇ ਜਿਹੜਾ ਆਗੂ ਵੀ ਉਨ੍ਹਾਂ ਦੀ ਹਾਰ ਦਾ ਕਾਰਨ ਬਣ ਸਕਦਾ ਹੋਵੇ, ਉਸ ਨੂੰ ਉਲਟਾਉਣ ਵਿਚ ਦੇਰ ਨਹੀਂ ਲਾਉਂਦੇ। ਜਿਵੇਂ ਉਨ੍ਹਾਂ ਕੁਝ ਮਹੀਨੇ ਪਹਿਲਾਂ ਹੀ ਜੌਹਨਸਨ ਦੀ ਕੁਰਸੀ ਖੋਹੀ ਸੀ, ਉਵੇਂ ਹੀ ਹੁਣ ਉਨ੍ਹਾਂ ਟਰੱਸ ਦਾ ਤਖ਼ਤਾ ਉਲਟਾ ਦਿੱਤਾ।

ਬਰਤਾਨੀਆ ਵਿਚ ਮੌਜੂਦਾ ਸਿਆਸੀ ਉਥਲ-ਪੁਥਲ ਦਾ ਇਕ ਹੱਲ ਆਮ ਚੋਣਾਂ ਕਰਵਾਉਣਾ ਹੈ ਜਿਸ ਦੀ ਵਿਰੋਧੀ ਪਾਰਟੀਆਂ (ਲੇਬਰ, ਲਿਬਰਲ ਡੈਮੋਕਰੇਟ, ਗ੍ਰੀਨ, ਸਕਾਟਿਸ਼ ਨੈਸ਼ਨਲ ਪਾਰਟੀ) ਮੰਗ ਕਰ ਰਹੀਆਂ ਹਨ ਤਾਂ ਕਿ ਵੋਟਰ ਨਵੀਂ ਸਰਕਾਰ ਅਤੇ ਪ੍ਰਧਾਨ ਮੰਤਰੀ ਦੀ ਚੋਣ ਦੇ ਅਮਲ ਵਿਚ ਹਿੱਸਾ ਲੈ ਸਕਣ। ਇਹ ਮੰਗ ਕਾਫ਼ੀ ਤਰਕਸੰਗਤ ਅਤੇ ਵਾਜਬ ਹੈ ਪਰ ਇਸ ਵੇਲੇ ਆਮ ਚੋਣਾਂ ਕਰਵਾਉਣ ਦੀ ਸੂਰਤ ਵਿਚ ਪਾਰਟੀ ਦੇ ਹਾਰ ਜਾਣ ਦੇ ਡਰੋਂ ਜ਼ਿਆਦਾਤਰ ਟੋਰੀ ਐਮ.ਪੀਜ਼ ਨੇ ਚੋਣਾਂ ਦੀ ਬਜਾਇ ਨਵਾਂ ਪ੍ਰਧਾਨ ਮੰਤਰੀ ਚੁਣਨ ਨੂੰ ਤਰਜੀਹ ਦਿੰਦਿਆਂ ਰਿਸ਼ੀ ਸੂਨਕ ਦੇ ਹੱਕ ਵਿਚ ਡਟਣ ਦਾ ਫੈਸਲਾ ਕੀਤਾ ਤਾਂ ਕਿ ਉਹ ਅਗਲੇ ਦੋ ਸਾਲਾਂ ਦੌਰਾਨ ਵੋਟਰਾਂ ਵਿਚ ਪਾਰਟੀ ਦਾ ਭਰੋਸਾ ਬਹਾਲ ਕਰ ਸਕੇ ਜਿਹੜਾ ਇਸ ਸਮੇਂ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ।

ਲੰਡਨ ਵਿਚ ਲਗਾਤਾਰ ਚੱਲ ਰਹੀ ਇਸ ਆਰਥਿਕ ਤੇ ਸਿਆਸੀ ਬਦਇੰਤਜ਼ਾਮੀ ਨੇ ਸਕਾਟਿਸ਼ ਨੈਸ਼ਨਲ ਪਾਰਟੀ ਵੱਲੋਂ ਆਜ਼ਾਦੀ ਲਈ ਨਵੇਂ ਸਿਰਿਉਂ ਰਾਇਸ਼ੁਮਾਰੀ ਕਰਾਉਣ ਦੀ ਕੀਤੀ ਜਾ ਰਹੀ ਮੰਗ ਨੂੰ ਹੋਰ ਹੁਲਾਰਾ ਦਿੱਤਾ ਹੈ। ਇਸ ਪਾਰਟੀ ਨੇ ਸਥਿਰ ਅਤੇ ਆਜ਼ਾਦ ਸਕਾਟਲੈਂਡ ਲਈ ਆਰਥਿਕ ਯੋਜਨਾਬੰਦੀ ਦਾ ਖ਼ਾਕਾ ਉਲੀਕਿਆ ਹੈ।

ਟੋਰੀ ਸੰਸਦ ਮੈਂਬਰ ਨਾ ਸਿਰਫ਼ ਬਰਤਾਨੀਆ ਦੀ ਆਰਥਿਕ ਹਾਲਤ ਦੇ ਸੁਧਾਰ ਲਈ ਸਗੋਂ ਬਰਤਾਨੀਆ ਨੂੰ ਇਕਮੁੱਠ ਰੱਖਣ ਲਈ ਵੀ ਸਿਆਸੀ ਸਥਿਰਤਾ ਦੀ ਲੋੜ ਪ੍ਰਤੀ ਚੇਤੰਨ ਹਨ। ਉਨ੍ਹਾਂ ਵੱਲੋਂ ਸੂਨਕ ਨੂੰ ਬਿਨਾ ਮੁਕਾਬਲਾ ਆਪਣਾ ਆਗੂ ਅਤੇ ਮੁਲਕ ਦਾ ਪ੍ਰਧਾਨ ਮੰਤਰੀ ਚੁਣੇ ਜਾਣ ਸਮੇਂ ਇਹੋ ਮੁੱਖ ਵਿਚਾਰ ਵਾਲਾ ਮੁੱਦਾ ਰਿਹਾ। ਸੂਨਕ ਦੀ ਆਰਥਿਕ ਯੋਗਤਾ ਨੂੰ ਵਧੀਆ ਮਾਨਤਾ ਦਿੱਤੀ ਗਈ ਹੈ ਅਤੇ ਦੇਸ਼ ਦੇ ਆਰਥਿਕ ਤੇ ਰਾਜਨੀਤਕ ਪ੍ਰਬੰਧਨ ਵਿਚ ਉਸ ਦੀ ਮੋਹਰੀ ਭੂਮਿਕਾ ਪ੍ਰਤੀ ਬਾਜ਼ਾਰਾਂ ਨੇ ਅਨੁਕੂਲ ਹੁੰਗਾਰਾ ਭਰਿਆ ਹੈ। ਉਸ ਦਾ ਭਾਰਤੀ ਪੰਜਾਬੀ ਮੂਲ ਉਸ ਨੂੰ ਬਰਤਾਨੀਆ ਦਾ ਪਹਿਲਾ ਗ਼ੈਰ-ਗੋਰਾ ਪ੍ਰਧਾਨ ਮੰਤਰੀ ਬਣਾਉਂਦਾ ਹੈ। ਉਹ ਬੀਤੇ 200 ਸਾਲਾਂ ਦੌਰਾਨ ਹੁਣ ਤੱਕ ਦਾ ਸਭ ਤੋਂ ਘੱਟ ਉਮਰ ਦਾ ਬਰਤਾਨਵੀ ਪ੍ਰਧਾਨ ਮੰਤਰੀ ਵੀ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਉਹ ਬਰਤਾਨੀਆ ਦਾ ਅਜਿਹਾ ਪਹਿਲਾ ਪ੍ਰਧਾਨ ਮੰਤਰੀ ਹੈ ਜਿਹੜਾ ਮੁਲਕ ਦੇ ਸਮਰਾਟ, ਭਾਵ ਬਾਦਸ਼ਾਹ ਚਾਰਲਸ ਤੀਜੇ ਤੋਂ ਵੀ ਵੱਧ ਅਮੀਰ ਹੈ, ਭਾਵੇਂ ਉਸ ਦੀ ਅਮੀਰੀ ਦਾ ਜ਼ਰੀਆ ਉਸ ਦਾ ਅਕਸ਼ਤਾ ਮੂਰਤੀ ਨਾਲ ਵਿਆਹ ਹੈ ਜਿਹੜੀ ਭਾਰਤੀ ਅਰਬਪਤੀ ਤੇ ਇਨਫੋਸਿਸ ਲਿਮਟਿਡ ਦੇ ਬਾਨੀ ਐੱਨ.ਆਰ. ਨਰਾਇਣ ਮੂਰਤੀ ਦੀ ਧੀ ਹੈ। ਆਮ ਕਥਾ ਇਹ ਵੀ ਹੈ ਕਿ ਮੂਰਤੀ ਹਮੇਸ਼ਾ ਹੀ ਆਪਣੇ ਜਵਾਈ ਦੇ ਯੂ.ਕੇ. ਦਾ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਦੇਖਦਾ ਰਿਹਾ ਹੈ। ਨਵੇਂ ਪ੍ਰਧਾਨ ਮੰਤਰੀ ਅੱਗੇ ਲਿਜ਼ ਟਰੱਸ ਦੇ ਪ੍ਰਧਾਨ ਮੰਤਰੀ ਵਜੋਂ ਨਾਕਾਮ ਰਹਿਣ ਕਾਰਨ ਪੈਦਾ ਹੋਈ ਭਾਰੀ ਅਰਾਜਕਤਾ ਅਤੇ ਬਦਇੰਤਜ਼ਾਮੀ ਨਾਲ ਸਿੱਝਣਾ ਵੱਡੀ ਚੁਣੌਤੀ ਹੋਵੇਗੀ।

# ਭਾਰਤ ਵਿਚ ਕੁਪੋਸ਼ਣ ਦੀ ਮਾਰ

ਸੰਸਾਰ ਪੱਧਰ 'ਤੇ ਕੰਮ ਕਰਦੀ ਸੰਸਥਾ 'ਕੰਸਰਨ ਵਰਲਡ ਵਾਈਡ' ਨੇ ਇਕ ਹੋਰ ਸੰਸਥਾ 'ਵੈਲਟ ਹੰਗਰ ਹਿਲਫ' ਨਾਲ ਰਲ ਕੇ ਸੰਸਾਰ ਦੇ 121 ਦੇਸ਼ਾਂ ਵਿਚ ਗਲੋਬਲ ਹੰਗਰ ਇੰਡੈਕਸ ਰਿਪੋਰਟ (2022) ਜਾਰੀ ਕੀਤੀ ਹੈ। ਇਸ ਵਿਚ ਭਾਰਤ ਨੂੰ 107ਵਾਂ ਦਰਜਾ ਮਿਲਿਆ ਹੈ; ਭਾਵ, ਕੇਵਲ 15 ਦੇਸ਼ ਹੀ ਸਾਥੋਂ ਪਿੱਛੇ ਹਨ। ਦੂਜੇ ਲਫਜ਼ਾਂ ਵਿਚ ਭੁੱਖ ਅਤੇ ਪੌਸ਼ਟਿਕਤਾ ਦੇ ਪੱਖ ਤੋਂ ਭਾਰਤ ਦੀ ਹਾਲਤ

ਕੰਵਲਜੀਤ ਕੌਰ ਗਿੱਲ
ਫੋਨ: +91-98551-22857

ਫ਼ਿਕਰ ਵਾਲੀ ਹੈ ਜਿੱਥੇ 22 ਕਰੋੜ ਲੋਕ ਭੁੱਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ ਹਨ। ਦੱਖਣੀ ਏਸ਼ੀਆ ਦੇ ਗੁਆਂਢੀ ਦੇਸ਼ਾਂ ਵਿਚੋਂ ਭਾਰਤ ਦੀ ਹਾਲਤ ਅਫ਼ਗਾਨਿਸਤਾਨ ਨੂੰ ਛੱਡ ਕੇ (ਜਿਹੜਾ 109ਵੇਂ ਸਥਾਨ 'ਤੇ ਹੈ), ਸਭ ਤੋਂ ਮਾੜੀ ਹੈ। ਪਾਕਿਸਤਾਨ 99ਵੇਂ, ਬੰਗਲਾਦੇਸ਼ 84, ਨੇਪਾਲ 81 ਅਤੇ ਸ੍ਰੀਲੰਕਾ 64ਵੇਂ ਸਥਾਨ 'ਤੇ ਹੁੰਦੇ ਹੋਏ ਆਰਥਿਕ ਕਾਰਗੁਜ਼ਾਰੀ ਵਿਚ ਸਾਡੇ ਨਾਲੋਂ ਬਿਹਤਰ ਹਨ। ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਭਾਰਤ 116 ਦੇਸ਼ਾਂ ਵਿਚੋਂ 101ਵੇਂ ਅਤੇ ਉਸ ਤੋਂ ਪਹਿਲਾਂ 2020 ਵਿਚ 107 ਦੇਸ਼ਾਂ ਵਿਚੋਂ 94ਵੇਂ ਸਥਾਨ 'ਤੇ ਸੀ; ਭਾਵ, ਭਾਰਤ ਦਾ ਲਗਾਤਾਰ ਨਿਘਾਰ ਵੱਲ ਰੁਝਾਨ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ, ਹਰ 3 ਬੱਚਿਆਂ ਪਿੱਛੇ ਇਕ ਬੱਚਾ ਕੱਦ ਵਿਚ ਛੋਟਾ ਪੈਦਾ ਹੋ ਰਿਹਾ ਹੈ; ਜਨਮ ਮੌਕੇ 18% ਬੱਚਿਆਂ ਦਾ ਭਾਰ ਔਸਤਨ ਭਾਰ (ਢਾਈ ਕਿਲੋ) ਤੋਂ ਘੱਟ ਹੈ। ਗਰੀਬ ਪਰਿਵਾਰਾਂ ਵਿਚ ਪੈਦਾ ਹੋਣ ਵਾਲੇ ਬਹੁਤੇ ਬੱਚੇ ਭੁੱਖ ਅਤੇ ਢੁੱਕਵੀਆਂ ਸਿਹਤ ਸੇਵਾਵਾਂ ਨਾ ਮਿਲਣ ਕਾਰਨ 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਫੌਤ ਹੋ ਜਾਂਦੇ ਹਨ।

ਇਸ ਵਰਤਾਰੇ ਦਾ ਕੀ ਕਾਰਨ ਹੈ ? ਜ਼ਾਹਿਰ ਹੈ ਕਿ ਬੱਚਿਆਂ ਦੇ ਨਾਲ ਨਾਲ ਗਰਭਵਤੀ ਮਾਵਾਂ ਵੀ ਕੁਪੋਸ਼ਣ ਦਾ ਸ਼ਿਕਾਰ ਹਨ। ਸਮਾਜਿਕ ਪੱਖਪਾਤ ਅਤੇ ਵਿਤਕਰਾ ਇੱਥੇ ਵੀ ਭਾਰੂ ਹੈ। ਗਰਭ ਦੌਰਾਨ ਸਿਹਤ ਨਾਲ ਸਬੰਧਿਤ ਤੱਤ/ਮਿਸ਼ਰਨ ਠੀਕ ਮਾਤਰਾ ਵਿਚ ਨਹੀਂ ਮਿਲ ਰਹੇ। ਲੋਹ ਤੱਤ, ਜ਼ਿੰਕ, ਅਤੇ ਅਇਓਡੀਨ ਨਿਸਚਿਤ ਮਾਤਰਾ ਵਿਚ ਉਪਲਬਧ ਨਹੀਂ ਜਾਂ ਬਹੁਤ ਘੱਟ ਹਨ। ਪੌਸ਼ਟਿਕ ਆਹਾਰ ਜ਼ਰੂਰਤ ਨਾ.ਲੋਂ ਕਿਤੇ ਘੱਟ ਮਿਲਦਾ ਹੈ। ਇਸ ਹਾਲਤ ਵਿਚ ਪੇਟ ਵਿਚ ਪਲ ਰਹੇ ਬੱਚੇ ਦਾ ਪੂਰਨ ਵਿਕਾਸ ਨਹੀਂ ਹੁੰਦਾ। ਸਾਡੇ ਸਮਾਜ ਵਿਚ ਗਰਭਵਤੀ ਔਰਤ ਵੱਲ ਪੱਛਮੀ ਮੁਲਕਾਂ ਵਾਂਗ ਕੋਈ ਖਾਸ ਤਵੱਜੋ ਨਹੀਂ ਦਿੱਤੀ ਜਾਂਦੀ, ਜਿਵੇਂ ਉਸ ਦੀ ਸਿਹਤ ਦਾ ਧਿਆਨ ਰੱਖਣਾ, ਲੋੜੀਂਦਾ ਆਰਾਮ, ਸੌਣਾ, ਸਮੇਂ ਸਿਰ ਭਰਪੂਰ ਭੋਜਨ ਆਦਿ। ਸਭ ਤੋਂ ਜ਼ਰੂਰੀ ਹੈ, ਉਹ ਮਾਨਸਿਕ ਤੌਰ 'ਤੇ ਸ਼ਾਂਤ ਅਤੇ ਖੁਸ਼ ਰਹੇ। ਉਹ ਨਵੇਂ ਜੀਵ ਨੂੰ ਪਰਿਵਾਰ ਵਿਚ ਲਿਆਉਣ ਦੇ ਅਮਲ ਵਿਚ ਹੁੰਦੀ ਹੈ ਪਰ ਆਮ ਪਰਿਵਾਰਾਂ ਵਿਚ ਉਸ ਨੂੰ ਕੁਦਰਤ ਦਾ ਮਿਲਿਆ ਇਹ ਅਧਿਕਾਰ ਮਾਣਨ ਦਾ ਮੌਕਾ ਨਾਂਹ ਦੇ ਬਰਾਬਰ ਹੀ ਮਿਲਦਾ ਹੈ। ਇਹੀ ਕਾਰਨ ਹਨ ਕਿ ਪੈਦਾ ਹੋਣ ਤੋਂ ਬਾਅਦ ਬੱਚੇ ਵਿਚ ਕਈ ਪ੍ਰਕਾਰ ਦੀਆਂ ਖ਼ਾਮੀਆਂ ਹੋ ਜਾਂਦੀਆਂ ਹਨ, ਜਿਵੇਂ ਉਮਰ ਅਨੁਸਾਰ ਕੱਦ ਘੱਟ ਵਧਣਾ, ਕੱਦ ਅਨੁਸਾਰ ਘੱਟ ਭਾਰ ਹੋਣਾ ਜਾਂ ਦਿਮਾਗ ਦਾ ਪੂਰਨ ਵਿਕਾਸ ਨਾ ਹੋਣਾ। ਭੁੱਖ ਨਾਲ ਸਬੰਧਿਤ ਇਹ ਅੰਕੜੇ ਬਹੁ-ਪੱਖਾਂ ਵੱਲ ਸੰਕੇਤ ਕਰਦੇ ਹਨ। ਪੋਸ਼ਣ/ਕੁਪੋਸ਼ਣ ਤੋਂ ਭਾਵ ਢਿੱਡ ਦੇ ਘੱਟ ਜਾਂ ਵੱਧ ਭਰਨ ਜਾਂ ਖਾਲੀ ਰਹਿਣ ਤੋਂ ਨਹੀਂ, ਖਾਧੀਆਂ ਪੀਤੀਆਂ ਕੈਲੋਰੀਆਂ ਹਨ ਜਿਹੜੀਆਂ ਸਰੀਰਕ ਵਿਕਾਸ ਵਾਸਤੇ ਜ਼ਰੂਰੀ ਹਨ।

ਅੰਕੜਿਆਂ ਦੇ ਅਧਿਐਨ ਤੋਂ ਭਾਰਤ ਦੀ ਹਾਲਤ ਬਹੁਤ ਨਿਰਾਸ਼ਾਜਨਕ ਨਜ਼ਰ ਆਉਂਦੀ ਹੈ। ਇਕ ਪਾਸੇ ਅਸੀਂ ਵਿਕਸਤ ਦੇਸ਼ਾਂ ਦੀ ਅਰਥ ਵਿਵਸਥਾ ਨਾਲ ਮੁਕਾਬਲੇ ਦੇ ਦਾਅਵੇ ਕਰਦੇ ਹੋਏ ਪੰਜ ਟ੍ਰਿਲੀਅਨ ਦੀ ਅਰਥ ਵਿਵਸਥਾ ਬਣਨ ਦੇ ਸੁਪਨੇ ਲੈ ਰਹੇ ਹਾਂ, ਦੂਜੇ ਪਾਸੇ ਸਮਾਜਿਕ ਵਿਕਾਸ ਤੇ ਸਿਹਤ ਪੱਖੋਂ ਹਾਲਤ ਦੱਖਣ-ਪੂਰਬੀ ਏਸ਼ੀਆ ਦੇ ਗੁਆਂਢੀ ਦੇਸ਼ਾਂ ਨਾ.ਲੋਂ ਕਿਤੇ ਬਦਤਰ ਹੈ। ਦੇਸ਼ ਦੇ ਆਰਥਿਕ ਤੇ ਸਮਾਜਿਕ ਵਿਕਾਸ ਨਾਲੋ-ਨਾਲ ਚੱਲਦੇ ਹਨ। ਆਰਥਿਕ ਵਿਕਾਸ ਕੇਵਲ ਕੁਲ ਘਰੇਲੂ ਉਤਪਾਦ ਦੇ ਵਾਧੇ ਦੀ ਦਰ ਨਾਲ ਹੀ ਨਹੀਂ ਮਾਪਿਆ ਜਾਂਦਾ। ਸੰਸਾਰ ਪੱਧਰ 'ਤੇ ਮੁਕਾਬਲੇ ਵਾਸਤੇ ਸਮੁੱਚੇ ਮਨੁੱਖੀ ਵਿਕਾਸ ਅਤੇ ਇਸ ਦੇ ਵਖੋ-ਵੱਖ ਪੈਮਾਨਿਆਂ ਦੀ ਜਾਣਕਾਰੀ ਵੀ ਜ਼ਰੂਰੀ ਹੈ। ਮਹਿਬੂਬ-ਉੱਲ-ਹੱਕ ਨੇ 1995 ਵਿਚ ਮਨੁੱਖੀ ਵਿਕਾਸ ਸੂਚਕ ਅੰਕ (ਐੱਚ.ਡੀ.ਆਈ.) ਦੀ ਵਰਤੋਂ ਕੀਤੀ ਜਿਸ ਵਿਚ ਆਮਦਨ, ਸਿਹਤ ਅਤੇ ਸਿੱਖਿਆ ਦੇ ਵੱਖੋ-ਵੱਖ ਪੈਮਾਨਿਆਂ ਦੀ ਸਹਾਇਤਾ ਨਾਲ ਮਨੁੱਖੀ ਵਿਕਾਸ ਅਨੁਸਾਰ ਦਰਜਾਬੰਦੀ ਕੀਤੀ ਗਈ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐੱਨ.ਡੀ.ਪੀ.) ਦੁਆਰਾ ਅੱਜ ਕੱਲ੍ਹ ਇਹ ਰਿਪੋਰਟ ਤਿਆਰ ਕੀਤੀ ਜਾਂਦੀ ਹੈ। ਐੱਚਡੀਆਈ ਦੀ 2021-22 ਦੀ ਰਿਪੋਰਟ ਅਨੁਸਾਰ ਕੁਲ 191 ਦੇਸ਼ਾਂ ਵਿਚੋਂ ਭਾਰਤ ਦਾ ਸਥਾਨ 132ਵਾਂ ਹੈ। ਗਲੋਬਲ ਹੰਗਰ ਇੰਡੈਕਸ (ਜੀ.ਐੱਚ.ਆਈ.) ਵਿਚ ਚਾਰ ਮੁੱਦੇ ਲਏ ਜਾਂਦੇ ਹਨ। ਕੁਪੋਸ਼ਣ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕੱਦ-ਕਾਠ, ਉਨ੍ਹਾਂ ਬੱਚਿਆਂ ਦਾ ਕੱਦ ਅਨੁਸਾਰ ਭਾਰ ਅਤੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੋਣ ਵਾਲੀ ਮੌਤ ਦੀ ਦਰ। ਸਭ ਤੋਂ ਪਹਿਲਾਂ ਦੇਖਿਆ ਜਾਂਦਾ ਹੈ ਕਿ ਬੱਚਿਆਂ ਨੂੰ ਲੋੜੀਂਦੀ ਮਾਤਰਾ ਵਿਚ ਭੋਜਨ ਮਿਲ ਰਿਹਾ ਹੈ? ਦੂਜਾ, ਕੀ ਇਹ ਭੋਜਨ ਕੇਵਲ ਢਿੱਡ ਭਰਨ ਵਾਸਤੇ ਹੈ ਜਾਂ ਇਸ ਵਿਚ ਪੌਸ਼ਟਿਕ ਤੱਤ ਵੀ ਹਨ? ਕੀ ਖ਼ੁਰਾਕ ਵਿਚ ਸਹੀ ਮਾਤਰਾ ਵਿਚ ਪ੍ਰੋਟੀਨ, ਘਿਓ ਤੇ ਹੋਰ ਜ਼ਰੂਰੀ ਪਦਾਰਥ ਮੌਜੂਦ ਹਨ ਜਿਨ੍ਹਾਂ ਤੋਂ ਬੱਚੇ ਨੂੰ ਲੋੜੀਂਦੀਆਂ ਕੈਲੋਰੀਆਂ ਮਿਲ ਸਕਣ? ਇਹ ਸਾਰਾ ਕੁਝ ਬੱਚੇ ਦੀ ਉਮਰ ਅਨੁਸਾਰ ਉਸ ਦੇ ਕੱਦ-ਕਾਠ ਨੂੰ ਪ੍ਰਭਾਵਿਤ ਕਰਦਾ ਹੈ। ਪੌਸ਼ਟਿਕ ਭੋਜਨ ਬੱਚੇ ਦੇ ਕੱਦ ਅਨੁਸਾਰ ਭਾਰ ਨੂੰ ਵੀ ਨਿਸ਼ਚਿਤ ਕਰਦਾ ਹੈ। ਜੇ ਬੱਚੇ ਦੀ ਖੁਰਾਕ ਸਹੀ ਮਾਤਰਾ ਵਿਚ ਤੇ ਪੌਸ਼ਟਿਕ ਹੈ ਤਾਂ ਨਿਸ਼ਚੇ ਹੀ ਬੱਚਾ ਸਿਹਤਮੰਦ ਹੋਵੇਗਾ, ਉਹ ਲੰਮੀ ਉਮਰ ਜਿਊਣ ਦੇ ਕਾਬਲ ਹੋ ਜਾਂਦਾ ਹੈ। ਇਸ ਦੇ ਨਾਲ ਨਾਲ ਜੇ ਬੱਚੇ ਨੂੰ ਮਿਆਰੀ ਸਿੱਖਿਆ ਮਿਲਦੀ ਹੈ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜਦੀ ਹੈ। ਅਰਥ ਸ਼ਾਸਤਰੀ ਇਸ ਨੂੰ ਮਨੁੱਖੀ ਪੂੰਜੀ (ਹਿਊਮਨ ਕੈਪੀਟਲ) ਕਹਿੰਦੇ ਹਨ ਪਰ ਗਰੀਬ ਪਰਿਵਾਰਾਂ ਦੇ ਹਾਲਾਤ ਸੁਖਾਵੇਂ ਨਹੀਂ। ਗਰੀਬੀ ਕਾਰਨ ਮਾੜੀ ਖੁਰਾਕ, ਮਾੜੀ ਸਿਹਤ, ਦੂਸ਼ਤ ਵਾਤਾਵਰਨ, ਬਿਮਾਰੀ ਤੇ ਬਿਮਾਰੀ ਉੱਪਰ ਹੋਣ ਵਾਲਾ ਵਾਧੂ ਖ਼ਰਚਾ ਤੇ ਫੇਰ ਗਰੀਬੀ...। ਭਾਰਤ ਦੀ 29-30% ਆਬਾਦੀ ਇਸ ਘੋਰ ਗਰੀਬੀ, ਮਾੜੀ ਖੁਰਾਕ, ਮਾੜੀ ਸਿਹਤ ਤੇ ਗਰੀਬੀ ਦੇ ਕੁਚੱਕਰ ਵਿਚ ਫਸੀ ਹੋਈ ਹੈ।


ਮਨੁੱਖੀ ਵਿਕਾਸ ਸੂਚਕ ਅੰਕ ਅਨੁਸਾਰ 132ਵੇਂ ਸਥਾਨ 'ਤੇ ਹੋਣ ਦਾ ਭਾਵ ਹੈ, 131 ਦੇਸ਼ਾਂ ਦੇ ਲੋਕ ਸਾਡੇ ਨਾਲੋਂ ਵਧੇਰੇ ਖ਼ੁਸ਼ਹਾਲੀ ਵਾਲਾ ਜੀਵਨ ਜੀਅ ਰਹੇ ਹਨ। ਭੁੱਖ ਦੇ ਸੂਚਕ ਅੰਕਾਂ ਅਨੁਸਾਰ ਕੇਵਲ 14 ਦੇਸ਼ਾਂ ਦੀ ਹਾਲਤ ਸਾਡੇ ਨਾਲੋਂ ਮਾੜੀ ਹੈ ਜਿੱਥੇ ਲੋਕ ਦੋ ਵੇਲੇ ਦੀ ਰੋਟੀ ਦੇ ਵੀ ਮੁਥਾਜ ਹਨ। ਸੰਸਾਰ ਪੱਧਰ 'ਤੇ 828 ਮਿਲੀਅਨ ਵਿਚੋਂ 224.3 ਮਿਲੀਅਨ ਲੋਕ ਕੇਵਲ ਭਾਰਤ ਵਿਚ ਹਨ ਜਿਹੜੇ ਭੁੱਖ ਅਤੇ ਕੁਪੋਸ਼ਣ ਤੋਂ ਪੀੜਤ ਹਨ।

ਸਾਡੀ ਸਰਕਾਰ ਸੰਸਾਰ ਪੱਧਰ 'ਤੇ ਮਾਨਤਾ ਪ੍ਰਾਪਤ ਸੰਸਥਾਵਾਂ/ਅਧਿਐਨਾਂ ਦੁਆਰਾ ਜਾਰੀ ਤੱਥਾਂ ਨੂੰ ਮੰਨਣ ਲਈ ਤਿਆਰ ਨਹੀਂ ਅਤੇ ਇਹ ਕਹਿ ਕੇ ਸਚਾਈ ਤੋਂ ਮੂੰਹ ਮੋੜ ਰਹੀ ਹੈ ਕਿ ਕੁਝ ਕੁ ਤਾਕਤਾਂ/ਸਿਆਸੀ ਪਾਰਟੀਆਂ ਜਾਣ-ਬੁੱਝ ਕੇ ਮੌਜੂਦਾ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਗਲੋਬਲ ਹੰਗਰ ਇੰਡੈਕਸ ਹੈ। ਦੁਨੀਆ ਦੇ 121 ਦੇਸ਼ਾਂ ਦੀ ਦਰਜਾਬੰਦੀ ਵੱਖੋ-ਵੱਖ ਤੈਅਸ਼ੁਦਾ ਪੈਮਾਨਿਆਂ ਰਾਹੀਂ ਕੀਤੀ ਗਈ ਹੈ। 2006 ਤੋਂ ਹਰ ਸਾਲ ਪ੍ਰਕਾਸ਼ਤ ਹੁੰਦੀ ਰਿਪੋਰਟ ਦੀ ਇਹ 17ਵੀਂ ਐਡੀਸ਼ਨ ਹੈ।

ਇਸ ਲਈ ਜ਼ਰੂਰਤਮੰਦ ਲੋਕਾਂ ਤੱਕ ਲੋੜੀਂਦੀ ਮਾਤਰਾ ਵਿਚ ਪੌਸ਼ਟਿਕ ਭੋਜਨ ਪਹੁੰਚਾਉਣ ਵਾਸਤੇ ਅਨਾਜ ਅਤੇ ਹੋਰ ਖਾਧ ਪਦਾਰਥਾਂ ਦੀ ਸਰਕਾਰੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਪਵੇਗਾ। ਸਰਕਾਰੀ ਡਿਪੂਆਂ 'ਤੇ ਲੋੜੀਂਦੀ ਸਮੱਗਰੀ ਦਾ ਮਿਆਰੀ ਹੋਣਾ ਅਤੇ ਵਾਜਿਬ ਰੇਟ 'ਤੇ ਮਿਲਣਾ ਯਕੀਨੀ ਬਣਾਉਣਾ ਪਵੇਗਾ। ਅਨਾਜ, ਤੇਲ, ਦਾਲਾਂ ਤੇ ਖੇਤੀ ਨਾਲ ਸਬੰਧਿਤ ਹੋਰ ਖਾਧ ਪਦਾਰਥਾਂ ਦੀ ਖਰੀਦੋ-ਫਰੋਖਤ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਸੌਂਪਣ ਦੀ ਬਜਾਇ ਕਿਸਾਨਾਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਜਾਂ ਸਰਕਾਰੀ ਮੰਡੀਆਂ ਦੁਆਰਾ ਹੋਣੀ ਚਾਹੀਦੀ ਹੈ। ਘਰ ਘਰ ਭੋਜਨ ਯਕੀਨੀ ਬਣਾਉਣ ਲਈ ਘਰ ਘਰ ਰੁਜ਼ਗਾਰ ਨਿਸ਼ਚੇ ਹੀ ਕਾਰਗਰ ਸਾਬਤ ਹੋ ਸਕਦਾ ਹੈ। ਗਰਭਵਤੀ (ਗਰੀਬ) ਔਰਤਾਂ ਵਾਸਤੇ ਪੌਸ਼ਟਿਕ ਭੋਜਨ ਅਤੇ ਹੋਰ ਸਿਹਤ ਸਮੱਗਰੀ ਮੁਹੱਈਆ ਕਰਵਾਉਣਾ, ਆਂਗਨਵਾੜੀ ਸੰਸਥਾਵਾਂ ਮਜ਼ਬੂਤ ਕਰਨਾ, ਇੱਥੇ ਕੰਮ ਕਰਦੀਆਂ ਔਰਤਾਂ ਦੀਆਂ ਸਮੇਂ ਅਨੁਸਾਰ ਤਨਖਾਹਾਂ ਵਿਚ ਵਾਧਾ ਕਰਨਾ ਵੀ ਇਸੇ ਲੜੀ ਦਾ ਹਿੱਸਾ ਹਨ। ਭੁੱਖ ਅਤੇ ਕੁਪੋਸ਼ਣ ਦੀ ਸਮੱਸਿਆ ਨੂੰ ਸਵੀਕਾਰਦੇ ਹੋਏ ਢੁੱਕਵੀਂ ਨੀਤੀ ਬਣਾਉਣ ਅਤੇ ਸਹੀ ਅਰਥਾਂ ਵਿਚ ਲਾਗੂ ਕਰਨ ਦੀ ਜ਼ਰੂਰਤ ਹੈ।

# ਸਿੱਖ ਕਤਲੇਆਮ ਦੀ ਕਹਾਣੀ ਬਿਆਨਦੀ ਦਸਤਾਵੇਜ਼ੀ ਫਿਲਮ

ਕੌਮਾਂਤਰੀ ਫਿਲਮ ਪ੍ਰੋਡਕਸ਼ਨ ਹਾਊਸ ਗਲੋਬਲ ਮਿਡਾਸ ਕੈਪੀਟਲ (ਜੀ.ਐੱਮ.ਸੀ.) ਵੱਲੋਂ ਗਲੋਬਲ ਮਿਡਾਸ ਫਾਊਂਡੇਸ਼ਨ (ਜੀ.ਐੱਮ.ਐੱਫ.) ਦੇ ਸਹਿਯੋਗ ਨਾਲ ਦਸਤਾਵੇਜ਼ੀ '1984-ਸਿੱਖਾਂ ਦੀ ਨਸਲਕੁਸ਼ੀ, ਮਨੁੱਖਤਾ ਵਿਰੁੱਧ ਬੇਇਨਸਾਫੀ ਤੇ ਅਪਰਾਧ ਦੇ 38 ਸਾਲ' ਸਿਰਲੇਖ ਹੇਠ ਤਿਆਰ ਕੀਤੀ ਗਈ ਹੈ। ਦਸਤਾਵੇਜ਼ੀ ਵਿਚ 31 ਅਕਤੂਬਰ, 1984 ਤੋਂ 7 ਨਵੰਬਰ 1984 ਤੱਕ ਦਿੱਲੀ, ਕਾਨਪੁਰ ਅਤੇ ਬੋਕਾਰੋ ਵਿਚ ਮੁੱਖ ਤੌਰ 'ਤੇ ਵਾਪਰੀਆਂ ਘਟਨਾਵਾਂ ਨੂੰ ਸਮਝਣ ਲਈ 1984 ਦੇ ਕਤਲੇਆਮ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਵਕੀਲਾਂ ਅਤੇ ਸਮਾਜਿਕ ਕਾਰਕੁਨਾਂ ਨਾਲ ਗੱਲਬਾਤ ਰਿਕਾਰਡ ਕੀਤੀ ਗਈ ਹੈ। ਉਸ ਸਮੇਂ ਦੌਰਾਨ ਹੋਏ ਕਤਲਾਂ, ਲੁੱਟਾਂ-ਖੋਹਾਂ, ਅੱਗਜ਼ਨੀ ਦੀਆਂ ਘਟਨਾਵਾਂ, ਔਰਤਾਂ, ਲੜਕੀਆਂ ਅਤੇ ਬੱਚਿਆਂ ਨਾਲ ਵਾਪਰੇ ਅਣ-ਮਨੁੱਖੀ ਅਪਰਾਧਾਂ ਖਿਲਾਫ ਕਾਨੂੰਨੀ ਨਿਆਂ ਪ੍ਰਾਪਤ ਕਰਨ ਦੇ ਮਾਮਲੇ ਵਿਚ ਅਸੀਂ ਕਿੱਥੇ ਖੜ੍ਹੇ ਹਾਂ, ਇਨਸਾਫ ਪ੍ਰਾਪਤ ਕਰਨ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ ਤੇ ਕੀ ਚੁਣੌਤੀਆਂ ਹਨ, 38 ਸਾਲ ਦੇ ਸਾਰੇ ਸਬੰਧਿਤ ਹਿੱਸੇਦਾਰਾਂ ਨਾਲ ਨਿੱਜੀ ਤੌਰ 'ਤੇ ਇਨ੍ਹਾਂ ਪੱਖਾਂ 'ਤੇ ਗੱਲਬਾਤ ਕੀਤੀ ਗਈ ਹੈ।




ਇਸ ਸਭ ਦੌਰਾਨ ਮੌਜੂਦਾ ਦੌਰ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਸਣੇ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਵੱਲੋਂ ਕੀਤੇ ਗਏ ਵਾਅਦਿਆਂ ਦੀ ਰੋਸ਼ਨੀ ਵਿਚ ਨਸਲਕੁਸ਼ੀ ਪੀੜਤਾਂ ਦੇ ਪੁਨਰਵਾਸ ਲਈ ਕੀਤੇ ਗਏ ਉਪਰਾਲਿਆਂ ਪਿਛਲਾ ਸੱਚ ਸਾਹਮਣੇ ਲਿਆਉਣ ਦਾ ਵੀ ਯਤਨ ਕੀਤਾ ਗਿਆ ਹੈ। ਉਕਤ ਸੰਸਥਾ ਵੱਲੋਂ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸੰਯੁਕਤ ਰਾਸ਼ਟਰ ਵਿਚ ਮੁੱਦਾ ਉਠਾਉਣ ਲਈ ਜਮਹੂਰੀ ਅਧਿਕਾਰਾਂ, ਨਾਗਰਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਠੋਸ ਆਧਾਰ ਮੁਹੱਈਆ ਕਰਵਾਇਆ ਜਾਵੇਗਾ। ਇਸ ਦਸਤਾਵੇਜ਼ੀ ਵਿਚ ਕਾਨਪੁਰ 'ਚ ਵਾਪਰੇ 127 ਸਿੱਖ ਨਸਲਕੁਸ਼ੀ ਦੇ ਮਾਮਲਿਆਂ ਨੂੰ ਵੀ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ।

1984 ਦੇ ਕਤਲੇਆਮ ਬਾਰੇ ਇਸ ਤੋਂ ਪਹਿਲਾਂ ਵੀ ਕਈ ਫਿਲਮਾਂ ਅਤੇ ਦਸਤਾਵੇਜ਼ੀ ਫਿਲਮਾਂ ਬਣੀਆਂ ਹਨ ਜਿਨ੍ਹਾਂ ਵਿਚ ਸਿੱਖਾਂ ਨਾਲ ਹੋਈਆਂ ਵਧੀਕੀਆਂ ਦੇ ਵੇਰਵੇ ਦਰਜ ਕੀਤੇ ਮਿਲਦੇ ਹਨ। ਇਹ ਦਸਤਾਵੇਜ਼ੀ ਫਿਲਮ ਵੀ ਭਾਵੇਂ ਪਹਿਲੀਆਂ ਫਿਲਮਾਂ ਤੋਂ ਕੋਈ ਬਹੁਤੀ ਵੱਖਰੀ ਨਹੀਂ ਪਰ ਇਸ ਵਿਚ ਘਟਨਾਵਾਂ ਨੂੰ ਜਿਸ ਢੰਗ ਨਾਲ ਤਰਤੀਬ ਦਿੱਤੀ ਗਈ ਹੈ, ਉਸ ਨਾਲ ਇਹ ਫਿਲਮ ਖਾਸ ਬਣ ਜਾਂਦੀ ਹੈ।

# ਅਦਾਕਾਰਾ ਅਨੁਸ਼ਕਾ ਸ਼ਰਮਾ ਅਤੇ 'ਛਕੜਾ ਐਕਸਪ੍ਰੈੱਸ'

ਅਦਾਕਾਰਾ ਅਨੁਸ਼ਕਾ ਸ਼ਰਮਾ ਨੇ ਆਪਣੀ ਫਿਲਮ 'ਛਕੜਾ ਐਕਸਪ੍ਰੈੱਸ' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਪੋਸਟ ਸਾਂਝੀ ਕਰ ਕੇ ਇਹ ਜਾਣਕਾਰੀ ਦਿੱਤੀ ਹੈ।

ਇਹ ਫਿਲਮ ਭਾਰਤੀ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਝੂਲਨ ਗੋਸਵਾਮੀ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਉਹ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਰਹਿ ਚੁੱਕੀ ਹੈ ਅਤੇ ਉਹ ਦੇਸ਼ ਦੀਆਂ ਉਭਰਦੀਆਂ ਕ੍ਰਿਕਟ ਖਿਡਾਰਨਾਂ ਲਈ ਆਦਰਸ਼ ਹੈ। ਸਾਲ 2018 ਵਿਚ ਝੂਲਨ ਦੇ ਸਨਮਾਨ ਵਿੱਚ ਡਾਕ ਟਿਕਟ ਵੀ ਜਾਰੀ ਕੀਤੀ ਗਈ ਸੀ। ਕੌਮਾਂਤਰੀ ਮਹਿਲਾ ਕ੍ਰਿਕਟ ਵਿਚ ਸਭ ਤੋਂ ਵੱਧ ਵਿਕਟਾਂ ਲੈਣ ਦਾ ਵਿਸ਼ਵ ਰਿਕਾਰਡ ਵੀ ਝੂਲਨ ਦੇ ਨਾਮ ਹੈ।

ਝੂਲਨ ਗੋਵਾਮੀ ਨੂੰ ਸਾਲ 2012 ਵਿੱਚ ਪਦਮਸ੍ਰੀ ਪੁਰਸਕਾਰ ਮਿਲਿਆ ਸੀ ਅਤੇ ਇਹ ਉਸ ਦੇ ਜੀਵਨ ਬਾਰੇ ਬਣਨ ਵਾਲੀ ਦੂਜੀ ਫਿਲਮ ਹੈ। ਇਸ ਫਿਲਮ ਰਾਹੀਂ ਅਨੁਸ਼ਕਾ ਸ਼ਰਮਾ ਵੱਡੇ ਪਰਦੇ 'ਤੇ ਚਾਰ ਸਾਲ ਬਾਅਦ ਵਾਪਸੀ ਕਰ ਰਹੀ ਹੈ। ਅਨੁਸ਼ਕਾ ਸ਼ਰਮਾ ਇਸ ਤੋਂ ਪਹਿਲਾਂ 2018 'ਚ ਆਈ ਸ਼ਾਹਰੁਖ ਖਾਨ ਦੀ ਫਿਲਮ 'ਜ਼ੀਰੋ' ਵਿਚ ਦਿਖਾਈ ਦਿੱਤੀ ਸੀ।

ਪ੍ਰੋਸਿਤ ਰੌਏ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਗੋਸਵਾਮੀ ਵੱਲੋਂ ਹਰ ਔਕੜ ਨੂੰ ਪਾਰ ਕਰਦਿਆਂ ਅੱਗੇ ਵਧਣ ਦੀ ਕਹਾਣੀ ਬਿਆਨੀ ਗਈ ਹੈ। ਇਸ ਫਿਲਮ ਦੀ ਸ਼ੂਟਿੰਗ ਅਨੁਸ਼ਕਾ ਵੱਲੋਂ ਜੂਨ ਮਹੀਨੇ ਵਿਚ ਆਰੰਭੀ ਗਈ ਸੀ। ਇਸ ਤੋਂ ਪਹਿਲਾਂ ਉਹ ਪ੍ਰੋਸਿਤ ਰੌਏ ਨਾਲ ਭੂਤੀਆ ਫਿਲਮ 'ਪਰੀ' ਵਿਚ ਕੰਮ ਕਰ ਚੁੱਕੀ ਹੈ। ਇਸ ਫਿਲਮ ਦਾ ਨਿਰਮਾਣ ਕਰਨੇਸ਼ ਸ਼ਰਮਾ ਦੀ ਕੰਪਨੀ ਕਲੀਨ ਸਲੇਟ ਫਿਲਮਜ਼ ਦੇ ਬੈਨਰ ਹੇਠ ਹੋ ਰਿਹਾ ਹੈ। ਇਹ ਫਿਲਮ ਨੈੱਟਫਲਿਕਸ 'ਤੇ ਰਿਲੀਜ਼ ਕੀਤੀ ਜਾਵੇਗੀ।



ਅਨੁਸ਼ਕਾ ਸ਼ਰਮਾ ਦਾ ਕਹਿਣਾ ਹੈ ਕਿ ਇਸ ਫਿਲਮ ਲਈ ਉਸ ਨੇ ਬਹੁਤ ਮਿਹਨਤ ਕੀਤੀ ਹੈ। ਕ੍ਰਿਕਟ ਬਾਰੇ ਉਸ ਨੇ ਬਹੁਤ ਕੁਝ ਨਵਾਂ ਜਾਣਿਆ ਹੈ। ਕ੍ਰਿਕਟ ਬਾਰੇ ਬਹੁਤ ਸਾਰੀਆਂ ਟਿੱਪਸ ਉਸ ਨੇ ਆਪਣੇ ਪਤੀ ਅਤੇ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਤੋਂ ਲਈਆਂ ਹਨ।


# ਫਰਾਂਸ ਦੇ ਫਿਲਮੀ ਮੇਲੇ ਵਿਚ ਭਾਰਤੀ ਫਿਲਮਾਂ ਦੀ ਦਸਤਕ

ਫਰਾਂਸ ਦੇ ਨਾਂਤ ਵਿਚ 19 ਨਵੰਬਰ ਤੋਂ 27 ਨਵੰਬਰ ਤੱਕ ਹੋਣ ਵਾਲੇ 44ਵੇਂ 'ਦੇਸ 3 ਕੌਂਟੀਨੈਂਟਸ' ਫੈਸਟੀਵਲ ਵਿਚ ਵੱਖ-ਵੱਖ ਸ਼੍ਰੇਣੀ ਦੀਆਂ 70ਵਿਆਂ ਅਤੇ 80 ਵਿਆਂ ਦੀਆਂ 14 ਭਾਰਤੀ ਫਿਲਮਾਂ ਦਿਖਾਈਆਂ ਜਾਣਗੀਆਂ। ਜਿਨ੍ਹਾਂ ਫਿਲਮਸਾਜ਼ਾਂ ਦੀਆਂ ਫਿਲਮਾਂ ਦਿਖਾਈਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਰਿਤਵਿਕ ਘਟਕ, ਅਰਵਿੰਦਨ ਗੋਵਿੰਦਨ, 'ਅੰਮਾ ਆਰੀਅਨ' ਦੇ ਨਿਰਦੇਸ਼ਕ ਜੌਹਨ ਅਬਰਾਹਮ ਅਤੇ ਸਈਦ ਅਖਤਰ ਮਿਰਜ਼ਾ ਵਰਗੇ ਮਿਸਾਲੀ ਫਿਲਮਸਾਜ਼ ਸ਼ਾਮਿਲ ਹਨ।

ਇਸ ਫਿਲਮ ਮੇਲੇ ਵਿਚ ਦਿਖਾਈਆਂ ਜਾਣ ਵਾਲੀਆਂ ਫਿਲਮਾਂ ਵਿਚ 'ਥੰਪ', 'ਕੁਮੱਟੀ', 'ਅਗ੍ਰਹਰਥਿਲ ਕਜ਼ੂਤਈ', 'ਅੰਮਾ ਅਰੀਅਨ, 'ਥਾਨੀਰ ਥਾਨੀਰ', 'ਤਿਤਾਸ਼ ਏਕਤੀ ਨਾਦਿਰ ਨਾਮ', 'ਅਸ਼ਾੜ ਕਾ ਏਕ ਦਿਨ', 'ਖੰਡਹਰ', 'ਓਮ-ਦਰ-ਬ-ਦਰ', 'ਹੂੰ ਹੂੰਸ਼ੀ ਹੂੰਸ਼ੀਲਾਲ', '36 ਚੌਰੰਗੀ ਲੇਨ', 'ਉਤਸਵ', 'ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ', 'ਦਿਸ਼ਾ' ਆਦਿ ਸ਼ਾਮਲ ਹਨ। ਇਸ ਸਬੰਧੀ ਫਿਲਮਸਾਜ਼ ਅਤੇ ਲੇਖਕ ਸਈਦ ਅਖਤਰ ਮਿਰਜ਼ਾ ਨੇ ਕਿਹਾ, "ਮੈਨੂੰ ਮਾਣ ਹੈ ਕਿ ਮੇਰੀ ਫਿਲਮ 'ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ' ਫਰਾਂਸ ਦੇ ਫਿਲਮ ਮੇਲੇ ਵਿਚ ਦਿਖਾਉਣ ਲਈ ਚੁਣੀ ਗਈ ਹੈ। ਫਿਲਮ ਰਿਲੀਜ਼ ਹੋਣ ਤੋਂ 44 ਸਾਲ ਬਾਅਦ ਮੈਂ ਆਪਣੀ ਫਿਲਮ ਕੌਮਾਂਤਰੀ ਦਰਸ਼ਕਾਂ ਨੂੰ ਦਿਖਾਏ ਜਾਣ ਤੋਂ ਬਹੁਤ ਖੁਸ਼ ਹਾਂ। ਇਸ ਫਿਲਮ ਮੇਲੇ ਵਿਚ ਉੱਚ ਦਰਜੇ ਦੀਆਂ ਫਿਲਮਾਂ ਦਿਖਾਈਆਂ ਜਾਂਦੀਆਂ ਹਨ।"

ਯਾਦ ਰਹੇ ਕਿ ਇਸ ਸਾਲ ਭਾਰਤ ਵੱਲੋਂ ਸ਼ਿਵੇਂਦਰ ਸਿੰਘ, ਸਈਦ ਅਖਤਰ ਮਿਰਜ਼ਾ, ਸਈ ਪਰਾਂਜਪੇ ਅਤੇ ਸੰਜੀਵ ਸ਼ਾਹ ਦਾ ਵਫਦ ਫਿਲਮਾਂ ਦਿਖਾਉਣ ਫਰਾਂਸ ਜਾ ਰਿਹਾ ਹੈ।

ਇਹ ਭਾਰਤੀ ਫਿਲਮਾਂ ਮੁੱਖ ਰੂਪ ਵਿਚ ਭਾਰਤ ਦੇ ਕਲਾ ਸਿਨੇਮੇ ਨਾਲ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਫਿਲਮਾਂ ਦੀ ਚਰਚਾ ਪਹਿਲਾਂ ਵੀ ਵੱਖ-ਵੱਖ ਮੰਚਾਂ ਤੋਂ ਹੋ ਚੁੱਕੀ ਹੈ। ਫਿਲਮਸਾਜ਼ ਸਈਦ ਅਖਤਰ ਮਿਰਜ਼ਾ ਦਾ ਕਹਿਣਾ ਹੈ ਕਿ ਇਨ੍ਹਾਂ ਫਿਲਮਾਂ ਰਾਹੀਂ ਅਸਲ ਭਾਰਤ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਮੁੱਖਧਾਰਾ ਸਿਨੇਮਾ ਦੀਆਂ ਫਿਲਮਾਂ ਆਮ ਕਰ ਕੇ ਕਮਾਈ ਨੂੰ ਮੁੱਖ ਰੱਖ ਕੇ ਤਿਆਰ ਕੀਤੀਆਂ ਜਾਂਦੀਆਂ ਹਨ, ਬਹੁਤੇ ਫਿਲਮਸਾਜ਼ ਕਲਾ ਨਾਲ ਸਮਝੌਤਾ ਕਰ ਜਾਂਦੇ ਹਨ। ਇਹ ਕਲਾ ਫਿਲਮਾਂ ਵੀ ਭਾਵੇਂ ਕਮਾਈ ਲਈ ਵੀ ਬਣਾਈਆਂ ਜਾਂਦੀਆਂ ਹਨ ਪਰ ਵਧੇਰੇ ਜ਼ੋਰ ਮੁੱਦਿਆਂ ਅਤੇ ਇਨ੍ਹਾਂ ਮੁੱਦਿਆਂ ਨੂੰ ਸਮਝਣ-ਸਮਝਾਉਣ ਉਤੇ ਹੀ ਕੇਂਦਰਤ ਹੁੰਦਾ ਹੈ। ਅਜਿਹੀਆਂ ਫਿਲਮਾਂ ਵਿਚ ਉਮਦਾ ਅਦਾਕਾਰੀ ਦੇ ਦਰਸ਼ਨ ਵੀ ਹੁੰਦੇ ਹਨ।





ਖੱਬਿਓਂ: ਰਿਤਵਿਕ ਘਟਕ, ਅਰਵਿੰਦਨ ਗੋਵਿੰਦਨ ਤੇ ਸਈਦ ਅਖਤਰ ਮਿਰਜ਼ਾ।

# ਨੇਹਾ ਦਾ ਨੇਹੁ



ਅਦਾਕਾਰਾ ਨੇਹਾ ਧੂਪੀਆ ਨੇ ਸੋਸ਼ਲ ਮੀਡੀਆ 'ਤੇ ਆਪਣੇ ਪਰਿਵਾਰ ਨਾਲ ਗੋਆ ਵਿਚ ਬਿਤਾਈਆਂ ਛੁੱਟੀਆਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਕ ਤਸਵੀਰ ਵਿਚ ਉਸ ਦਾ ਪਤੀ ਅੰਗਦ ਬੇਦੀ, ਧੀ ਮਿਹਰ ਅਤੇ ਪੁੱਤਰ ਗੁਰਇੱਕ ਨਜ਼ਰ ਆ ਰਹੇ ਹਨ। ਉਨ੍ਹਾਂ ਖੁੱਲ੍ਹੇ-ਡੁੱਲ੍ਹੇ ਕੱਪੜੇ ਪਹਿਨੇ ਹੋਏ ਹਨ। ਇਕ ਹੋਰ ਤਸਵੀਰ ਵਿਚ ਨੇਹਾ ਆਪਣੇ ਪੁੱਤਰ ਗੁਰਇੱਕ ਨੂੰ ਗੋਦੀ ਵਿਚ ਲਈ ਬੈਠੀ ਹੈ ਅਤੇ ਉਸ ਦੇ ਪਤੀ ਅੰਗਦ ਨੇ ਆਪਣੀ ਧੀ ਮਿਹਰ ਨੂੰ ਚੁੱਕਿਆ ਹੋਇਆ ਹੈ। ਨੇਹਾ ਨੇ ਗੁਲਾਬੀ ਰੰਗ ਦੇ ਕੱਪੜੇ ਪਹਿਨੇ ਹੋਏ ਹਨ ਜਦਕਿ ਅੰਗਦ ਨੇ ਚਿੱਟੇ ਰੰਗ ਦੀ ਟੀ-ਸ਼ਰਟ ਪਾਈ ਹੋਈ ਹੈ। ਨੇਹਾ ਨੇ ਆਪਣੇ ਪੁੱਤਰ ਗੁਰਇਕ ਦੀ ਤਸਵੀਰ ਸਾਂਝੀ ਕੀਤੀ ਹੈ ਜਿਸ ਵਿਚ ਉਹ ਨਾਸ਼ਤਾ ਕਰਦਾ ਦਿਖਾਈ ਦੇ ਰਿਹਾ ਹੈ। ਅਦਾਕਾਰਾ ਨੇ ਇਸ ਤਸਵੀਰ ਦੀ ਕੈਪਸ਼ਨ ਵਿੱਚ ਲਿਖਿਆ, "ਬਰੇਕਫਾਸਟ ਕਲੱਬ...।"ਇਸ ਜੋੜੀ ਨੇ ਸਾਲ 2018 ਵਿਚ ਵਿਆਹ ਕਰਵਾਇਆ ਸੀ ਅਤੇ ਇਨ੍ਹਾਂ ਦੇ ਦੋ ਬੱਚੇ ਹਨ। ਨੇਹਾ ਧੂਪੀਆ ਦੀ ਪਿਛਲੀ ਫਿਲਮ 'ਏ ਥਰਸਡੇਅ' ਇਸੇ ਸਾਲ ਫਰਵਰੀ ਮਹੀਨੇ ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਯਾਮੀ ਗੌਤਮ ਅਤੇ ਅਤੁਲ ਕੁਲਕਰਨੀ ਵੀ ਸਨ। ਦੂਜੇ ਪਾਸੇ ਅੰਗਦ ਪਿਛਲੀ ਵਾਰ ਫਿਲਮ 'ਗੁੰਜਨ ਸਕਸੈਨਾ: ਦਿ ਕਾਰਗਿੱਲ ਵਾਰ' ਵਿਚ ਨਜ਼ਰ ਆਇਆ ਸੀ ਅਤੇ ਇਸ ਫਿਲਮ ਵਿਚ ਉਸ ਨੇ ਅਦਾਕਾਰਾ ਜਾਹਨਵੀ ਕਪੂਰ ਦੇ ਭਰਾ ਦੀ ਭੂਮਿਕਾ ਨਿਭਾਈ ਸੀ।

ੴ ਸਤਿਗੁਰ ਪ੍ਰਸਾਦਿ

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥*
*ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥*

# ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸੰਗਤਾਂ ਨੂੰ

## ਜਗਤ ਪਿਤਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਗੁਰਪੁਰਬ ਦੀ

# ਲੱਖ ਲੱਖ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**From:**
**Major Gurcharn Singh Jhaj**
**Jaidev Singh Bhattal & Sukhraj Singh Takher**
**and their families.**